ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 39 | 26 September 2018 to 02 October 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com




03 ■ ਭਾਈਚਾਰਾ
ਸਿੱਖ ਕਲਾ ਪ੍ਰਦਰਸ਼ਨੀ ਲਈ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ



11 ■ ਨਜ਼ਰੀਆ
ਕਰਤਾਰਪੁਰ ਲਾਂਘੇ ਦੇ ਮੁੱਦੇ 'ਤੇ ਭਾਰਤ ਸਰਕਾਰ ਭੱਜੀ



23 ■ ਖਾਸ ਰਿਪੋਰਟ
ਆਰਐਸਐਸ ਦੀ ਨਵੀਂ ਸਿਆਸਤ ਤੇ 2019 ਦੀਆਂ ਚੋਣਾਂ

## ਪੰਜਾਬ ਸਿਹਾਂ ਤੇਰਾ ਕੋਈ ਨਾ ਬੇਲੀ

# ਕੈਪਟਨ ਸਰਕਾਰ ਹਰ ਫਰੰਟ ਉਤੇ ਬੁਰੀ ਤਰ੍ਹਾਂ ਫੇਲ੍ਹ

- 'ਘਰ ਘਰ ਨੌਕਰੀ' ਦੀ ਉਡੀਕ 'ਚ ਨੌਜਵਾਨ 'ਬਿਰਖ' ਹੋ ਗਏ
- ਦਮਗਜ਼ੇ ਬਹੁਤ ਮਾਰੇ ਗਏ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿੱਚ ਕੈਪਟਨ ਸਰਕਾਰ ਨੂੰ ਪੂਰਾ ਡੇਢ ਸਾਲ ਪੂਰਾ ਹੋ ਚੁੱਕਾ ਹੈ, ਪਰ ਵਾਅਦੇ ਅਜੇ ਤੱਕ ਵਫ਼ਾ ਨਹੀਂ ਹੋਏ। ਸਭ ਤੋਂ ਵੱਡੇ ਮੁੱਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਉਤੇ ਵਾਜਬ ਕਾਰਵਾਈ ਕਰਨ ਤੋਂ ਸਰਕਾਰ ਪਹਿਲਾਂ ਹੀ ਅੱਖਾਂ ਫੇਰ ਗਈ ਹੈ, ਕਿਸਾਨਾਂ ਅਤੇ ਮਜ਼ਦੂਰਾਂ ਨਾਲ ਸਮੁੱਚੀ ਕਰਜ਼ਾ ਮੁਆਫ਼ੀ ਦਾ ਵਾਅਦਾ ਕੀਤਾ ਗਿਆ ਸੀ, ਪਰ ਸਰਕਾਰੀ ਖ਼ਜ਼ਾਨੇ ਦੀ ਕਮਜ਼ੋਰ ਵਿੱਤੀ ਹਾਲਤ ਦੇ ਬਹਾਨੇ ਇਹ ਮੁਆਫ਼ੀ ਸੁੰਗੜ ਕੇ ਦੋ ਲੱਖ ਤਕ ਦੀ ਰਹਿ ਗਈ। ਹੁਣ ਇਸ ਮੁੱਦੇ 'ਤੇ ਸਰਕਾਰ ਤੋਂ ਇਲਾਵਾ ਵਿਰੋਧੀਆਂ ਨੇ ਵੀ ਅੱਖਾਂ ਫੇਰ ਲਈਆਂ ਹਨ। 'ਘਰ ਘਰ ਨੌਕਰੀ' ਦੀ ਉਡੀਕ 'ਚ ਪੰਜਾਬ ਦੇ ਨੌਜਵਾਨ 'ਬਿਰਖ' ਹੋ ਗਏ ਹਨ। ਉਨ੍ਹਾਂ ਨੂੰ ਨਾ ਨੌਕਰੀ ਮਿਲੀ ਹੈ ਅਤੇ ਨਾ ਹੀ ਸਮਾਰਟ ਫ਼ੋਨ। ਡੇਢ ਵਰ੍ਹੇ ਮਗਰੋਂ ਵੀ ਕੈਪਟਨ ਸਰਕਾਰ ਬੇਰੁਜ਼ਗਾਰਾਂ ਨੌਜਵਾਨਾਂ ਦਾ ਅੰਕੜਾ ਤਿਆਰ ਕਰਨ ਵਿਚ ਉਲਝੀ ਹੋਈ ਹੈ। ਸਰਕਾਰ ਹੁਣ 'ਘਰ ਘਰ ਰੁਜ਼ਗਾਰ ਬਿਊਰੋ' ਹਰ ਜ਼ਿਲ੍ਹੇ 'ਚ ਕਾਇਮ ਕਰਨ ਦੇ ਰਾਹ ਪਈ ਹੈ, ਜਿਸ ਦਾ ਕੰਮ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦਿਵਾਉਣਾ ਹੋਵੇਗਾ। ਕੈਬਨਿਟ ਵਿਚ ਜਲਦੀ ਇਸ ਬਿਊਰੋ ਨੂੰ ਹਰੀ ਝੰਡੀ ਦਿੱਤੀ ਜਾਵੇਗੀ। ਪਹਿਲਾਂ ਜ਼ਿਲ੍ਹਾ ਪੱਧਰ ਤੇ ਫਿਰ ਤਹਿਸੀਲ ਪੱਧਰ 'ਤੇ ਇਹ ਬਿਊਰੋ ਬਣਾਏ



ਧਰਨਾ ਦਿੰਦੇ ਹੋਏ ਖੁਦਕੁਸ਼ੀ ਪੀੜਤ ਪਰਿਵਾਰਾਂ ਦੀ ਫਾਈਲ ਫੋਟੋ।

ਜਾਣਗੇ। ਡੇਢ ਵਰ੍ਹੇ ਮਗਰੋਂ ਵੀ 'ਘਰ ਘਰ ਰੁਜ਼ਗਾਰ' ਦਾ ਨਾਅਰਾ ਸਿਰਫ਼ ਮੁੱਢਲਾ ਢਾਂਚਾ ਸਥਾਪਿਤ ਕਰਨ 'ਤੇ ਅਟਕਿਆ ਹੋਇਆ ਹੈ। ਜੇਕਰ ਪੰਜਾਬ 'ਚ 'ਘਰ ਘਰ ਨੌਕਰੀ' ਪੁੱਜਦੀ ਤਾਂ ਅੱਜ ਨੌਜਵਾਨੀ ਹਵਾਈ ਅੱਡਿਆਂ 'ਤੇ ਨਹੀਂ ਖੜ੍ਹੀ ਹੋਣੀ ਸੀ। ਕਾਂਗਰਸ ਸਰਕਾਰ ਨੇ ਜਵਾਨੀ ਦਾ ਭਰੋਸਾ ਤੋੜਿਆ ਹੈ। ਹੋਰ ਤਾਂ ਹੋਰ ਕੌਮਾਂਤਰੀ ਨੌਕਰੀ ਮੇਲਾ ਵੀ ਨੌਜਵਾਨਾਂ ਦੀ ਬਾਂਹ ਨਹੀਂ ਫੜ ਸਕਿਆ। ਲੁਧਿਆਣਾ ਤੇ ਮੁਹਾਲੀ ਦੇ ਵੱਡੇ ਨੌਕਰੀ ਮੇਲੇ ਵੀ ਰੁਜ਼ਗਾਰ ਨਾ ਵੰਡ ਸਕੇ। ਸਰਕਾਰ ਦਾ ਨਵਾਂ ਫੰਡਾ ਹੈ ਕਿ ਹਰ ਪਿੰਡ 'ਚੋਂ 10 ਗ਼ਰੀਬ ਨੌਜਵਾਨਾਂ ਨੂੰ ਨੌਕਰੀ

ਬਾਕੀ ਸਫ਼ਾ 29 'ਤੇ

## ਕੈਪਟਨ ਨਸ਼ਾ ਤਸਕਰੀ ਖ਼ਤਮ ਕਰਨ ਦੀ ਸਹੁੰ ਖਾ ਕੇ 'ਮੁੱਕਰੇ'

ਸਾਲ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿੱਚ ਕੀਤੀ ਇੱਕ ਵੱਡੀ ਜਨਤਕ ਰੈਲੀ ਦੌਰਾਨ 'ਪਵਿੱਤਰ ਗੁਟਕਾ ਸਾਹਿਬ' ਹੱਥ ਵਿੱਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿੱਚ 4 ਹਫ਼ਤਿਆਂ 'ਚ ਕਾਬੂ ਪਾ ਲਵੇਗੀ। ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ 78 ਹਫ਼ਤਿਆਂ (ਡੇਢ ਸਾਲ) ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ। ਪੰਜਾਬ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਏ



ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ 'ਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਰ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫ਼ੀਮ, ਨਸ਼ੀਲੀਆਂ ਗੋਲੀਆਂ ਅਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਆਧਾਰ 'ਤੇ ਪੰਜਾਬ ਦੀ ਇਸ ਵੱਡੀ ਸਮੱਸਿਆ ਨੂੰ ਦੱਬਣ ਦੇ ਅਕਸਰ ਯਤਨ ਕੀਤੇ ਜਾਂਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੀ ਵੱਡੀ ਮੱਛੀ ਨੂੰ ਹੱਥ ਪਾਉਣ ਵਿੱਚ ਕਾਮਯਾਬ ਨਾ ਹੋ ਸਕੀ। ਸਰਕਾਰ ਵੱਲੋਂ ਐੱਸਟੀਐੱਫ ਦੇ ਗਠਨ ਨੂੰ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚ ਤਾਂ ਮੰਨਿਆ ਜਾਂਦਾ ਸੀ ਪਰ ਤਸਕਰੀ ਰੋਕਣ ਲਈ ਬਣਾਏ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਪੁਲੀਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲੀਸ ਅਧਿਕਾਰੀਆਂ ਦੀ ਹਾਊਮੈ ਦੀ ਭੇਟ ਚੜ੍ਹ ਕੇ ਰਹਿ ਗਿਆ।

## ਦਿੱਲੀ ਸਿੱਖ ਕਤਲੇਆਮ ਦੀ ਇਕ ਹੋਰ ਗਵਾਹ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਚਾਮ ਕੌਰ ਤੋਂ ਬਾਅਦ ਹੁਣ ਨਵੰਬਰ 1984 ਸਿੱਖ ਕਤਲੇਆਮ ਨਾਲ ਸਬੰਧਤ ਕੇਸ ਦੀ ਮੁੱਖ ਗਵਾਹ ਪੋਪਲੀ ਕੌਰ ਨੂੰ ਵੀ ਕਥਿਤ ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਹ ਗਵਾਹ ਪੋਪਲੀ ਕੌਰ ਉਹ ਹੈ, ਜੋ ਤਿਲਕ ਨਗਰ ਰਹਿੰਦੀ ਹੈ। ਇਥੇ ਹੀ ਇਹ ਰੋਜ਼ੀ-ਰੋਟੀ ਲਈ ਰੇਹੜੀ ਲਾਉਂਦੀ ਹੈ।

ਉਸ ਦੀ ਰੇਹੜੀ ਵਾਲੀ ਥਾਂ 'ਤੇ ਇਕ ਦੁਕਾਨ ਦੀ ਕੰਧ ਉੱਤੇ ਚਿੱਟੇ ਰੰਗ ਦੇ ਕਾਗਜ਼ ਉਪਰ ਹੱਥ ਨਾਲ ਲਿਖਿਆ ਹੋਇਆ ਧਮਕੀ ਪੱਤਰ ਮਿਲਿਆ ਹੈ। ਇਸ ਉਤੇ ਲਿਖਿਆ ਸੀ ਕਿ ਉਹ ਗਵਾਹੀ ਬਦਲ ਲਵੇ। ਕਾਗਜ਼ 'ਤੇ ਹਿੰਦੀ ਵਿੱਚ ਲਿਖਿਆ, 'ਏਕ ਕੋ ਤੋ ਭਗਵਾਨ ਨੇ ਲੇ ਲੀਆ ਦੂਸਰੇ ਕੋ ਕਿਆ ਜਾਨ ਸੇ ਮਰਵਾਨਾ ਚਾਹਤੀ ਹੋ, ਗਵਾਹੀ ਬਦਲ ਡਾਲ' (ਇੱਕ ਨੂੰ ਤਾਂ ਭਗਵਾਨ ਨੇ ਖੋਹ ਲਿਆ ਤੇ ਦੂਜੇ ਨੂੰ ਕੀ ਜਾਨ ਤੋਂ ਮਰਵਾਉਣਾ ਚਾਹੁੰਦੀ ਹੈਂ, ਗਵਾਹੀ ਬਦਲ ਦੇ।) ਇਹ ਔਰਤ ਤਿਲਕ ਨਗਰ ਵਿੱਚ ਸ਼ਾਮ ਨੂੰ ਮੀਟ ਦੀ ਦੁਕਾਨ ਲਾ ਕੇ ਪਰਿਵਾਰ ਦਾ

ਬਾਕੀ ਸਫ਼ਾ 29 'ਤੇ

## ਸਿੰਘਾਂ ਵੱਲੋਂ ਭੂਤਰੇ ਨਿਸ਼ਾਂਤ ਦਾ ਜੇਲ੍ਹ ਵਿਚ ਕੁਟਾਪਾ

**ਰੂਪਨਗਰ/ਬਿਊਰੋ ਨਿਊਜ਼ :**
ਪੰਜਾਬ ਦੇ ਰੂਪਨਗਰ ਦੀ ਜੇਲ੍ਹ ਵਿਚ ਬੰਦ ਖਾੜਕੂ ਸਿੰਘ ਰਮਨਦੀਪ ਸਿੰਘ ਬੱਗਾ ਉਰਫ ਕਨੇਡੀਅਨ ਅਤੇ ਬਹਾਦਰ ਸਿੰਘ ਤੇ ਬਾਲਪ੍ਰੀਤ ਨੇ ਪੰਥ ਦੋਖੀ ਸ਼ਿਵ ਸੈਨਾ ਹਿੰਦ ਦੇ ਆਪੇ ਬਣੇ ਕੌਮੀ ਪ੍ਰਧਾਨ ਨਿਸ਼ਾਂਤ ਸ਼ਰਮਾ ਨੂੰ ਕੁਟਾਪਾ ਚਾੜ੍ਹ ਦਿੱਤਾ ਹੈ। ਨਿਸ਼ਾਂਤ ਧੋਖਾਧੜੀ ਦੇ ਕੇਸ ਵਿਚ ਚਾਰ ਸਾਲ ਦੀ ਸਜ਼ਾ ਹੋਣ ਤੋਂ ਬਾਅਦ ਇਕ ਦਿਨ ਪਹਿਲਾਂ ਹੀ ਜ਼ਿਲ੍ਹਾ ਜੇਲ੍ਹ ਰੂਪਨਗਰ 'ਚ ਬੰਦ ਹੋਇਆ ਸੀ। ਮਿਲੀ ਜਾਣਕਾਰੀ ਮੁਤਾਬਕ ਲੁਧਿਆਣਾ ਦੇ ਆਰਐੱਸਐੱਸ ਆਗੂ ਰਵਿੰਦਰ ਗੁਸਾਈਂ ਨੂੰ ਸੋਧਾ ਲਾਉਣ ਦੇ ਕੇਸ ਵਿਚ ਜੇਲ੍ਹ 'ਚ ਬੰਦ ਭਾਈ ਰਮਨਦੀਪ ਸਿੰਘ ਬੱਗਾ ਉਰਫ ਕਨੇਡੀਅਨ ਨੇ ਆਪਣੇ ਦੋ ਸਾਥੀਆਂ ਨਾਲ ਨਿਸ਼ਾਂਤ ਦੀ ਚੰਗੀ ਭੁਗਤ ਸੰਵਾਰੀ। ਸਿੰਘਾਂ ਦੇ ਹਮਲੇ ਵਿਚ ਨਿਸ਼ਾਂਤ ਦੇ ਹੱਥ, ਮੌਢੇ ਅਤੇ ਛਾਤੀ 'ਤੇ ਸੱਟਾਂ ਵੱਜੀਆਂ ਹਨ। ਇਹ ਹਮਲਾ ਸਵੇਰੇ 8.45 ਵਜੇ ਉਸ ਸਮੇਂ ਕੀਤਾ ਗਿਆ ਜਦੋਂ ਨਿਸ਼ਾਂਤ ਆਪਣੀ ਚੱਕੀ ਵਿੱਚ ਸੌਂ ਰਿਹਾ ਸੀ। ਭਾਈ ਰਮਨਦੀਪ ਸਿੰਘ ਬੱਗਾ ਆਪਣੇ ਦੋ ਸਾਥੀਆਂ ਬਹਾਦਰ ਸਿੰਘ ਅਤੇ ਬਾਲਪ੍ਰੀਤ ਨਾਲ ਆਇਆ ਅਤੇ ਚੱਕੀ ਦੇ ਦਰਵਾਜ਼ਿਆਂ ਦੇ ਜਿੰਦਰੇ ਅਤੇ ਕੁੰਡੇ ਤੋੜ ਕੇ ਤਿੰਨੋਂ ਅੰਦਰ ਦਾਖ਼ਲ ਹੋ ਗਏ।



ਬਾਕੀ ਸਫ਼ਾ 29 'ਤੇ



















SHAHEED BABA DEEP SINGH SPORTS ACADEMY SACRAMENTO
AND CALIFORNIA KABADDI FEDERATION OF USA ANNOUCING
INTERNATIONAL KABADDI CUP
ਇੰਟਰਨੈਸ਼ਨਲ ਕਬੱਡੀ ਕੱਪ 2018
GURDWARA SAHIB BRADSHAW ROAD
Sikh Temple, 7676 Bradshaw Rd. Sacramento CA 95829
2018
Sunday, October 7th, 2018
2018
8 ਗੋਲਡ ਮੈਡਲਾਂ ਨਾਲ ਵਿਸ਼ੇਸ਼ ਸਨਮਾਨ ਕੀਤੇ ਜਾਣਗੇ।
Baljit Sandhu
Teerath Gakhal
Pala Jalalpur
Sandeep Ambian
Dulla
Khushi
Mangi
Sultan
8 Gold Medals will be Awarded
PRIZE FOR OPEN
1st Prize $15,000
2nd Prize $14,000
3rd Prize $11,000
4th Prize $10,000
ਇਨਾਮਾਂ ਦਾ ਵੇਰਵਾ ਕਬੱਡੀ ਓਪਨ
» ਪਹਿਲਾ ਇਨਾਮ
Charda Punjab Club, Sacrmento
ਦੂਜਾ ਇਨਾਮ
ਤੀਜਾ ਇਨਾਮ
RUMMY CHEEMA WHITE LOTUS
SONY KANG
SAM CHAHAL
PAUL DHALIWAL
REBEL ENTERTAINMENT
ਚੌਥਾ ਇਨਾਮ
GARY TOOR
TIRTH TOOR
HARJIT SWAICH
MANJIT SANDHAR
SARDOOL DHILLON
SALVINDER GILL
COMMENTARY
TIGHT SECURITY
ਸ਼ਰਤਾਂ ਦੇ ਨਿਯਮ :
ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ.ਐਸ.ਏ. ਵੱਲੋਂ ਬਣੇ ਨਿਯਮ ਅਤੇ ਸ਼ਰਤਾਂ ਸਮੂਹ ਟੀਮਾਂ ਅਤੇ ਖਿਡਾਰੀਆਂ ਤੇ ਲਾਗੂ ਹੋਣਗੀਆਂ।
ਸਮੂਹ ਭਾਈਚਾਰੇ ਨੂੰ ਬੇਨਤੀ ਹੈ ਕਿ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੋਰ ਰਹੇ ਖੇਡ ਮੇਲੇ ਦੌਰਾਨ ਕੋਈ ਨਸ਼ਾ ਜਾਂ ਹਥਿਆਰ ਲੈ ਕੇ ਆਉਣਾ ਸਖਤ ਮਨ੍ਹਾਂ ਹੈ।
Kabaddi Clubs California
» Bay Area Sports Club
» Center Vally Sports Club
» Fateh Sports Club
» Shaheed Baba Deep Singh Sports Club
ਪੰਜਾਬ ਮੇਲ
LIVE KABADDI
ਅਜੀਤ
PRIZE FOR UNDER 25
1st Prize $3100
1st Prize $2100
Kash Dhesi
MOUNTAIN MIKE'S
CHICAGO'S PIZZA With-A-Twist
PRIZE FOR UNDER 21
1st Prize $2100
1st Prize $1500
Bhinda Sanghera
Lucky Sahota
Khushi Dirba
Lakha Kothe Jattan
Dulla Bagga Pind
Pawan Dhillon
Yogi Haryana
Gurpreet Burj Hari
Gurlal Ghanour
Sandeep Ludhar
Pali Fatehgarh Cheema
Sultan
Mangi Bagga Pind
Ruby Harkhowal
Jatinder Bains
Pala Jalalpur
Sandeep Surkhpur
Sethi Harkhowal
Bana Dhaliwal
Sandeep Mangal Ambia
Jesse Sahota
Sattu Khadoor Sahib
Yadda Surkhpur
Jesus & Jero
Amrit Duggan
Sukha Bhandal
Pamma Jhandeir
Yaad Kotli
Happy Simply Sahib
Maninder Kishanpura
Bhoora
Jagga Randhawa
Teji Punia
Junni Gill
Resham Jamaral
Channa Bheta
PLATINUM SPONSORS & WELL WISHERS
Shaheed Baba Deep Singh Sport Academy Sacramento CA
Gope
Avtar Dhillon
G Khehra
Balkar Liddar
ਲੰਗਰ ਸੇਵਾ ਗਰੁੱਪ
Rupinder Grewal (GTI)
Sardara Kalotia
Bittay Giran
Amrik Khela
Roger Saini
SHAHEED BABA DEEP SINGH SPORTS ACADEMY MEMBERS
Pargat Sandhu
Gurmit Wraich
Tarlochan Atwal
Davinder Singh
Lakhvir Singh Aujla
Narinder Thandi
Balwinder Sandhu
Pindi Sandhu
Pamma Lidhar
Inder
Happy Aulakh
Ginda Palwan
Bhinda Chahal
Ladda Kahlon
Happy Bariana
Bittu Randhawa
Harry Sangha
Randhir Singh Nijjar
Goldy Lally
Paul Bariana
Sukh Kular
Hardeep Dhindsa
Gurjit Deol
Pardeep Variana
Kulwinder Singh
Design & Print QUIK SIGNS *661-703-8795 *661-900-7357 WWW.QUIKSIGNS.US
FOR MORE INFO : HAPPY BARIANA 916-240-4110, RANDHIR SINGH NIJJAR 916-416-9527

# ਸਿੱਖ ਕਲਾ ਪ੍ਰਦਰਸ਼ਨੀ ਲਈ ਲੋਕਾਂ ਨੇ ਭਾਰੀ ਉਤਸ਼ਾਹ ਦਿਖਾਇਆ








**ਨਿਊਆਰਕ/ਬਲਵਿੰਦਰਪਾਲ ਸਿੰਘ ਖਾਲਸਾ :** ਸੈਨ ਫਰਾਂਸਿਸਕੋ ਬੇ-ਏਰੀਏ ਦੇ ਸ਼ਹਿਰ ਨਿਊਆਰਕ ਵਿਚ ਪਹਿਲੀ ਵਾਰ ਲਾਈ ਗਈ ਸਿੱਖ-ਕਲਾ ਪ੍ਰਦਰਸ਼ਨੀ ਨੂੰ ਵੇਖਣ ਲਈ ਦੂਰੋਂ-ਨੇੜਿਓਂ ਲੋਕਾਂ ਵਿਚ ਭਾਰੀ ਉਤਸ਼ਾਹ ਪਾਇਆ ਗਿਆ।

ਇਸ ਕਲਾ ਪ੍ਰਦਰਸ਼ਨੀ ਨੂੰ ਵੇਖਣ ਲਈ ਲਾਸ ਏਂਜਲਸ, ਬੇਕਰਜ਼ਫੀਲਡ, ਟਰਲਕ, ਮੋਡੈਸਟੋ-ਸੀਰੀਜ਼ ਤੋਂ ਵੀ ਸਿੱਖ ਸੰਗਤਾਂ ਪਹੁੰਚੀਆਂ। ਇਸ ਕਲਾ ਪ੍ਰਦਰਸ਼ਨੀ ਦੌਰਾਨ ਖਰੀਦੋ-ਫਰੋਖਤ ਦਾ ਪ੍ਰਬੰਧ ਹਜ਼ੂਰ ਆਰਟ ਵੱਲੋਂ ਕਰਵਾਇਆ ਗਿਆ ਸੀ, ਜਿਸ ਦੇ ਸੰਚਾਲਕ ਭਾਈ ਸਨਮਿਤ ਸਿੰਘ, ਮੈਰੀਲੈਂਡ ਸੂਬੇ ਤੋਂ ਆਏ ਸਨ।

ਇਸ ਪ੍ਰਦਰਸ਼ਨੀ ਵਿਚ 16 ਵੱਖ-ਵੱਖ ਖੇਤਰਾਂ ਦੇ ਕਲਾਕਾਰ ਪਹੁੰਚੇ, ਜਿਨ੍ਹਾਂ ਵਿਚ ਸਨਮਿਤ ਸਿੰਘ, ਅਮਰਜੀਤ ਕੌਰ, ਅਜ਼ਾਦ ਸਿੰਘ, ਹਰਮੀਤ ਕੌਰ ਖੇਲਾ, ਜਸਮੀਤ ਕੌਰ, ਨਵਰਾਜ ਕੌਰ, ਲਵਲੀਨ ਕੌਰ, ਮਹਿਤਾਬ ਕੌਰ, ਨੀਲਾ ਕਲੈਕਟਿਵ, ਨੀਤ ਕੌਰ, ਰਮਨ ਸਿੰਘ, ਰੂਪੀ ਕਲੋਟੀ, ਰੂਪੀ ਸੀ-ਟੁੱਟ, ਸਰਬਜੀਤ ਸਿੰਘ, ਸਨਰੂਪ ਕੌਰ ਤੇ ਤਾਨੀਆ ਮੋਮੀ ਦੇ ਨਾਂ ਸ਼ਾਮਲ ਹਨ। ਇਥੇ ਪ੍ਰਦਰਸ਼ਿਤ ਕਲਾਵਾਂ ਵਿਚ ਕੱਪੜੇ, ਐਕਰਾਈਲਿਕ ਪੇਂਟਿਗਜ਼, ਡਿਜ਼ੀਟਲ, ਆਇਲ, ਟੈਕਸਟਾਈਲ



ਆਰਟ, ਕਾਲੀ ਸਿਆਹੀ ਤੇ ਰੰਗਦਾਰ ਪੇਂਟਿੰਗਜ਼ ਤੇ ਪੁਰਾਤਨ ਕਲਾ ਤੇ ਇਤਿਹਾਸਕ ਹਥਿਆਰ ਆਦਿ ਸ਼ਾਮਲ ਸਨ।

ਇਸ ਪ੍ਰਦਰਸ਼ਨੀ ਵਿਚ ਖਾਲਿਸਤਾਨ ਲਈ ਸਿੱਖ ਸੰਘਰਸ਼ ਵਿਚ ਸ਼ਹੀਦੀਆਂ ਹਾਸਲ ਕਰਨ ਵਾਲੇ ਯੋਧਿਆਂ ਦੀਆਂ ਹੱਥ ਨਾਲ ਬਣਾਈਆਂ ਤਸਵੀਰਾਂ ਵੀ ਸ਼ਾਮਲ ਸਨ। ਰੂਪੀ ਸੀ ਟੁੱਟ ਦੁਆਰਾ ਗੁਰਬਾਣੀ ਦੀ ਹੱਥ ਲਿਖਤ ਵੇਖਣ ਵਾਲੀ ਸੀ। ਵੱਖ-ਵੱਖ ਇਤਿਹਾਸਕ ਗੁਰਦੁਆਰਿਆਂ ਦੇ ਨੈਣ ਨਕਸ਼ ਕਮਾਲ ਦੇ ਖਿੱਚੇ ਗਏ ਸਨ। ਬਹੁਤੇ ਕਲਾਕਾਰ ਨੌਜਵਾਨ ਅਮਰੀਕੀ ਸਿੱਖ ਸਨ ਤੇ ਸਭ ਤੋਂ ਘੱਟ ਉਮਰ ਦੀ ਕਲਾਕਾਰ 13 ਸਾਲ ਦੀ ਸੀ, ਜਿਸ ਵਿਚ ਅਥਾਹ ਕਲਾਕਾਰੀ ਵੇਖਣ ਨੂੰ ਮਿਲੀ। ਇਸ ਕੁੜੀ ਤੋਂ ਭਵਿੱਖ ਵਿਚ ਬਹੁਤ ਸਾਰੀਆਂ ਉਮੀਦਾਂ ਹਨ ਕਿ ਜ਼ਰੂਰ ਹੀ ਇਹ ਬੱਚੀ ਸਿੱਖ ਕਲਾ ਦੇ ਖੇਤਰ ਵਿਚ ਲੰਮੇ ਪੈਂਡੇ ਤਹਿ ਕਰੇਗੀ। ਬਜ਼ੁਰਗਾਂ ਦੇ ਨੈਣ ਨਕਸ਼ ਚਿਤਰਣ ਲੱਗਿਆਂ ਕਮਾਲ ਦੀ ਕਲਾਕਾਰੀ ਦਾ ਅਹਿਸਾਸ ਹੋਇਆ। ਦਸਤਾਰ ਦੇ ਹਰ ਪੇਚ ਵਿਚ ਗੁਰਬਾਣੀ ਦਾ ਚਿਤਰਣ ਤਾਂ ਵੇਖਣ ਹੀ ਵਾਲਾ ਸੀ। ਪ੍ਰਦਰਸ਼ਨੀ ਦੌਰਾਨ ਹੀ ਸ਼ਾਨ ਸਿੰਘ ਰਬਾਬੀ ਤੇ ਜੁਝਾਰ ਸਿੰਘ ਤਬਲਚੀ ਨੇ ਬੰਦਿਸ਼ ਪੇਸ਼ ਕਰਕੇ ਲੋਕਾਂ ਦੀ ਵਾਹਵਾ ਖੱਟੀ। ਨਿਊਜਰਸੀ ਤੋਂ ਆਏ ਤੇਗਬੀਰ ਸਿੰਘ ਨੇ ਦਿਲਰੁਬਾ ਅਤੇ ਤਬਲੇ ਉਤੇ ਜੁਝਾਰ ਸਿੰਘ ਨਾਲ ਮਿਲ ਕੇ ਬੰਦਿਸ਼ ਪੇਸ਼ ਕਰਕੇ ਕਮਾਲ ਕੀਤਾ।

ਕਲਾਕਾਰਾਂ ਨੇ ਆਪ ਹੀ ਆਪਣੀਆਂ ਕਲਾਕ੍ਰਿਤਾਂ ਦੀ ਵਿੱਕਰੀ ਕੀਤੀ। ਲੋਕਾਂ ਨੇ ਕਈ ਹਜ਼ਾਰ ਡਾਲਰਾਂ ਦੀਆਂ ਕਲਾਕ੍ਰਿਤਾਂ ਖਰੀਦੀਆਂ ਅਤੇ ਦੁਬਾਰਾ ਫੇਰ ਅਜਿਹੇ ਯਤਨ ਕਰਨ ਲਈ ਕਲਾਕਾਰਾਂ ਦਾ ਹੌਸਲਾ ਵੀ ਵਧਾਇਆ।

ਪ੍ਰਦਰਸ਼ਨੀ ਵੇਖਣ ਪਹੁੰਚੇ ਅਮਰੀਕੀ ਸਿੱਖ ਨੌਜਵਾਨਾਂ ਵਿਚ ਬਹੁਤ ਉਤਸ਼ਾਹ ਨਜ਼ਰ ਆਇਆ। ਗੁਰਦੁਆਰਾ ਸਾਹਿਬ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਹਰਮਿੰਦਰ ਸਿੰਘ ਪਰਿਵਾਰ ਸਮੇਤ ਪਹੁੰਚੇ ਤੇ ਉਨ੍ਹਾਂ ਸਿੱਖ ਕਲਾ ਪਰਦਰਸ਼ਨੀ ਲਈ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਸੁਪਰੀਮ ਕੌਂਸਲ ਦੇ ਦੂਜੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਤੇ ਹੋਰ ਕਮੇਟੀ ਮੈਂਬਰਾਂ ਨੇ ਵੀ ਪਹੁੰਚ ਕਰਕੇ ਅਜਿਹੀਆਂ ਕੋਸ਼ਿਸ਼ਾਂ ਦੀ ਸਰਾਹਨਾ ਕੀਤੀ। ਗੁਰਦੁਆਰਾ ਸਿੰਘ ਸਭਾ ਮਿਲਪੀਟਸ ਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਜਸਵੰਤ ਸਿੰਘ ਹੋਠੀ ਤੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਵੀ ਸਿੱਖ ਕਲਾ ਨੂੰ ਨੁਮਾਇਸ਼ ਵਜੋਂ ਪੇਸ਼ ਕਰਨ ਲਈ ਹਜ਼ੂਰ ਆਰਟ ਦੇ ਸੰਚਾਲਕ ਸਨਮਿਤ ਸਿੰਘ ਦੀ ਹੌਸਲਾ ਅਫਜ਼ਾਈ ਕੀਤੀ। ਪ੍ਰਸਿੱਧ ਅਖਬਾਰ ਅੰਮ੍ਰਿਤਸਰ ਟਈਮਜ਼ ਦੇ ਸੰਚਾਲਕ ਤੇ ਖਾਲਸਾ ਰਾਜ ਉਤੇ ਬਣੀ ਮਸ਼ਹੂਰ ਤੇ ਕਾਮਯਾਬ ਫਿਲਮ "ਦ ਬਲੈਕ ਪ੍ਰਿੰਸ" ਦੇ ਨਿਰਮਾਤਾ ਜਸਜੀਤ ਸਿੰਘ ਨੇ ਵੀ ਨੁਮਾਇਸ਼ ਲਈ ਕੀਤੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਸਿੱਖ ਕਲਾ ਵਾਂਗ ਹੀ ਵੱਖ-ਵੱਖ ਖੇਤਰਾਂ ਵਿਚ ਹਿੱਸਾ ਲੈਣਾ ਚਾਹੀਦਾ ਹੈ। ਯੂਨੀਅਨ ਸਿਟੀ ਦੇ ਸਕੂਲ ਬੋਰਡ ਮੈਂਬਰ ਬੀਬੀ ਸਰਬਜੀਤ ਕੌਰ ਅਤੇ ਉਨਾਂ ਪਤੀ ਪ੍ਰੋ. ਪ੍ਰੀਤਮ ਸਿੰਘ ਨੇ ਵੀ ਸਿੱਖ ਕਲਾ ਪ੍ਰਦਰਸ਼ਨੀ ਨੂੰ ਸਲਾਹਿਆ। ਖਾਲਿਸਤਾਨ ਦੇ ਸ਼ਹੀਦ ਪਰਿਵਾਰਾਂ ਨੇ ਵੀ ਸਿੱਖ ਕਲਾ ਦੀ ਨੁਮਾਇਸ਼ ਵਿਚ ਕਾਫੀ ਦਿਲਚਸਪੀ ਜ਼ਾਹਰ ਕੀਤੀ ਤੇ ਇਸ ਦੀ ਪ੍ਰਸੰਸਾ ਕੀਤੀ। ਸਿੱਖ ਆਰਟ ਦੇ ਸੰਚਾਲਕ ਭਾਈ ਸਨਮਿਤ ਸਿੰਘ ਨੇ ਸਿੱਖ ਕਲਾ ਵਿਚ ਇਲਾਕੇ ਦੇ ਲੋਕਾਂ ਦੀ ਦਿਲਚਸਪੀ ਲਈ ਸਭ ਦਾ ਧੰਨਵਾਦ ਕੀਤਾ ਤੇ ਇਸ ਪ੍ਰਦਰਸ਼ਨੀ ਦੀ ਕਾਮਯਾਬੀ ਉਤੇ ਸੰਤੁਸ਼ਟੀ ਜ਼ਾਹਰ ਕੀਤੀ। ਸੀਨੀਅਰ ਪੱਤਰਕਾਰ ਦਲਜੀਤ ਸਿੰਘ ਸਰਾਂ ਵੀ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨੀ ਵੇਖਣ ਆਏ। ਉਨਾਂ ਵੀ ਅਜਿਹੇ ਯਤਨਾਂ ਦੀ ਭਰਪੂਰ ਸ਼ਲਾਘਾ ਕੀਤੀ।



# ਓਰੇਗਨ ਸੂਬੇ ਦੀ ਸ਼ੇਰੀਡਨ ਜੇਲ 'ਚ ਬੰਦ ਪੰਜਾਬੀਆਂ ਸਣੇ 123 ਨੌਜਵਾਨਾਂ ਨੂੰ ਮਿਲੀ ਜ਼ਮਾਨਤ



**ਨਿਊਯਾਰਕ/ਰਾਜ ਗੋਗਨਾ :** ਪਿਛਲੇ ਕਾਫ਼ੀ ਮਹੀਨਿਆਂ ਤੋਂ ਅਮਰੀਕਾ ਦੀ ਸਰਹੱਦ ਨੂੰ ਗੈਰ-ਕਾਨੂੰਨੀ ਢੰਗ ਨਾਲ ਪਾਰ ਕਰਨ ਵਾਲੇ 52 ਭਾਰਤੀ ਪੰਜਾਬੀਆਂ ਸਣੇ 123 ਦੇ ਕਰੀਬ ਨੌਜਵਾਨਾਂ ਨੂੰ ਓਰੇਗਨ ਸੂਬੇ ਦੇ ਸ਼ਹਿਰ ਸ਼ੈਰੀਡਨ ਦੀ ਜੇਲ 'ਚੋਂ ਜ਼ਮਾਨਤ ਮਿਲ ਗਈ ਹੈ। ਕੁਝ ਪੰਜਾਬੀ ਮੂਲ ਦੇ ਨੌਜਵਾਨਾਂ ਨੂੰ ਪਹਿਲਾਂ ਹੀ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਸੀ, ਬਾਕੀ ਰਹਿੰਦੇ ਸਾਰੇ ਨੌਜਵਾਨਾਂ ਨੂੰ ਜੱਜ ਨੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਹੈ। ਹੁਣ ਇਹ ਅਮਰੀਕਾ 'ਚ ਰਹਿ ਕੇ ਆਪਣਾ ਕੇਸ ਲੜਨਗੇ ਅਤੇ ਕਾਨੂੰਨੀ ਤਰੀਕੇ ਨਾਲ ਆਪਣਾ ਕੰਮ-ਕਾਰ ਵੀ ਕਰ ਸਕਣਗੇ।

ਗੌਰਤਲਬ ਹੈ ਕਿ 'ਇਨੋਵੇਸ਼ਨ ਲਾਅ ਲੈਬ' ਦੇ ਵਕੀਲਾਂ ਨੇ ਦਿਨ-ਰਾਤ ਮਿਹਨਤ ਕਰਕੇ ਮੁਫਤ 'ਚ ਇਨ੍ਹਾਂ ਸਾਰੇ ਨੌਜਵਾਨਾਂ ਦੀਆਂ ਫਾਈਲਾਂ ਤਿਆਰ ਕਰਕੇ ਜੱਜ ਅੱਗੇ ਪੇਸ਼ ਕੀਤੀਆਂ। ਕਾਨੂੰਨੀ ਸੇਵਾਵਾਂ ਦੇਣ ਵਾਲੀ ਕੰਪਨੀ 'ਇਨੋਵੇਸ਼ਨ ਲਾਅ ਲੈਬ' ਦੀਆਂ ਇਹ ਸਾਰੀਆਂ ਹੀ ਫਾਈਲਾਂ ਮਾਣਯੋਗ ਜੱਜ ਨੇ ਮਨਜ਼ੂਰ ਕਰ ਲਈਆਂ ਹਨ।

ਕੰਪਨੀ ਦੇ ਫਾਊਂਡਰ ਮਿਸਟਰ ਸਟੀਫਨ ਨੇ ਇਕ ਸ਼ਾਨਦਾਰ ਪਾਰਟੀ ਕੀਤੀ, ਜਿਸ ਵਿਚ 123 ਨੌਜਵਾਨਾਂ ਦੀ ਰਿਹਾਈ 'ਤੇ ਖ਼ੁਸ਼ੀ ਪ੍ਰਗਟ ਕੀਤੀ ਗਈ। ਜ਼ਿਕਰਯੋਗ ਹੈ ਕਿ ਇੱਥੋਂ ਦੇ ਪ੍ਰਸਿੱਧ ਕਾਰੋਬਾਰੀ ਤੇ ਗਦਰ ਮੈਮੋਰੀਅਲ ਫਾਊਂਡੇਸ਼ਨ ਅਤੇ ਓਰੇਗਨ ਦੀ ਸਿੱਖ ਸੇਵਾ ਫਾਊਂਡੇਸ਼ਨ ਦੇ ਪ੍ਰਧਾਨ ਸ. ਬਹਾਦਰ ਸਿੰਘ ਸੈਲਮ ਦੇ ਵਿਸ਼ੇਸ਼ ਉਪਰਾਲੇ ਅਤੇ ਕੰਪਨੀ ਨਾਲ ਦੋ ਭਾਸ਼ੀਏ ਦਾ ਕੰਮ ਕਰਨ ਵਾਲੀ ਭਾਰਤੀ ਮੂਲ ਦੀ ਨਵਨੀਤ ਕੌਰ ਦਾ ਵੀ ਇੱਥੇ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਸ. ਬਹਾਦਰ ਸਿੰਘ ਸੈਲਮ ਨੇ ਪੰਜਾਬ 'ਚ ਵਸਦੇ ਸਮੂਹ ਮਾਪਿਆਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਰਸਤੇ ਹੀ ਅਮਰੀਕਾ 'ਚ ਭੇਜਣ ਤਾਂ ਕਿ ਉਹ ਕਿਸੇ ਕੇਸ 'ਚ ਨਾ ਫਸ ਸਕੇ। ਅਮਰੀਕਾ 'ਚ ਵਸਦੇ ਪੰਜਾਬੀ ਭਾਈਚਾਰੇ ਨੇ ਵੀ ਸਮਾਜ ਸੇਵਕ ਸ. ਬਹਾਦਰ ਸਿੰਘ ਸੈਲਮ ਦੇ ਇਸ ਉਦਮ ਦੀ ਕਾਫ਼ੀ ਸ਼ਲਾਘਾ ਕੀਤੀ ਜਾ ਰਹੀ ਹੈ।

# ਐਸਜੀਪੀਸੀ ਵੱਲੋਂ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦੇ ਉਪਰਾਲੇ : ਡਾ. ਸਰੋਆ



**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਈ ਗੁਰਮਤਿ ਪ੍ਰਚਾਰ ਲਹਿਰ ਤਹਿਤ ਨੌਜਵਾਨਾਂ ਅਤੇ ਬੱਚਿਆਂ ਨੂੰ ਸਿੱਖੀ ਨਾਲ ਜੋੜਿਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਵਧੀਕ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡਾ. ਪਰਮਜੀਤ ਸਿੰਘ ਸਰੋਆ ਦੋਆਬਾ ਜ਼ੋਨ ਨੇ ਆਪਣੀ ਅਮਰੀਕਾ ਫੇਰੀ ਦੌਰਾਨ ਕੀਤਾ। ਉਹਨਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਮੱਦੇਨਜ਼ਰ ਘਰ-ਘਰ ਪਹੁੰਚ ਕਰਨ ਲਈ ਪੰਜਾਬ ਨੂੰ ਤਿੰਨ ਜ਼ੋਨਾਂ ਦੋਆਬਾ, ਮਾਝਾ ਅਤੇ ਮਾਲਵਾ ਵਿੱਚ ਵੰਡਿਆ ਗਿਆ ਹੈ। ਦੋਆਬਾ ਜ਼ੋਨ ਵਿੱਚ ਹੁਸ਼ਿਆਰਪੁਰ, ਨਵਾਂਸ਼ਹਿਰ, ਰੋਪੜ, ਮੋਹਾਲੀ ,ਚੰਡੀਗੜ੍ਹ, ਫ਼ਤਹਿਗੜ੍ਹ ਸਾਹਿਬ, ਲੁਧਿਆਣਾ ਤੋਂ ਇਲਾਵਾ ਸਮੁੱਚਾ ਹਿਮਾਚਲ ਪ੍ਰਦੇਸ਼ ਸ਼ਾਮਲ ਕੀਤਾ ਗਿਆ ਹੈ। ਦੋਆਬਾ ਜ਼ੋਨ ਦੇ 30 ਸ਼੍ਰੋਮਣੀ ਕਮੇਟੀ ਹਲਕਿਆਂ ਨੂੰ ਅੱਗੋਂ 15 ਜ਼ੋਨਾਂ ਵਿੱਚ ਵੰਡ ਕੇ ਪ੍ਰਚਾਰ ਪ੍ਰਸਾਰ ਦੇ ਕਾਰਜ ਜਾਰੀ ਹਨ। ਹੁਣ ਤੀਕ 750 ਦੇ ਕਰੀਬ ਪਿੰਡਾਂ ਵਿੱਚ ਗੁਰੂ ਘਰਾਂ, ਸਕੂਲਾਂ, ਸੱਥਾਂ ਅਤੇ ਕਲੱਬਾਂ ਵਿੱਚ ਦਸਤਕ ਦਿੱਤੀ ਜਾ ਚੁੱਕੀ ਹੈ। ਪ੍ਰਚਾਰ ਲਹਿਰ ਵਿੱਚ ਨਾਟਕ ਟੀਮਾਂ, ਧਾਰਮਿਕ ਫਿਲਮਾਂ ਦੀਆਂ ਵੈਨਾਂ, ਮੈਡੀਕਲ ਵੈਨਾਂ ਅਤੇ ਧਾਰਮਿਕ ਅਸਥਾਨਾਂ ਦੀਆਂ ਯਾਤਰਾਵਾਂ ਲਈ ਵਾਤਾਅਨੁਕੂਲ ਬੱਸਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਹਫਤਾਵਾਰੀ ਸਮਾਗਮ ਦੌਰਾਨ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ। ਹੁਣ ਤੀਕ ਗੁਰਮਤਿ ਪ੍ਰਚਾਰ ਲਹਿਰ ਤਹਿਤ 50,000 ਤੋਂ ਉਪਰ ਪ੍ਰਾਣੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਚੁੱਕੇ ਹਨ। ਉਹਨਾਂ ਦੱਸਿਆਂ ਕਿ ਸ਼੍ਰੋਮਣੀ ਕਮੇਟੀ ਵੱਲੋਂ 125 ਤੋਂ ਉਪਰ ਵਿੱਦਿਅਕ ਸੰਸਥਾਵਾਂ ਵੀ ਸਫਲਤਾ ਨਾਲ ਚਲਾਈਆਂ ਜਾ ਰਹੀਆਂ

ਬਾਕੀ ਸਫ਼ਾ 28 'ਤੇ

# ਸਿੱਖ ਅਟਾਰਨੀ ਜਨਰਲ ਬਾਰੇ ਭੱਦੀ ਟਿੱਪਣੀ ਕਰਨ ਵਾਲੇ ਸ਼ੈਰਫ ਨੂੰ ਦੇਣਾ ਪਿਆ ਅਸਤੀਫਾ

## *ਗਵਰਨਰ ਨੇ ਵੀ ਕੀਤੀ ਸੀ ਅਸਤੀਫੇ ਦੀ ਮੰਗ*

**ਨਿਊਜਰਸੀ/ਹੁਸਨ ਲੜੋਆ ਬੰਗਾ :** ਸਭ ਤੋਂ ਵੱਧ ਆਬਾਦੀ ਵਾਲੇ ਨਿਊਜਰਸੀ ਸ਼ਹਿਰ ਦੇ ਸ਼ੈਰਿਫ ਨੂੰ ਉਸ ਵੇਲੇ ਅਸਤੀਫਾ ਦੇ ਕੇ ਜਾਨ ਛੁਡਾਉਣੀ ਪਈ ਜਦੋਂ ਉਹ ਕਿਸੇ ਥਾਂ ਗੁਪਤ ਤੌਰ 'ਤੇ ਨਿਊਜਰਸੀ ਦੇ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਬਾਰੇ ਭੱਦੀ ਟਿੱਪਣੀ ਕਰਦਾ ਫੜਿਆ ਗਿਆ। ਬਰਗਨ ਕਾਉਂਟੀ ਦੇ ਸ਼ੈਰਿਫ਼ ਮਾਈਕਲ ਸੌਦੀਨੋ ਨੇ ਇਹ ਕਹਿ ਦਿੱਤਾ ਕਿ ਰਾਜ ਦੇ ਅਟਾਰਨੀ ਜਨਰਲ ਵਜੋਂ ਸੇਵਾ ਕਰਨ ਵਾਲੇ ਪਹਿਲੇ ਸਿੱਖ ਅਮਰੀਕੀ ਗੁਰਬੀਰ ਗਰੇਵਾਲ ਨੂੰ ਕੇਵਲ "ਪੱਗ" ਕਰਕੇ ਹੀ ਨਿਯੁਕਤ ਕੀਤਾ ਗਿਆ ਹੈ, ਜਿਸ 'ਤੇ ਬਵਾਲ ਖੜ੍ਹਾ ਹੋ ਗਿਆ ਤੇ ਗਵਰਨਰ ਨਿਊਜਰਸੀ ਫਿਲ ਮਰਫੀ ਵੀ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਦੇ ਨਾਲ ਖੜੇ ਨਜ਼ਰ ਆਏ ਤੇ ਸ਼ੈਰਫ ਤੋਂ ਅਸਤੀਫੇ ਦੀ ਮੰਗ ਕੀਤੀ। ਸ਼ੈਰਫ ਸੌਦੀਨੋ ਨੇ ਨਿਊਜਰਸੀ ਗਵਰਨਰ ਫਿਲ ਮਰਫੀ ਦੀਆਂ ਨੀਤੀਆਂ ਦੀ ਵੀ ਅਲੋਚਨਾ ਕੀਤੀ ਸੀ।



ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੇ ਟਵਿੱਟਰ 'ਤੇ ਇਕ ਬਿਆਨ ਵਿਚ ਕਿਹਾ ਸੀ ਕਿ "ਸ਼ੈਰਿਫ ਸੌਦੀਨੋ ਦਾ ਅਸਤੀਫ਼ਾ ਇਕ ਬਹੁਤ ਮਹੱਤਵਪੂਰਨ ਪਹਿਲਾ ਕਦਮ ਹੈ, ਜਿਸ ਵਿਚ ਬਰਗਨ ਕਾਊਂਟੀ ਸ਼ੈਰਿਫ਼ ਦੇ ਦਫ਼ਤਰ ਅਤੇ ਵੱਖ-ਵੱਖ ਭਾਈਚਾਰਿਆਂ ਵਿਚਕਾਰ ਸਬੰਧਾਂ ਦੀ ਪੁਨਰ ਉਸਾਰੀ ਕੀਤੀ ਜਾ ਸਕਦੀ ਹੈ। ਗਵਰਨਰ ਨਿਊਜਰਸੀ ਨੇ ਕਿਹਾ ਕਿ "ਅਸੀਂ ਹੁਣ ਬਰਗਨ ਕਾਊਂਟੀ ਸ਼ੈਰਿਫ਼ ਦੇ ਦਫਤਰ ਵਿਚ ਵਿਸ਼ਵਾਸ ਬਹਾਲ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਾਂ, ਜਿਸ ਦਾ ਅਨੁਸ਼ਾਸਨ ਭੰਗ ਕੀਤਾ ਗਿਆ ਸੀ।" ਗਵਰਨਰ ਮਰਫੀ ਨੇ ਇਕ ਬਿਆਨ ਵਿਚ ਕਿਹਾ ਕਿ, "ਅਸੀਂ ਇਹ ਯਕੀਨੀ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰ ਸਕਦੇ ਹਾਂ ਕਿ ਸਾਬਕਾ ਸ਼ੈਰਿਫ਼ ਨੂੰ ਬਰਗਨ ਕਾਊਂਟੀ ਸ਼ੈਰਿਫ ਦੇ ਦਫ਼ਤਰ ਦੇ ਕਿਸੇ ਵੀ ਕੋਨੇ ਵਿਚ ਹੁਣ ਜਾਂ ਭਵਿੱਖ ਵਿਚ ਕੋਈ ਜਗ੍ਹਾ ਨਹੀਂ ਦਿੱਤੀ ਜਾ ਸਕਦੀ।" ਸ਼ੈਰਫ ਸੌਦੀਨੋ ਦੇ ਅਸਤੀਫੇ ਦੇ ਨਾਲ ਚਾਰ ਅੰਡਰ ਸ਼ੈਰਫ ਨੇ ਵੀ ਅਸਤੀਫਾ ਦੇ ਦਿੱਤਾ ਹੈ।

ਸਿੱਖ ਕੁਲੀਸ਼ਨ ਨੇ ਵੀ ਸ਼ੈਰਫ ਸੌਡੀਨੋ ਨੂੰ ਅਸਤੀਫਾ ਦੇਣ ਲਈ ਕਿਹਾ ਸੀ। ਸਿੱਖ ਕੁਲੀਸ਼ਨ ਨੇ ਆਪਣੇ ਬਿਆਨ ਵਿਚ ਕਿਹਾ ਕਿ, "ਅਸੀਂ ਸ਼ੈਰਿਫ ਸੌਦੀਨੋ ਦੀਆਂ ਟਿੱਪਣੀਆਂ ਦੁਆਰਾ ਪ੍ਰਭਾਵਿਤ ਭਾਈਚਾਰਿਆਂ ਦੀ ਤਰਫੋਂ ਬਰਗਨ ਕਾਊਂਟੀ ਸ਼ੈਰਿਫ਼ ਦੇ ਦਫਤਰ 'ਚ ਲਗਾਏ ਗਏ ਸਾਰੇ ਸਟਾਫ ਮੈਂਬਰਾਂ ਲਈ ਸਭਿਆਚਾਰਕ ਜਾਗਰੂਕਤਾ ਅਤੇ ਵਿਰੋਧੀ ਤੇ ਪੱਖਪਾਤ ਰਵੱਈਏ ਪ੍ਰਤੀ ਸਿਖਲਾਈ ਲਈ ਵੀ ਅਪੀਲ ਕਰ ਰਹੇ ਹਾਂ।"

ਜ਼ਿਕਰਯੋਗ ਹੈ ਕਿ ਪਹਿਲਾਂ ਸ਼ੈਰਫ ਸੌਦੀਨੋ ਨੇ ਆਪਣੀ ਨਸਲਵਾਦੀ ਟਿੱਪਣੀ ਉੱਤੇ ਤਾਂ ਗੱਲ ਕੀਤੀ ਪਰ ਆਪਣੇ ਅਸਤੀਫੇ ਦੀ ਮੰਗ ਬਾਰੇ ਕੁਝ ਵੀ ਨਹੀਂ ਕਿਹਾ ਸੀ। ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ

ਬਾਕੀ ਸਫ਼ਾ 28 'ਤੇ


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# ਪੰਜਾਬੀ ਮੂਲ ਦੀ ਅਮਰੀਕਨ ਪੱਤਰਕਾਰ ਪੀ.ਜੇ. ਰੰਧਾਵਾ ਨੂੰ ਮਿਲਿਆ ਐਮੀ ਐਵਾਰਡ

**ਲਾਸ ਏਂਜਲਸ/ਬਿਊਰੋ ਨਿਊਜ਼ :** ਪੰਜਾਬੀ ਮੂਲ ਦੀ ਅਮਰੀਕਨ ਪੱਤਰਕਾਰ ਪੀਜੇ ਰੰਧਾਵਾ ਨੂੰ ਪੱਤਰਕਾਰੀ ਦੇ ਖੇਤਰ ਵਿਚ ਇਸ ਸਾਲ ਦਾ ਵਕਾਰੀ ਐਮੀ ਐਵਾਰਡ ਮਿਲਿਆ ਹੈ। ਉਹ ਇਸ ਸਮੇਂ ਏਐਸਡੀਕੇ ਨਿਊਜ਼ ਵਿਚ ਸੀਨੀਅਰ ਪੱਤਰਕਾਰ ਵਜੋਂ ਸੇਵਾ ਨਿਭਾ ਰਹੀ ਹੈ। ਉਸ ਨੇ ਸੰਨ 2013 ਤੋਂ ਲੈ ਕੇ 2015 ਤੱਕ ਸਾਊਥ ਕੈਰੋਲੀਨਾ ਦੇ ਡਬਲਿਊਆਈਐਸ ਟੀਵੀ ਵਿਚ ਵੀ ਪੱਤਰਕਾਰ ਵਜੋਂ ਸੇਵਾਵਾਂ ਦਿੱਤੀਆਂ ਸਨ। ਇਸ ਤੋਂ ਪਹਿਲਾਂ ਉਸ ਨੇ ਸੰਨ 2011 ਤੋਂ 2013 ਦਰਮਿਆਨ ਕੋਟਾ ਟੈਰੋਟਰੀ ਨਿਊਜ਼ ਵਿਚ ਬਤੌਰ ਐਂਕਰ ਤੇ ਰਿਪੋਰਟਰ ਕਾਫ਼ੀ ਨਾਮਣਾ ਖੱਟਿਆ ਸੀ। ਪੀਜੇ ਰੰਧਾਵਾ ਨੇ ਡੇਅ-ਪੌਲ ਯੂਨੀਵਰਸਿਟੀ ਸ਼ਿਕਾਗੋ ਤੋਂ ਪੜ੍ਹਾਈ ਕੀਤੀ ਹੋਈ ਹੈ। ਪੀਜੇ ਰੰਧਾਵਾ ਨੂੰ ਇਹ ਐਵਾਰਡ ਮਿਲਣ ਤੋਂ ਬਾਅਦ ਅਮਰੀਕਾ ਰਹਿੰਦੇ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਪਾਈ ਜਾ ਰਹੀ ਹੈ। ਦਰਸ਼ਕਾਂ ਨਾਲ ਖਚਾਖਚ ਭਰੇ ਮਾਈਕਰੋਸੌਫਟ ਹਾਲ ਵਿਚ ਪੀਜੇ ਰੰਧਾਵਾ ਨੇ ਇਹ ਐਵਾਰਡ ਮਿਲਣ ਦੇ ਮੌਕੇ 'ਤੇ ਕਿਹਾ ਕਿ ਉਹ ਜਿੱਥੇ ਜਿਊਰੀ ਮੈਂਬਰਾਂ ਦਾ ਸ਼ੁਕਰੀਆ ਅਦਾ ਕਰਦੀ ਹੈ, ਉਥੇ ਨਾਲ ਹੀ ਆਪਣੀ ਜ਼ਿੰਦਗੀ ਵਿਚ ਆਏ ਹਰ ਉਸ ਸ਼ਖਸ ਦਾ ਵੀ ਇਸ ਐਵਾਰਡ ਨੂੰ ਪ੍ਰਾਪਤ ਕਰਨ ਵਿਚ ਯੋਗਦਾਨ ਮੰਨਦੀ ਹੈ, ਜਿਸ ਨੇ ਉਸ ਨੂੰ ਅਜਿਹਾ ਪ੍ਰਾਪਤ ਕਰਨ ਦੇ ਕਾਬਲ ਬਣਾਇਆ।



# ਬਾਬਾ ਫ਼ਰੀਦ ਜੀ ਦੇ ਆਗਮਨ ਪੁਰਬ ਸਮਾਗਮ ਸਫਲਤਾ ਨਾਲ ਸੰਪੂਰਨ

**ਫਰੀਮਾਂਟ/ਬਿਊਰੋ ਨਿਊਜ਼ :** ਪਿਛਲੇ ਕਈ ਸਾਲਾਂ ਤੋਂ ਫਰੀਦਕੋਟ ਤੇ ਆਸ-ਪਾਸ ਇਲਾਕੇ ਦੀਆਂ ਸੰਗਤਾਂ ਫਰੀਮੌਂਟ ਗੁਰੂ ਘਰ ਵਿਖੇ ਬਾਬਾ ਫ਼ਰੀਦ ਜੀ ਦਾ ਆਗਮਨ ਪੁਰਬ ਧੂਮ-ਧਾਮ ਨਾਲ ਮਨਾਉਦੀਆਂ ਆ ਰਹੀਆਂ ਹਨ। ਇਸ ਸਾਲ ਵੀ ਉਸੇ ਉਤਸ਼ਾਹ ਨਾਲ 21 ਸਤੰਬਰ, ਦਿਨ ਸ਼ੁਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਤੇ ਭੋਗ 23 ਸਤੰਬਰ, ਦਿਨ ਐਤਵਾਰ ਨੂੰ ਪਾਏ ਗਏ। ਇਸ ਉਪਰੰਤ ਢਾਡੀ ਰਾਗੀ ਸਿੰਘਾਂ ਨੇ ਬਾਬਾ ਫ਼ਰੀਦ ਜੀ ਦੀ ਬਾਣੀ ਅਤੇ ਜੀਵਨ ਸਬੰਧੀ ਵਿਚਾਰਾਂ ਕੀਤੀਆਂ। ਇਸ ਮੌਕੇ ਬਾਬਾ ਫ਼ਰੀਦ ਜੀ ਦੇ ਸ਼ਬਦ ਗਾਇਨ ਕੀਤੇ ਗਏ।ਪ੍ਰਬੰਧਕਾਂ ਤੇ ਗੁਰਦੁਆਰਾ ਕਮੇਟੀ ਦੇ ਉਚੇਚੇ ਸੱਦੇ 'ਤੇ ਭਾਈ ਨਾਇਬ ਸਿੰਘ ਨਿਮਾਣਾ ਹਜ਼ੂਰੀ ਰਾਗੀ ਟਿੱਲਾ ਬਾਬਾ ਸ਼ੇਖ ਫਰੀਦ ਰਿਵਰ ਸਾਈਡ ਦਾ ਜਥਾ ਉਚੇਚੇ ਤੌਰ 'ਤੇ ਤਸ਼ਰੀਫ ਲਿਆਏ। ਹਰ ਵਾਰ ਦੀ ਤਰ੍ਹਾਂ ਸੰਗਤਾਂ ਦਾ ਉਤਸ਼ਾਹ ਤੇ ਹਾਜ਼ਰੀ ਭਰਪੂਰ ਰਹੀ। ਨਿਮਾਣਾ ਸਾਹਿਬ ਦੇ ਜਥੇ ਨੇ ਸ਼ੁੱਕਰਵਾਰ ਵਾਲੇ ਦਿਨ ਰੇਡੀਓ ਹੋਸਟ ਐਸਪੀ ਸਿੰਘ ਕੋਲ 'ਰੇਡੀਓ ਪੰਜਾਬ' ਦੇ ਸਟੂਡਿਓ ਪਹੁੰਚ ਕੇ ਸੰਗਤਾਂ ਨੂੰ ਸ਼ਿਰਕਤ ਕਰਨ ਦਾ ਸੱਦਾ ਵੀ ਦਿੱਤਾ। ਇਹਨਾਂ ਸਮਾਗਮਾਂ ਦੀ ਵਿਲੱਖਣਤਾ ਦਾ ਅੰਦਾਜ਼ਾ ਇਸੇ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇੰਡੀਆ ਤੋਂ ਆਪਣੇ ਬੱਚੇ ਬੱਚੀਆਂ ਨਾਲ ਵਿਜ਼ਿਟ ਕਰਨ ਆਏ ਇਲਾਕਾ



ਨਿਵਾਸੀ ਵੀ ਦੂਰੋਂ-ਨੇੜਿਉਂ ਸ਼ਿਰਕਤ ਕਰਨ ਪਹੁੰਚੇ। ਬਾਬਾ ਫ਼ਰੀਦ ਆਗਮਨ ਪੁਰਬ ਸੁਸਾਇਟੀ ਵੱਲੋਂ ਸਮੂਹ ਸੰਗਤ ਦਾ ਸਹਿਯੋਗ ਤੇ ਇਸ ਦੀ ਕਾਮਯਾਬੀ ਲਈ ਧੰਨਵਾਦ ਕੀਤਾ ਗਿਆ। ਪ੍ਰਬੰਧਕਾਂ ਨੇ ਕਿਹਾ ਕਿ ਸਾਰੇ ਹੀ ਵਲੰਟੀਅਰ ਤੇ ਪ੍ਰਬੰਧਕ ਇਹ ਸਮਾਗਮ ਸਫਲਤਾ ਨਾਲ ਕਰਵਾਉਣ ਲਈ ਵਧਾਈ ਦੇ ਪਾਤਰ ਹਨ। ਅਗਲੇ ਸਾਲ ਇਹਨਾਂ ਹੀ ਤਰੀਕਾਂ ਵਿਚ ਫਿਰ ਮਿਲਣ ਦੇ ਵਾਅਦੇ ਨਾਲ ਇਹ ਸਮਾਗਮ ਗੂੜ੍ਹੀ ਛਾਪ ਛੱਡਦਾ ਸੰਪੂਰਨ ਹੋਇਆ।ਸੁਸਾਇਟੀ ਦੇ ਮੈਂਬਰਾਂ ਤੇ ਵਲੰਟੀਅਰਜ਼ ਨੂੰ ਸੁਝਾਅ ਦੇਣ ਲਈ ਵੈਬ ਸਈਟ ਬਾਬਾ ਫ਼ਰੀਦ ਡੌਟ ਨੈਟ ਉਤੇ ਜਾਇਆ ਜਾ ਸਕਦਾ ਹੈ।ਇਸ ਸਾਲ ਹੋਏ ਅਤੇ ਆਉਣ ਵਾਲੇ ਸਮਾਗਮਾਂ ਅਤੇ ਗਤੀਵਿਧੀਆਂ ਦੀ ਸਾਰੀ ਜਾਣਕਾਰੀ ਉਕਤ ਵੈਬ ਸਾਈਟ ਤੋਂ ਲਈ ਜਾ ਸਕਦੀ ਹੈ।

# ਹੋਬੋਕਨ ਦੇ ਮੇਅਰ ਰਵੀ ਸਿੰਘ ਭੱਲਾ ਨੇ ਵਿੱਤ ਬੋਰਡ ਦੇ ਅੱਠ ਸਾਲ ਲੰਬੇ ਵਿਵਾਦ ਨੂੰ ਕੀਤਾ ਖਤਮ

**ਹੋਬੋਕਨ(ਨਿਊ ਜਰਸੀ)/ਹੁਸਨ ਲੜੋਆ ਬੰਗਾ :** ਹੋਬੋਕਨ, ਨਿਊਜਰਸੀ ਦੇ ਮੇਅਰ ਰਵੀ ਭੱਲਾ ਅਤੇ ਰਾਜ ਦੇ ਲੋਕਲ ਵਿੱਤ ਬੋਰਡ ਨੇ ਹਾਲ ਹੀ ਵਿਚ ਆਪਣੇ ਅੱਠ ਸਾਲਾਂ ਤੋਂ ਚਲੇ ਆ ਰਹੇ ਵਿਵਾਦ ਨੂੰ ਖਤਮ ਕਰਨ ਦਾ ਸਮਝੌਤਾ ਕੀਤਾ ਹੈ। ਰਵੀ ਸਿੰਘ ਭੱਲਾ, ਇੱਕ ਪ੍ਰਮੁੱਖ ਅਮਰੀਕੀ ਸ਼ਹਿਰ ਦੇ ਪਹਿਲੇ ਭਾਰਤੀ-ਅਮਰੀਕਨ ਸਿੱਖ ਮੇਅਰ ਹਨ, ਨੇ ਜ਼ੋਰ ਦੇ ਕੇ ਕਿਹਾ, ਉਨਾਂ ਨੇ ਇਹ ਲੰਬੇ ਸਮੇਂ ਦੇ ਵਿਵਾਦ ਨੂੰ ਖਤਮ ਕਰਨ ਦੌਰਾਨ ਕੋਈ ਉਲੰਘਣਾ ਨਹੀਂ ਕੀਤੀ।



ਨਿਊਜਰਸੀ ਜਰਨਲ ਦੁਆਰਾ ਪ੍ਰਾਪਤ ਇਕਰਾਰਨਾਮੇ ਦੀ ਇਕ ਕਾਪੀ ਅਨੁਸਾਰ, ਦੋਵਾਂ ਧਿਰਾਂ ਨੇ ਲੰਘੀ 22 ਅਗਸਤ ਨੂੰ ਹੀ ਇਸ ਮਾਮਲੇ ਨੂੰ ਨਿਪਟਾ ਦਿੱਤਾ ਸੀ। ਲੋਕਲ ਵਿੱਤ ਬੋਰਡ ਨੇ ਇਸ ਸਮਝੌਤੇ ਨੂੰ ਖਤਮ ਕਰਨ ਲਈ ਸਹਿਮਤੀ ਪ੍ਰਗਟ ਕੀਤੀ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅੱਠ ਸਾਲ ਦੀ ਲੜਾਈ ਵਿੱਚ ਘੱਟ ਤੋਂ ਘੱਟ 17,223 ਡਾਲਰ ਦੀ ਕਾਨੂੰਨੀ ਫੀਸ ਦਾ ਬਿਲ, ਜੋ ਸਿਟੀ ਕੌਂਸਲ ਕੋਲ ਪਾਸ ਕਰਨ ਲਈ ਭੇਜਿਆ ਸੀ, ਇਸ ਤੋਂ ਪਹਿਲਾਂ ਖਾਰਜ ਕਰ ਦਿੱਤਾ ਗਿਆ ਸੀ। ਰਵੀ ਸਿੰਘ ਭੱਲਾ ਨੇ ਕਿਹਾ ਕਿ ਮੈਂ ਖੁਸ਼ ਹਾਂ ਕਿ ਸਥਾਨਕ ਫਾਈਨਾਂਸ ਬੋਰਡ ਨੇ ਵੀ ਇਹਨਾਂ ਸ਼ਿਕਾਇਤਾਂ ਨੂੰ ਖਾਰਜ ਕਰਨ ਵਿਚ ਮਦਦ ਕੀਤੀ ਹੈ।

# ਗੁਰਬਖਸ਼ ਸਿੰਘ ਹਰੀਕਾ ਦਾ ਅੰਤਿਮ ਸਸਕਾਰ 30 ਸਤੰਬਰ ਨੂੰ

**ਫਰੀਮਾਂਟ/ਬਿਊਰੋ :** ਪੰਜਾਬੀ ਭਾਈਚਾਰੇ ਵਿਚ ਇਹ ਖਬਰ ਬਹੁਤ ਹੀ ਦੁਖ ਨਾਲ ਪੜ੍ਹੀ ਜਾਵੇਗੀ ਕਿ 25 ਸਤੰਬਰ 2018 ਨੂੰ ਸਦੀਵੀ ਵਿਛੋੜਾ ਦੇ ਗਏ ਗੁਰਬਖਸ਼ ਸਿੰਘ ਹਰੀਕਾ ਦਾ ਅੰਤਿਮ ਸੰਸਕਾਰ 30 ਸਤੰਬਰ, ਦਿਨ ਐਤਵਾਰ ਨੂੰ Jes C. Spencer Mortuary 21228 Redwood. Rd. Castro Valley CA94546 ਵਿਖੇ ਸਵੇਰੇ 10.30 ਵਜੇ ਤੋਂ 1.30 ਵਜੇ ਤੱਕ ਹੋਵੇਗਾ। ਉਪਰੰਤ ਅੰਤਿਮ ਅਰਦਾਸ ਸ਼ਾਮ 4.00 ਵਜੇ ਤੋਂ ਸ਼ਾਮ 6.00 ਵਜੇ ਤੱਕ ਫਰੀਮਾਂਟ ਸਿੱਖ ਗੁਰਦੁਆਰਾ, 300 ਗੁਰਦੁਆਰਾ ਆਰ ਡੀ ਫਰੀਮਾਂਟ ਵਿਖੇ ਹੋਵੇਗੀ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਹੋਰ ਜਾਣਕਾਰੀ ਲਈ 510-581-2861 'ਤੇ ਸੰਪਰਕ ਕੀਤਾ ਜਾ ਸਕਦਾ ਹੈ।




CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਬਰਤਾਨੀਆ ਨਾਲੋਂ ਕੈਨੇਡਾ 'ਚ ਸਭ ਤੋਂ ਵੱਧ ਵਸਦੇ ਨੇ ਪੰਜਾਬੀ

- **ਪੰਜਾਬੀਆਂ ਦਾ ਪ੍ਰਵਾਸ ਕੈਨੇਡਾ 'ਚ ਸ਼ੁਰੂ ਹੋਇਆ**
- **ਪੰਜਾਬੀ ਹੁਣ ਕੈਨੇਡਾ, ਅਸਟਰੇਲੀਆ ਤੇ ਨਿਊਜ਼ੀਲੈਂਡ ਨੂੰ ਦੇ ਰਹੇ ਨੇ ਤਰਜੀਹ**
- **ਰੇਡੀਓ, ਟੀਵੀ, ਅਖ਼ਬਾਰਾਂ ਨੇ ਪੰਜਾਬੀ ਭਾਸ਼ਾ ਦੇ ਵਿਕਾਸ 'ਚ ਯੋਗਦਾਨ ਪਾਇਆ**

ਇਸ ਵੇਲੇ ਮੁਕੰਮਲ ਅੰਕੜੇ ਤਾਂ ਉਪਲਬਧ ਨਹੀਂ ਹਨ ਕਿ ਬਾਹਰਲੇ ਮੁਲਕਾਂ ਵਿੱਚ ਰਹਿ ਰਹੇ ਪੰਜਾਬੀਆਂ ਦੀ ਗਿਣਤੀ ਕਿੰਨੀ ਕੁ ਹੈ ਪਰ ਅੰਦਾਜ਼ੇ ਮੁਤਾਬਕ ਇਹ ਲੱਖਾਂ ਵਿੱਚ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਕਿਸੇ ਮੁਲਕ ਵਿੱਚ ਇਨ੍ਹਾਂ ਦੀ ਗਿਣਤੀ ਵੱਧ ਹੈ ਅਤੇ ਕਿਤੇ ਘੱਟ, ਕਿਤੇ ਨਾ-ਮਾਤਰ ਪਰ ਪੰਜਾਬੀਆਂ ਬਾਰੇ ਇਹ ਲਤੀਫਾ ਪ੍ਰਸਿੱਧ ਹੈ ਕਿ ਇਹ ਵਿਸ਼ਵ ਦੇ ਹਰ ਮੁਲਕ ਵਿੱਚ ਘੱਟ-ਵੱਧ ਗਿਣਤੀ ਵਿੱਚ ਮਿਲ ਜ਼ਰੂਰ ਜਾਣਗੇ। ਉਂਜ ਇਕ ਵੇਲਾ ਸੀ ਕਿ ਇਨ੍ਹਾਂ ਦੀ ਸਭ ਤੋਂ ਵੱਧ ਗਿਣਤੀ ਬਰਤਾਨੀਆ ਵਿੱਚ ਸੀ ਪਰ ਹੁਣ ਬਰਤਾਨੀਆ ਦੀ ਥਾਂ ਕੈਨੇਡਾ ਨੇ ਲੈ ਲਈ ਹੈ। ਵੈਸੇ ਇਹ ਇਕੱਲੇ ਉਪਰੋਕਤ ਦੋਹਾਂ ਮੁਲਕਾਂ ਤੋਂ ਇਲਾਵਾ ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ, ਜਰਮਨੀ, ਇਟਲੀ, ਫਰਾਂਸ ਅਤੇ ਲਗਪਗ ਹਰ ਛੋਟੇ ਤੋਂ ਛੋਟੇ ਮੁਲਕ ਵਿੱਚ ਮੌਜੂਦ ਹਨ। ਕਈ ਸਾਲ ਪਹਿਲਾਂ ਮੈਂ ਜਮਾਇਕਾ ਅਤੇ ਟ੍ਰਿਨੀਡਾਡ ਤੇ ਟੋਬੈਗੋ ਦੇ ਵੈਸਟ ਇੰਡੀਜ਼ ਮੁਲਕਾਂ ਵਿੱਚ ਗਿਆ ਸਾਂ ਤਾਂ ਇਨ੍ਹਾਂ ਦੋਹਾਂ ਮੁਲਕਾਂ ਵਿੱਚ ਵੀ ਟਾਵੇਂ-ਟੱਲੇ ਵਸਦੇ ਪੰਜਾਬੀਆਂ ਨਾਲ ਮੁਲਾਕਾਤ ਹੋਈ ਸੀ ਹਾਲਾਂਕਿ ਉਨ੍ਹਾਂ ਦੀ ਭਾਸ਼ਾ ਬਹੁਤ ਮਿਸ਼ਰਤ ਜਿਹੀ ਸੀ, ਕਿਉਂਕਿ ਉਹ ਜੰਮਪਲ ਤਾਂ ਉੱਥੋਂ ਦੇ ਹੀ ਸਨ ਪਰ ਉਨ੍ਹਾਂ ਦੇ ਵੱਡੇ-ਵਡੇਰੇ ਕਾਫੀ ਸਾਲ ਪਹਿਲਾਂ ਇੱਥੇ ਆ ਕੇ ਵਸ ਗਏ ਸਨ।

ਉਂਜ ਸਭ ਤੋਂ ਪਹਿਲਾਂ ਪੰਜਾਬੀਆਂ ਦਾ ਪਰਵਾਸ ਕੈਨੇਡਾ ਵਿਚ ਸ਼ੁਰੂ ਹੋਇਆ ਅਤੇ ਇਸ ਦੀ ਉਦਾਹਰਣ ਕੌਮਾਗਾਟਾਮਾਰੂ ਦੀ ਘਟਨਾ ਹੈ ਜੋ ਸੰਨ 1914 ਵਿੱਚ ਵਾਪਰੀ ਸੀ। ਫਿਰ ਪੰਜਾਬੀਆਂ ਦਾ ਮੁਹਾਣ ਬਰਤਾਨੀਆ ਨੂੰ ਹੋਇਆ ਸੀ ਅਤੇ ਹੁਣ ਕੈਨੇਡਾ, ਆਸਟਰੇਲੀਆ ਤੇ ਨਿਊਜ਼ੀਲੈਂਡ ਵਾਲੇ ਪਾਸੇ ਹੈ। ਦਿਲਚਸਪ ਗੱਲ ਇਹ ਹੈ ਕਿ ਪੰਜਾਬੀ ਦੁਨੀਆਂ ਦੇ ਜਿਸ ਵੀ ਕੋਨੇ ਵਿੱਚ ਗਏ ਹਨ, ਉੱਥੇ ਜਾ ਕੇ ਉਨ੍ਹਾਂ ਨੇ ਜਿਹੜਾ ਪਹਿਲਾ ਕੰਮ ਕੀਤਾ ਉਹ ਗੁਰਦੁਆਰੇ ਦੀ ਸਥਾਪਨਾ ਸੀ। ਸਪੱਸ਼ਟ ਹੀ ਹੈ ਕਿ ਜਿਸ ਥਾਂ 'ਤੇ ਗੁਰਦੁਆਰਾ ਸਾਹਿਬ ਹੋਵੇਗਾ, ਉੱਥੇ ਪੰਜਾਬੀ ਜ਼ੁਬਾਨ ਦੀ ਸ਼ੁਰੂਆਤ ਖੁਦ ਬਖੁਦ ਹੋ ਜਾਵੇਗੀ। ਇਸੇ ਤਰ੍ਹਾਂ ਨਾਲ ਹੀ ਪੰਜਾਬੀਆਂ ਦਾ ਸੱਭਿਆਚਾਰ ਵੀ ਵਧਣਾ-ਫੁੱਲਣਾ ਸ਼ੁਰੂ ਹੋ ਜਾਵੇਗਾ, ਕਿਉਂਕਿ ਇਧਰੋਂ ਗਏ ਪੰਜਾਬੀ ਆਪਣੇ ਨਾਲ ਹੀ ਆਪਣੀ ਮਾਂ ਬੋਲੀ ਪੰਜਾਬੀ ਅਤੇ ਸੱਭਿਆਚਾਰ ਵੀ ਲੈ ਕੇ ਜਾਂਦੇ ਹਨ। ਜਿਸ ਥਾਂ 'ਤੇ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੁੰਦੀ ਹੈ, ਉੱਥੇ ਦਿਨਾਂ ਵਿੱਚ ਹੀ ਪੰਜਾਬੀ ਜ਼ੁਬਾਨ, ਸਾਹਿਤ ਤੇ ਸੱਭਿਆਚਾਰ ਦਾ ਪਸਾਰਾ ਵੀ ਵਧਣ-ਫੁੱਲਣ ਲੱਗਦਾ ਹੈ, ਕਿਉਂਕਿ ਇਕੱਲੇ ਪੰਜਾਬੀਆਂ ਦਾ ਸ਼ੁਰੂ ਵਿੱਚ ਅੰਗਰੇਜ਼ੀ, ਫਰੈਂਚ ਜਾਂ ਚੀਨੀ ਭਾਸ਼ਾ ਪੱਖੋਂ ਹੱਥ ਤੰਗ ਹੋਣਾ ਸੁਭਾਵਿਕ ਹੀ ਹੈ ਅਤੇ ਪੰਜਾਬੀ ਚੂੰਕਿ ਉਨ੍ਹਾਂ ਦੀ ਮਾਂ ਬੋਲੀ ਹੈ, ਇਸ ਲਈ ਪੰਜਾਬੀ ਜ਼ੁਬਾਨ ਦਾ ਪ੍ਰਚਾਰ ਪ੍ਰਸਾਰ ਤੁਰੰਤ ਸ਼ੁਰੂ ਹੋ ਜਾਂਦਾ ਹੈ।

ਹੁਣ ਭਾਵੇਂ ਮੋਬਾਈਲਾਂ ਤੇ ਕੰਪਿਊਟਰ ਜ਼ਰੀਏ ਵੀਡੀਓ ਕਾਨਫਰੰਸਿੰਗ ਨੇ ਇੱਧਰ-ਉਧਰ ਦੀ ਪਰਿਵਾਰਕ ਸਾਂਝ ਤੇ ਦੁੱਖ-ਸੁੱਖ ਪੁੱਛਣਾ ਆਸਾਨ ਕਰ ਦਿੱਤਾ ਹੈ ਜਦੋਂ ਕਿ ਪਹਿਲਾਂ ਇਹ ਵਧੇਰੇ ਕਰਕੇ ਚਿੱਠੀਆਂ ਰਾਹੀਂ ਹੀ ਹੁੰਦਾ ਸੀ। ਇਧਰੋਂ ਗਏ ਪੰਜਾਬੀ ਨੂੰ ਵਰ੍ਹਿਆਂ-ਬੱਧੀ ਆਪਣੀ ਮਾਤਭੂਮੀ ਦਾ ਹੇਰਵਾ ਸਤਾਈ ਰੱਖਦਾ ਸੀ ਅਤੇ ਇਹੋ ਜਿਹੀ ਕਸਕ ਉਨ੍ਹਾਂ ਦੇ ਪਿੱਛੇ ਰਹਿ ਗਏ ਬਜ਼ੁਰਗ ਮਾਪਿਆਂ, ਭੈਣ ਭਰਾਵਾਂ ਅਤੇ ਹੋਰ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਦੀ ਵੀ ਸੀ ਜਿਸ ਦਾ ਆਦਾਨ-ਪ੍ਰਦਾਨ ਵਧੇਰੇ ਕਰਕੇ ਖਤੋ-ਖਿਤਾਬਤ ਰਾਹੀਂ ਹੀ ਹੁੰਦੀ ਸੀ। ਦੋਵੇਂ ਧਿਰਾਂ ਚਿੱਠੀਆਂ ਨੂੰ ਬੇਸਬਰੀ ਨਾਲ ਉਡੀਕਦੀਆਂ ਰਹਿੰਦੀਆਂ ਸਨ। ਇਸ



ਤਾਂਘ ਵਿੱਚ ਹੀ ਪਰਵਾਸੀ ਸਾਹਿਤ ਨੇ ਜਨਮ ਲਿਆ। ਇਧਰੋਂ ਗਏ ਕੁਝ ਲੇਖਕਾਂ ਨੇ ਉਧਰ ਜਾ ਕੇ ਉੱਥੋਂ ਦੇ ਹਾਲਾਤ ਅਤੇ ਤਰਜ਼ੇ ਜ਼ਿੰਦਗੀ ਬਾਰੇ ਜੋ ਲਿਖਤਾਂ ਉਲੀਕੀਆਂ ਉਹ ਪਰਵਾਸੀ ਸਾਹਿਤ ਹੋ ਨਿਬੜਿਆ ਜਿਸ ਦੀ ਦੋਹੀਂ ਪਾਸੀਂ ਪ੍ਰਸੰਸਾ ਹੁੰਦੀ ਸੀ। ਅੱਜ ਬਰਤਾਨੀਆ ਅਤੇ ਕੈਨੇਡਾ ਤੋਂ ਬਿਨਾਂ ਅਮਰੀਕਾ ਅਤੇ ਕੁਝ ਹੋਰ ਮੁਲਕਾਂ ਵਿੱਚ ਨਾ ਕੇਵਲ ਚੰਗੇ ਲੇਖਕ ਰਹਿੰਦੇ ਹਨ ਸਗੋਂ ਪੰਜਾਬੀਆਂ ਦੀ ਇਸੇ ਜ਼ੁਬਾਨ ਨੇ ਪੰਜਾਬੀ ਪੱਤਰਕਾਰੀ ਅਤੇ ਰੇਡੀਓ, ਟੀ.ਵੀ. ਦੇ ਵਿਕਾਸ ਵਿੱਚ ਵੀ ਚੋਖਾ ਯੋਗਦਾਨ ਪਾਇਆ ਹੈ।

ਪੰਜਾਬ ਵਿੱਚ ਰੋਜ਼ ਸਵੇਰੇ ਅਤੇ ਸ਼ਾਮ ਨੂੰ ਰੇਡੀਓ ਤੇ ਟੀ.ਵੀ. ਬਹਿਸਾਂ ਸੁਣਾਈਆਂ ਜਾਂਦੀਆਂ ਹਨ। ਇਹ ਸਭ ਕੁਝ ਸੁਣ ਕੇ ਇਉਂ ਲੱਗਦਾ ਹੈ ਕਿ ਜਿਹੜਾ ਪੰਜਾਬ ਇੱਧਰ ਵਸਦਾ ਹੈ ਲੱਗਭੱਗ ਇਸੇ ਤਰ੍ਹਾਂ ਦਾ ਬਲਕਿ ਇਸ ਨਾਲੋਂ ਵੀ ਕਈ ਗੁਣਾਂ ਬਿਹਤਰ ਉਨ੍ਹਾਂ ਨੇ ਉਧਰ ਜਾ ਕੇ ਵਸਾ ਲਿਆ ਹੈ। ਧਰਤੀ ਪੱਖੋਂ ਤਾਂ ਦੋਹਾਂ ਵਿੱਚ ਹਜ਼ਾਰਾਂ ਕਿਲੋਮੀਟਰ ਦੀ ਦੂਰੀ ਹੈ ਪਰ ਪੰਜਾਬੀ ਜ਼ੁਬਾਨ, ਸਾਹਿਤ ਅਤੇ ਸਭਿਆਚਾਰ ਪੱਖੋਂ ਕੋਈ ਦੂਰੀ ਨਹੀਂ ਲੱਗ ਰਹੀ। ਜਿਵੇਂ ਕੈਨੇਡਾ ਸਰਕਾਰ ਨੇ ਪੰਜਾਬੀ ਨੂੰ ਆਪਣੀ ਤੀਸਰੀ ਭਾਸ਼ਾ ਤਸਲੀਮ ਕਰ ਲਿਆ ਹੈ ਇਵੇਂ ਹੀ ਪੰਜਾਬ ਸਰਕਾਰ ਨੇ ਵਿਦੇਸ਼ਾਂ ਵਿੱਚ ਰਹਿੰਦੇ ਲੇਖਕਾਂ ਅਤੇ ਪੱਤਰਕਾਰਾਂ ਦੀਆਂ ਲਿਖਤਾਂ ਦਾ ਮਾਣ-ਸਨਮਾਨ ਕਰਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਪੁਰਸਕਾਰ ਦੇਣੇ ਸ਼ੁਰੂ ਕੀਤੇ ਹੋਏ ਹਨ।

ਅਸਲ ਵਿੱਚ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਦਾ ਉਧਰ ਇਹ ਸਨਮਾਨ ਮੌਜੂਦਾ ਪੀੜ੍ਹੀ ਕਰਕੇ ਹੈ ਜੋ ਪੰਜਾਬ ਤੋਂ ਗਈ ਹੈ ਪਰ ਉੱਥੇ ਜਾ ਕੇ ਵੀ ਆਪਣੀਆਂ ਜੜ੍ਹਾਂ ਨਾਲੋਂ ਨਹੀਂ ਟੁੱਟੀ। ਪੰਜਾਬ ਤੋਂ ਜ਼ੁਬਾਨ ਦਾ ਪੱਲਾ ਫੜੀ ਰੱਖਣਾ ਉਨ੍ਹਾਂ ਦੀ ਮਜਬੂਰੀ ਵੀ ਹੋ ਸਕਦੀ ਹੈ ਤਾਂ ਵੀ ਇਸ ਨੇ ਉਨ੍ਹਾਂ ਨੂੰ ਉੱਥੇ ਮਾਣ-ਸਨਮਾਨ ਦਿਵਾਇਆ ਹੈ ਪਰ ਹੁਣ ਜਦੋਂ ਸਮੇਂ ਦੀ ਰਫਤਾਰ ਬਹੁਤ ਤੇਜ਼ ਹੋ ਗਈ ਹੈ ਅਤੇ ਕੰਪਿਊਟਰ ਯੁੱਗ ਨੇ ਪੂਰੇ ਵਿਸ਼ਵ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਇਕ ਪਿੰਡ ਦਾ ਰੂਪ ਦੇ ਦਿੱਤਾ ਹੈ ਤਾਂ ਇਨ੍ਹਾਂ ਪੰਜਾਬੀਆਂ ਦੀ ਹੀ ਅਗਲੀ ਪੀੜ੍ਹੀ ਦਾ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਪ੍ਰਤੀ ਉਹ ਰੁਝਾਨ ਜਾਂ ਮੋਹ ਨਹੀਂ ਜੋ ਪੰਜਾਬੀਆਂ ਦਾ ਆਪਣਾ ਸੀ ਅਤੇ ਹੈ ਵੀ। ਇਸ ਲਈ ਪੰਜਾਬੀ ਜ਼ੁਬਾਨ ਦੀ ਸਥਿਤੀ ਹੌਲੀ ਹੌਲੀ ਪਹਿਲਾਂ ਦੇ ਟਾਕਰੇ 'ਤੇ ਹੇਠਾਂ ਵੱਲ ਆ ਰਹੀ ਹੈ। ਨਵੀਂ ਪੀੜ੍ਹੀ ਦੀ ਨਵੀਂ ਭਾਸ਼ਾ ਹੈ, ਨਵੀਂ ਸੋਚ ਹੈ, ਨਵਾਂ ਨਜ਼ਰੀਆ ਹੈ। ਸਾਫ ਹੈ ਕਿ ਇਸ ਨਾਲ ਪਹਿਲੀ ਮੁੱਢਲੀ ਪੀੜ੍ਹੀ ਅਤੇ ਅਗਲੀ ਪੀੜ੍ਹੀ ਵਿੱਚ ਭਾਸ਼ਾ ਦੀ ਵਰਤੋਂ ਅਤੇ ਮੋਹ ਦਾ ਫਰਕ ਪੈਣ ਲੱਗ ਪਿਆ ਹੈ। ਪੁਰਾਣੀ ਪੀੜ੍ਹੀ ਹੁਣ ਵੀ ਘਰ, ਦਫਤਰ, ਬਾਹਰ ਜਾਂ ਹੋਰ ਮੇਲ-ਮਿਲਾਪ ਵਾਲੀਆਂ ਥਾਵਾਂ 'ਤੇ ਪੰਜਾਬੀ ਦਾ ਆਸਰਾ ਲੈਂਦੀ ਹੈ ਪਰ ਨਵੀਂ ਪੀੜ੍ਹੀ ਘਰ ਵਿੱਚ ਤਾਂ ਭਾਵੇਂ ਮਾੜਾ-ਮੋਟਾ ਪੰਜਾਬੀ ਨੂੰ ਮੂੰਹ ਮਾਰ ਲਏ ਪਰ ਸਕੂਲਾਂ, ਕਾਲਜਾਂ ਅਤੇ ਘਰੋਂ ਬਾਹਰ ਇਹ ਉਸ ਭਾਸ਼ਾ ਨੂੰ ਤਰਜੀਹ ਦਿੰਦੀ ਹੈ ਜਿਸ ਦੀ ਨਵੇਂ ਸੰਦਰਭ ਵਿੱਚ ਜ਼ਰੂਰਤ ਹੈ। ਬਿਨਾਂ ਸ਼ੱਕ ਨਵੀਂ ਪੀੜ੍ਹੀ ਦੀ ਇਹ ਆਪਣੀ ਲੋੜ ਹੈ ਪਰ ਇਹ ਯਕੀਨਨ ਆਉਣ ਵਾਲੇ ਵਰ੍ਹਿਆਂ ਵਿੱਚ ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਲਈ ਨੁਕਸਾਨਦੇਹ ਹੋਵੇਗਾ।



# ਬਰਤਾਨੀਆ : ਸਿੱਖ ਜਥੇਬੰਦੀਆਂ 30 ਸਤੰਬਰ ਨੂੰ ਕਰਨਗੀਆਂ ਰੋਸ ਵਿਖਾਵਾ

**ਲੰਡਨ/ਬਿਊਰੋ ਨਿਊਜ਼ :** ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ, ਫਰੀ ਜੱਗੀ ਕੈਂਪੇਨ ਅਤੇ ਸਿੱਖ ਯੂਥ ਯੂਕੇ ਵਲੋਂ ਬਰਤਾਨਵੀ ਸਰਕਾਰ ਚਲਾ ਰਹੀ ਕੰਜ਼ਰਵੇਟਿਵ (ਟੋਰੀ) ਪਾਰਟੀ ਦੀ ਬੈਠਕ ਮੌਕੇ ਭਾਰੀ ਰੋਸ ਵਿਖਾਵੇ ਦਾ ਐਲਾਨ ਕੀਤਾ ਗਿਆ ਹੈ। ਇਹ ਮੀਟਿੰਗ ਇੰਟਰਨੈਸ਼ਨਲ ਕਨਵੈਂਸ਼ਨ ਸੈਂਟਰ ਬਰਡ ਸਟਰੀਟ ਬ੍ਰਮਿੰਘਮ ਵਿਖੇ 30 ਸਤੰਬਰ ਐਤਵਾਰ ਨੂੰ ਹੋਣ ਜਾ ਰਹੀ ਹੈ। ਇਸ ਮੌਕੇ ਸਿੱਖਾਂ ਵਲੋਂ ਦੁਪਿਹਰ ਇੱਕ ਵਜੇ ਤੋਂ ਤਿੰਨ ਵਜੇ ਤੱਕ ਪੁਰਅਮਨ ਤਰੀਕੇ ਨਾਲ ਰੋਸ ਵਿਖਾਵਾ ਕੀਤਾ ਜਾਵੇਗਾ। ਬਰਤਾਨੀਆ ਵਿਚ ਆਜ਼ਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਜੂਨ-1984 ਨੂੰ ਸਿੱਖ ਤਵਾਰੀਖ ਵਿਚ ਵਾਪਰੇ ਤੀਜੇ ਖੂਨੀ ਘੱਲੂਘਾਰੇ ਵਿਚ ਬਰਤਾਨਵੀ ਸਰਕਾਰ ਦੀ ਭੂਮਿਕਾ ਜ਼ਾਹਰ ਹੋ ਚੁੱਕੀ ਹੈ। ਇਸ ਬਾਰੇ ਸਿੱਖਾਂ ਦੀ ਮੰਗ ਹੈ ਕਿ ਇਹਨਾਂ ਨੇ ਭਾਰਤੀ ਫੌਜ ਵਲੋਂ ਸਿੱਖਾਂ 'ਤੇ ਢਾਹੇ ਗਏ ਕਹਿਰ ਵਿਚ ਕਿਸ ਕਦਰ ਸਾਥ ਦਿੱਤਾ ਸੀ, ਉਸ ਦੀ ਨਿਰਪੱਖ ਜਾਂਚ ਕਰਵਾਈ ਜਾਵੇ ਤਾਂ ਕਿ ਸਚਾਈ ਸਾਹਮਣੇ ਆ ਸਕੇ।

ਗੌਰਤਲਬ ਹੈ ਕਿ ਜੂਨ 1984 ਵਿੱਚ ਜਦੋਂ ਭਾਰਤੀ ਫੌਜ ਵਲੋਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ਨਾਲ ਅਤੇ ਹਿੰਦੂਤਵੀ ਲਾਬੀ ਖਾਸ ਕਰ ਭਾਜਪਾ ਅਤੇ ਰਵਾਇਤੀ ਅਕਾਲੀ ਦਲ ਦੇ ਆਗੂਆਂ ਦੀ ਸਹਿਮਤੀ ਨਾਲ ਟੈਂਕਾਂ ਅਤੇ ਤੋਪਾਂ ਨਾਲ ਲੈਸ ਹੋ ਕੇ ਸੱਚਖੰਡ ਸ੍ਰੀ ਦਰਬਾਰ ਸਾਹਿਬ 'ਤੇ ਵਹਿਸ਼ੀ ਹਮਲਾ ਕੀਤਾ ਗਿਆ ਤਾਂ ਬਰਤਾਨੀਆ ਵਿਚ ਉਸ ਵਕਤ ਵੀ ਮਾਰਗਰੇਟ ਥੈਚਰ ਦੀ ਅਗਵਾਈ ਵਾਲੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ, ਇਸੇ ਤਰਾਂ ਹੁਣ ਪਿਛਲੇ ਸਾਲ ਜਦੋਂ ਪੰਜਾਬ ਵਿੱਚ ਵਿਆਹ ਕਰਵਾਉਣ ਗਏ ਬਰਤਾਨਵੀ ਨਾਗਰਿਕ ਜਗਤਾਰ ਸਿੰਘ ਜੱਗੀ ਜੌਹਲ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫਤਾਰ ਕਰਕੇ ਅਣਮਨੁੱਖੀ ਤਸ਼ੱਦਦ ਕਰਨ ਮਗਰੋਂ ਝੂਠੇ ਕੇਸਾਂ ਵਿੱਚ ਫਸਾਇਆ ਗਿਆ, ਤਾਂ ਵੀ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਸੀ। ਪਿਛਲੇ ਦਿਨੀਂ ਜਦੋਂ ਬਰਤਾਨੀਆ ਵਿਚ ਸਿੱਖਾਂ ਦੇ ਘਰਾਂ 'ਤੇ ਪੁਲਿਸ ਦੇ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਛਾਪੇਮਾਰੀ ਕਰਕੇ ਪਰਿਵਾਰਾਂ ਨੂੰ ਭਾਰੀ ਤੰਗ ਪ੍ਰੇਸ਼ਾਨ ਕੀਤਾ ਗਿਆ ਤਾਂ ਹੁਣ ਵੀ ਇਥੇ ਕੰਜ਼ਰਵੇਟਿਵ ਪਾਰਟੀ ਦੀ ਹੀ ਸਰਕਾਰ ਹੈ। ਜਗਤਾਰ ਸਿੰਘ ਜੌਹਲ ਬਰਤਾਨੀਆ ਦਾ ਨਾਗਰਿਕ ਹੋਣ ਦੇ ਬਾਵਜੂਦ ਉਸ ਦੀ ਸਹੀ ਢੰਗ ਨਾਲ ਪੈਰਵਾਈ ਨਹੀ ਕੀਤੀ ਗਈ। ਇਹਨਾਂ ਤਿੰਨਾਂ ਹੀ ਮੁੱਦਿਆਂ ਨੂੰ ਮੁੱਖ ਰੱਖਦਿਆਂ ਕੰਜ਼ਰਵੇਟਿਵ ਪਾਰਟੀ ਦੀ ਮੌਜੂਦਾ ਸਰਕਾਰ ਖਿਲਾਫ ਸਿੱਖ ਕੌਮ ਵੱਲੋਂ ਰੋਸ ਦਾ ਪ੍ਰਗਟਾਵਾ ਕਰਨ ਲਈ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ, ਤਾਂ ਕਿ ਇਹਨਾਂ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ ਜਾ ਸਕੇ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂਕੇ ਵਲੋਂ ਸਿੱਖਾਂ ਦੇ ਘਰਾਂ ਉਤੇ




ਛਾਪੇਮਾਰੀ ਕਰਨ ਦੇ ਪੁਲਿਸੀਆ ਕਾਰੇ ਨੂੰ ਮਨੁੱਖੀ ਅਧਿਕਾਰਾਂ ਦਾ ਅਪਮਾਨ ਕਰਾਰ ਦਿੱਤਾ ਗਿਆ ਹੈ। ਇਸ ਪ੍ਰਤੀ ਸਿੱਖ ਕੌਮ ਵਿੱਚ ਭਾਰੀ ਰੋਸ ਹੈ। ਜਿਸ ਤਰੀਕੇ ਨਾਲ ਸਿੱਖਾਂ ਦੇ ਘਰਾਂ 'ਤੇ ਛਾਪੇਮਾਰੀ ਹੋਈ ਹੈ ਇਸ ਦਾ ਵਤੀਰਾ ਪੰਜਾਬ ਪੁਲਿਸ ਦੁਆਰਾ ਪੰਜਾਬ ਦੇ ਸਿੱਖ ਘਰਾਂ 'ਤੇ ਮਾਰੇ ਗਏ ਛਾਪਿਆਂ ਨਾਲ ਮਿਲਦਾ ਹੈ ਜੋ ਕਿ ਬਰਤਾਨੀਆ ਵਰਗੇ ਲੋਕਤੰਤਰਿਕ ਮੁਲਕ ਦੀ ਆਪਣੇ ਹੀ ਦੇਸ਼ ਦੇ ਨਾਗਰਿਕਾਂ ਪ੍ਰਤੀ ਅਪਣਾਏ ਜਾ ਰਹੇ ਵਤੀਰੇ 'ਤੇ ਸਵਾਲੀਆ ਚਿੰਨ ਲਗਾਉਂਦਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਸੰਗਤਾਂ ਮਹਿਸੂਸ ਕਰਦੀਆਂ ਹਨ ਕਿ ਇਸ ਵਾਸਤੇ ਭਾਰਤ ਸਰਕਾਰ ਦਾ ਸਿੱਖ ਵਿਰੋਧੀ ਪ੍ਰਾਪੇਗੰਡਾ ਅਤੇ ਝੂਠੀਆਂ ਮੁਖਬਰੀਆਂ ਜ਼ਿੰਮੇਵਾਰ ਹਨ। ਦੁਨੀਆ ਭਰ ਦੇ ਇਨਸਾਫ ਪਸੰਦ ਲੋਕ ਜਾਣਦੇ ਹਨ ਅਤੇ ਇਤਿਹਾਸ ਅਤੇ ਸਿੱਖ ਸਿਧਾਂਤ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਸਿੱਖ ਅੱਤਵਾਦੀ ਨਹੀਂ ਹੁੰਦੇ ਅਤੇ ਅੱਤਵਾਦੀ ਸਿੱਖ ਨਹੀਂ ਹੁੰਦੇ ਪਰ ਆਪਣਾ ਹੱਕ ਜ਼ਰੂਰ ਲੈਂਦੇ ਹਨ। ਫਿਰ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਕੀਤੀ ਗਈ ਛਾਪੇਮਾਰੀ ਦੇ ਕੀ ਕਾਰਨ ਹਨ ?

ਉਨ੍ਹਾਂ ਕਿਹਾ ਕਿ ਵਿਦੇਸ਼ਾਂ ਵਿੱਚ ਖਾਲਿਸਤਾਨ ਦੀ ਲਹਿਰ ਆਏ ਦਿਨ ਜ਼ੋਰ ਫੜ ਰਹੀ ਹੈ ਅਤੇ ਸਿੱਖ ਨੌਜਵਾਨ ਸਮੇਂ ਦੇ ਹਾਣੀ ਬਣਦੇ ਹੋਏ ਕੌਮੀ ਆਜ਼ਾਦੀ ਦੇ ਇਸ ਪਾਕ ਪਵਿੱਤਰ ਕਾਜ ਦਾ ਵੱਡੀ ਪੱਧਰ ਤੇ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਿੱਖ ਇਤਿਹਾਸ ਨੂੰ ਸਾਂਭਦਿਆਂ ਸਿੱਖ ਸ਼ਹੀਦਾਂ ਦੀਆਂ ਜੀਵਨੀਆਂ ਪੇਸ਼ ਕਰ ਰਹੀਆਂ ਦੋ ਵੈਬਸਾਈਟਾਂ ਨੂੰ ਵੀ ਬੰਦ ਕੀਤਾ ਗਿਆ ਹੈ। ਇਹ ਸਾਰਾ ਵਰਤਾਰਾ ਭਾਰਤ ਦੀ ਹਿੰਦੂਤਵੀ ਲਾਬੀ ਵਲੋਂ ਵਿਦੇਸ਼ੀ ਸਰਕਾਰ ਕੋਲ ਕੀਤੀਆਂ ਮੁਖਬਰੀਆਂ ਅਤੇ ਗਲਤ ਜਾਣਕਾਰੀ ਨਾਲ ਵਾਪਰ ਰਿਹਾ ਹੈ। ਪਰ ਭਾਰਤ ਸਰਕਾਰ ਅਜਿਹੇ ਕੋਝੇ ਯਤਨਾਂ ਨਾਲ ਖਾਲਿਸਤਾਨ ਦੇ ਸੰਘਰਸ਼ ਨੂੰ ਖਤਮ ਨਹੀਂ ਕਰ ਸਕੇਗੀ ਕਿਉਂਕਿ ਇਹ ਹੱਕ ਸੱਚ ਇਨਸਾਫ ਅਤੇ ਧਰਮ ਤੇ ਅਧਾਰਿਤ ਹੈ ਅਤੇ ਇਸਦੀ ਸਿਰਜਣਾ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੀ ਲਾਸਾਨੀ ਸ਼ਹਾਦਤ ਨਾਲ ਹੋਈ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਮਿੱਡਲੈਂਡ ਅਤੇ ਲੰਡਨ ਦੇ ਇਲਾਕਿਆਂ ਵਿੱਚ ਸਿੱਖਾਂ ਦੇ ਘਰਾਂ 'ਤੇ ਪੁਲਿਸ ਵਲੋਂ ਛਾਪੇਮਾਰੀ ਕੀਤੀ ਗਈ ਅਤੇ ਪਰਿਵਾਰਕ ਮੈਂਬਰਾਂ ਨੂੰ ਪੰਜਾਬ ਪੁਲਿਸ ਵਾਂਗ ਤੰਗ ਪ੍ਰੇਸ਼ਾਨ ਕੀਤਾ ਗਿਆ।

## ਅਮਰੀਕਾ 'ਚ ਨਸ਼ਾ ਸਮੱਗਲਿੰਗ ਕਰਦਾ ਫੜਿਆ ਕੈਨੇਡੀਅਨ ਪੰਜਾਬੀ

### ਟਰੱਕ ਡਰਾਇਵਰ ਇੰਦਰਜੀਤ ਭਿੰਡਰ ਕੋਲੋਂ ਕੋਕੀਨ ਮਿਲਣ ਦਾ ਦਾਅਵਾ

**ਮਿਸ਼ੀਗਨ/ਬਿਊਰੋ ਨਿਊਜ਼ :** ਇਕ ਕੈਨੇਡੀਅਨ-ਪੰਜਾਬੀ ਟਰੱਕ ਡਰਾਈਵਰ ਇੰਦਰਜੀਤ ਭਿੰਡਰ 41 ਕਿਲੋ ਤੋਂ ਵੱਧ ਦੀ ਕੋਕੀਨ ਤੇ ਇਕ ਕਿਲੋ ਹੈਰੋਈਨ ਸਮੇਤ ਕਾਬੂ ਕੀਤਾ ਗਿਆ ਹੈ। ਉਸ ਨੂੰ ਅਮਰੀਕੀ ਸੂਬੇ ਮਿਸ਼ੀਗਨ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ। ਜਦੋਂ ਪੁਲਸ ਨੇ ਟਰੱਕ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਹੱਥ ਡਰੱਗਜ਼ ਨਾਲ ਭਰੇ ਬੈਗ ਲੱਗੇ। ਪੁੱਛ ਪੜਤਾਲ ਦੌਰਾਨ ਉਨ੍ਹਾਂ ਨੂੰ ਪਤਾ ਲੱਗਾ ਕਿ ਇੰਦਰਜੀਤ ਕੈਨੇਡਾ ਦਾ ਰਹਿਣ ਵਾਲਾ ਹੈ। ਵਿਸਥਾਰ ਨਾਲ ਮਿਲੀ ਜਾਣਕਾਰੀ ਮੁਤਾਬਕ ਬਰੈਂਪਟਨ ਦੇ ਰਹਿਣ ਵਾਲੇ ਇੰਦਰਜੀਤ ਭਿੰਡਰ ਕੋਲੋਂ ਕਥਿਤ ਤੌਰ 'ਤੇ 41.24 ਕਿਲੋ ਕੋਕੀਨ ਅਤੇ 1.39 ਕਿਲੋ ਹੈਰੋਇਨ ਬਰਾਮਦ ਕੀਤੀ ਗਈ ਹੈ। ਇਹ ਅਮਰੀਕਾ ਤੋਂ ਸਰਹੱਦ ਰਾਹੀਂ ਕੈਨੇਡਾ ਵਿਚ ਨਸ਼ਾ ਤਸਕਰੀ ਦਾ ਮਾਮਲਾ ਦੱਸਿਆ ਜਾ ਰਿਹਾ ਹੈ।

ਸੂਤਰਾਂ ਮੁਤਾਬਿਕ ਅਮਰੀਕਾ ਦੀ ਪੁਲੀਸ ਨੇ ਭਿੰਡਰ ਨੂੰ ਮਿਸ਼ੀਗਨ ਸ਼ਹਿਰ ਵਿਚ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਦਿਆਂ ਰੋਕਿਆ ਅਤੇ ਸ਼ੱਕ ਦੇ ਆਧਾਰ 'ਤੇ ਟਰੱਕ ਦੀ ਤਲਾਸ਼ੀ ਲਈ ਤਾਂ ਉਸ ਦੇ ਸੌਣ ਵਾਲੇ ਕੈਬਿਨ 'ਚੋਂ ਨਸ਼ੀਲੇ ਪਦਾਰਥ ਬਰਾਮਦ ਹੋਏ। ਭਿੰਡਰ ਕੋਲੋਂ ਦੋ ਮੋਬਾਈਲ ਫੋਨ ਵੀ ਬਰਾਮਦ ਹੋਏ ਹਨ, ਜਿਨ੍ਹਾਂ ਵਿੱਚ ਆਏ ਸੁਨੇਹਿਆਂ ਤੋਂ ਪੁਲੀਸ ਹੋਰ ਸੁਰਾਗ ਲਗਾ ਰਹੀ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਭਿੰਡਰ ਨੇ ਸ਼ੁਰੂ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਪੋਰਟ ਹਿਊਰੋਨ ਬਲਿਊ ਵਾਟਰ ਬਰਿੱਜ ਤੋਂ ਅਮਰੀਕਾ ਵਿਚ ਦਾਖਲ ਹੋਇਆ ਤਾਂ ਆਰਾਮ ਕਰਨ ਲਈ ਮਿਸ਼ੀਗਨ ਰੈਸਟ ਸਟਾਪ ਚਲਾ ਗਿਆ ਸੀ। ਆਰਾਮ ਕਰਨ ਤੋਂ ਬਾਅਦ ਉਹ ਆਪਣੇ ਟਰੱਕ ਵਿੱਚ ਵਾਪਸ ਆ ਗਿਆ ਅਤੇ ਉਥੇ ਤਿੰਨ ਆਦਮੀ ਦੇਖੇ ਸਨ। ਭਿੰਡਰ ਇਨ੍ਹਾਂ ਬਾਰੇ ਬਹੁਤੀ ਵਿਸਥਾਰ ਵਿਚ ਜਾਣਕਾਰੀ ਨਾ ਦੇ ਸਕਿਆ। ਉਸ ਨੇ ਕਿਹਾ ਕਿ ਸ਼ਾਇਦ ਉਹ ਇਹ ਬੈਗ ਟਰੱਕ ਵਿਚ ਰੱਖ ਗਏ ਹੋਣ। ਭਿੰਡਰ ਨੇ ਦਾਅਵਾ ਕੀਤਾ ਕਿ ਉਹ

ਬਾਕੀ ਸਫ਼ਾ 28 'ਤੇ

CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

PH : 530-669-5780 Fax : 530-669-5775
Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776

ALL STATE INSURANCE

Allstate. You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਫਿਲਮ 'ਮਨਮਰਜ਼ੀਆਂ' ਵਿਚ ਸਿੱਖਾਂ ਦੀ ਮਰਜ਼ੀ ਮੁਤਾਬਿਕ ਫੇਰਬਦਲ

**ਚੰਡੀਗੜ੍ਹ/ਬਿਊਰੋ ਨਿਊਜ਼ :** ਮਨਮਰਜ਼ੀਆਂ ਦੇ ਡਾਇਰੈਕਟਰ ਅਨੁਰਾਗ ਕਸ਼ਿਅਪ ਨੇ ਫ਼ਿਲਮ ਦੇ ਕੁਝ ਸੀਨਾਂ 'ਤੇ ਸਿੱਖ ਭਾਈਚਾਰੇ ਦੇ ਇਤਰਾਜ਼ ਤੋਂ ਬਾਅਦ ਮੁਆਫੀ ਮੰਗੀ ਅਤੇ ਇਤਰਾਜ਼ਯੋਗ ਸੀਨ ਵੀ ਹਟਾ ਲਏ। ਦਰਅਸਲ ਵੱਖ-ਵੱਖ ਸਿੱਖ ਜਧੇਬੰਦੀਆਂ ਸਮੇਤ ਐਸਜੀਪੀਸੀ ਨੇ ਫਿਲਮ 'ਚ ਅਭਿਸ਼ੇਕ ਬੱਚਨ ਨੂੰ ਸਿੱਖ ਦੇ ਕਿਰਦਾਰ 'ਚ ਸਿਗਰਟ ਪੀਂਦਿਆਂ ਦਿਖਾਏ ਜਾਣ 'ਤੇ ਇਤਰਾਜ਼ ਜਤਾਇਆ ਸੀ ਤੇ ਫਿਲਮ ਦੀ ਸਮੁੱਚੀ ਟੀਮ 'ਤੇ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹੀ ਸੀ।

ਫਿਲਮ ਨਿਰਮਾਤਾਵਾਂ ਨੇ ਇਹ ਸੀਨ ਹਟਾਉਣ ਲਈ ਸੈਂਟਰਲ ਬੋਰਡ ਆਫ ਫ਼ਿਲਮ ਸਰਟੀਫਿਕੇਸ਼ਨ ਕੋਲ ਪਹੁੰਚ ਕੀਤੀ। ਫਿਲਮ 'ਚੋਂ ਜਿਹੜੇ ਤਿੰਨ ਸੀਨ ਕੱਟੇ ਗਏ ਹਨ ਉਨ੍ਹਾਂ 'ਚ ਅਭਿਸ਼ੇਕ ਬੱਚਨ ਵੱਲੋਂ ਸਿਗਰਟ ਪੀਣ ਦਾ 29 ਸਕਿੰਟ ਦਾ ਸੀਨ, ਇਕ ਗੁਰਦੁਆਰੇ 'ਚ ਤਾਪਸੀ ਪੰਨੂੰ ਤੇ ਅਭਿਸ਼ੇਕ ਦੇ ਦਾਖਲ ਹੋਣ ਦਾ ਇਕ ਮਿੰਟ ਦਾ ਸੀਨ ਤੇ ਤਾਪਸੀ ਦੇ ਸਿਗਰਟ ਪੀਣ ਦਾ 11 ਸਕਿੰਟ ਦਾ ਸੀਨ ਸ਼ਾਮਿਲ ਹੈ।

ਫਿਲਮ ਨਿਰਦੇਸ਼ਕ ਅਨੁਰਾਗ ਕਸ਼ਯਪ ਨੇ ਕਿਹਾ ਕਿ ਉਨ੍ਹਾਂ ਦਾ ਇਰਾਦਾ ਕਿਸੇ ਵੀ ਭਾਈਚਾਰੇ ਨੂੰ ਠੇਸ ਪਹੁੰਚਾਉਣ ਦਾ ਨਹੀਂ ਸੀ ਜੇਕਰ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ ਤਾਂ ਉਹ ਇਸ ਲਈ ਮੁਆਫ਼ੀ ਮੰਗਦੇ ਹਨ।

ਗੌਰਤਲਬ ਹੈ ਕਿ ਫ਼ਿਲਮ 'ਚ ਸਿੱਖ ਦਾ ਕਿਰਦਾਰ ਨਿਭਾਅ ਰਹੇ ਅਭਿਸ਼ੇਕ ਬਚਨ ਆਪਣੀ ਪੱਗ ਲਾਹ ਦਿੰਦੇ ਹਨ ਤੇ ਫਿਰ ਸਿਗਰਟ ਪੀਣ ਲਗਦੇ ਹਨ। ਹਾਲ ਹੀ 'ਚ ਦਿੱਲੀ 'ਚ ਫ਼ਿਲਮ ਨੂੰ ਵਿਚਾਲੇ ਹੀ ਬੰਦ ਕਰਵਾ ਦਿੱਤਾ ਗਿਆ ਸੀ।

# ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਰਲ ਕੇ ਬਣਾਈ 'ਪੰਥਕ ਅਸੈਂਬਲੀ'

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਿੱਖ ਜਗਤ ਦੀਆਂ ਵੱਖ-ਵੱਖ ਜਥੇਬੰਦੀਆਂ ਨੇ ਆਪਸੀ ਵਿਚਾਰ-ਵਟਾਂਦਰੇ ਤੋਂ ਬਾਅਦ 'ਪੰਥਕ ਅਸੈਂਬਲੀ' ਬਣਾਈ ਹੈ, ਜਿਸਦਾ ਪਹਿਲਾ ਇਜਲਾਸ ਸੱਦਣ ਦਾ ਐਲਾਨ ਵੀ ਕਰ ਦਿੱਤਾ ਗਿਆ ਹੈ। ਇਹ ਪੰਥਕ ਅਸੈਂਬਲੀ ਪੰਜਾਬ ਅਸੈਂਬਲੀ ਦੀ ਤਰਜ਼ 'ਤੇ ਹੋਵੇਗੀ, ਜਿਸ ਦੇ 117 ਮੈਂਬਰ ਹੋਣਗੇ। ਇਹ ਪੰਥਕ ਅਸੈਂਬਲੀ ਸਿੱਖਾਂ ਦੇ ਦਬਾਅ ਗਰੁੱਪ ਵਜੋਂ ਕੰਮ ਕਰੇਗੀ।ਇਸ ਦਾ ਪਹਿਲਾ ਇਜਲਾਸ ਅੰਮ੍ਰਿਤਸਰ ਵਿਚ 20 ਅਤੇ 21 ਅਕਤੂਬਰ ਨੂੰ ਹੋਵੇਗਾ, ਜਿਸ ਵਿਚ ਬਰਗਾੜੀ ਅਤੇ ਬੇਅਦਬੀ ਮਾਮਲਿਆਂ ਦੀ ਮੌਜੂਦਾ ਸਥਿਤੀ 'ਤੇ ਵਿਚਾਰ ਚਰਚਾ ਕੀਤੀ ਜਾਵੇਗੀ।

ਇਹ ਖੁਲਾਸਾ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਹੋਈ ਇੱਕ ਮੀਟਿੰਗ ਤੋਂ ਬਾਅਦ ਕੀਤਾ ਗਿਆ। ਮੀਟਿੰਗ ਵਿੱਚ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ, ਫਾਰਗ ਕੀਤੇ ਪੰਜ ਪਿਆਰਿਆਂ ਵਿੱਚੋਂ ਭਾਈ ਸਤਨਾਮ ਸਿੰਘ ਖੰਡਾ, ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਦਲ ਖਾਲਸਾ ਦੇ ਕੰਵਰਪਾਲ ਸਿੰਘ, ਅਕਾਲ ਪੁਰਖ ਕੀ ਫੌਜ ਜਥੇਬੰਦੀ ਦੇ ਐਡਵੋਕੇਟ ਜਸਵਿੰਦਰ ਸਿੰਘ, ਕੁਲਦੀਪ ਸਿੰਘ ਸਿੰਘ ਬ੍ਰਦਰਜ਼, ਐਡਵੋਕੇਟ ਨਵਕਿਰਨ ਸਿੰਘ, ਪ੍ਰੋ. ਜਗਮੋਹਨ ਸਿੰਘ, ਬੀਬੀ ਕੁਲਵੰਤ ਕੌਰ ਤੇ ਹੋਰ ਸ਼ਾਮਲ ਸਨ। ਮੀਟਿੰਗ ਦੀ ਕਾਰਵਾਈ ਦਾ ਖੁਲਾਸਾ ਕਰਦਿਆਂ ਪ੍ਰੋ. ਜਗਮੋਹਨ ਸਿੰਘ, ਜਸਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਸਿੱਖ ਜਥੇਬੰਦੀਆਂ ਵੱਲੋਂ ਮੌਜੂਦਾ ਸਮੇਂ ਬਹੁਤ ਹੀ ਗੰਭੀਰ ਬੇਅਦਬੀ ਅਤੇ ਬਰਗਾੜੀ ਮਾਮਲੇ 'ਤੇ ਸਮੂਹਿਕ ਰੂਪ ਵਿਚ ਵਿਚਾਰ ਕਰਨ ਲਈ 'ਪੰਥਕ ਅਸੈਂਬਲੀ' ਸੱਦਣ ਦਾ ਫੈਸਲਾ ਕੀਤਾ ਗਿਆ ਹੈ। ਇਸ ਪੰਥਕ ਅਸੈਂਬਲੀ ਵੱਲੋਂ ਮਾਮਲੇ ਨੂੰ ਵਿਚਾਰਨ ਮਗਰੋਂ ਕੀਤੀਆਂ ਗਈਆਂ ਸਿਫਾਰਸ਼ਾਂ ਨੂੰ ਲੋੜ ਮੁਤਾਬਕ ਲੋਕਾਂ ਅਤੇ ਸਰਕਾਰ ਕੋਲ ਰੱਖਿਆ ਜਾਵੇਗਾ।

ਇਸ ਪੰਥਕ ਅਸੈਂਬਲੀ ਨੂੰ ਸੱਦਣ ਦੀ ਲੋੜ ਬਾਰੇ ਸਿੱਖ ਆਗੂਆਂ ਨੇ ਆਖਿਆ ਕਿ ਹੁਣ ਤਕ ਬਰਗਾੜੀ ਅਤੇ ਬੇਅਦਬੀ ਮਾਮਲੇ ਵਿਚ ਅਕਾਲੀ ਅਤੇ ਕਾਂਗਰਸ ਸਰਕਾਰ ਦੋਵਾਂ ਨੇ ਹੀ ਅਮਲੀ ਰੂਪ ਵਿਚ ਕੁਝ ਨਹੀਂ ਕੀਤਾ ਹੈ। ਤਿੰਨ ਜਾਂਚ ਕਮਿਸ਼ਨ ਬਣੇ ਹਨ ਪਰ ਉਨ੍ਹਾਂ ਦੀਆਂ ਰਿਪੋਰਟਾਂ 'ਤੇ ਕੋਈ ਕਾਰਵਾਈ ਨਹੀਂ ਹੋਈ ਹੈ। ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਨੇ ਕਮਿਸ਼ਨ ਦੀ ਰਿਪੋਰਟ ਨੂੰ ਦੇਖੇ ਬਿਨਾਂ ਹੀ ਰੱਦ ਕਰ ਦਿੱਤਾ ਹੈ। ਦਿੱਲੀ ਕਮੇਟੀ ਵੀ ਇਨ੍ਹਾਂ ਪੈੜਾਂ 'ਤੇ ਹੀ ਚੱਲ ਰਹੀ ਹੈ। ਬਰਗਾੜੀ ਵਿੱਚ ਬੈਠੇ ਸਿੱਖਾਂ ਨੂੰ ਤਿੰਨ ਮਹੀਨੇ ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਉਨ੍ਹਾਂ ਦੀ ਮੁਹਿੰਮ ਵੀ ਸਫਲ ਨਹੀਂ ਹੋ ਸਕੀ ਹੈ। ਇਸੇ ਲਈ ਨਿਰਾਸ਼ ਹੋ ਰਹੇ ਸਿੱਖਾਂ ਦੀ ਮੰਗ ਤੇ ਪੰਥਕ ਅਸੈਂਬਲੀ ਸੱਦਣ ਦਾ ਫੈਸਲਾ ਕੀਤਾ ਗਿਆ ਹੈ।

ਪੰਥਕ ਅਸੈਂਬਲੀ ਲਈ ਇਕ ਜਥੇਬੰਦਕ ਕਮੇਟੀ ਬਣਾਈ ਗਈ ਹੈ, ਜਿਸ ਵਿਚ ਦਸ ਮੈਂਬਰ ਸ਼ਾਮਲ ਕੀਤੇ ਗਏ ਹਨ। ਇਨ੍ਹਾਂ ਮੈਂਬਰਾਂ ਵਿਚ ਗਿਆਨੀ ਕੇਵਲ ਸਿੰਘ, ਹਰਪਾਲ ਸਿੰਘ ਚੀਮਾ (ਦਲ ਖਾਲਸਾ), ਸਿਮਰਨਜੀਤ ਸਿੰਘ ਮਾਨ, ਨਵਕਿਰਨ ਸਿੰਘ ਐਡਵੋਕੇਟ, ਖੁਸ਼ਹਾਲ ਸਿੰਘ ਚੰਡੀਗੜ੍ਹ, ਬੀਬੀ ਕੁਲਵੰਤ ਕੌਰ, ਪ੍ਰੋ. ਜਗਮੋਹਨ ਸਿੰਘ, ਸੁਖਦੇਵ ਸਿੰਘ ਭੌਰ, ਕੰਵਰਪਾਲ ਸਿੰਘ ਬਿੱਟੂ, ਜਸਵਿੰਦਰ ਸਿੰਘ ਐਡਵੋਕੇਟ, ਸਤਨਾਮ ਸਿੰਘ ਖੰਡਾ (ਪੰਜ ਪਿਆਰੇ) ਸ਼ਾਮਲ ਹਨ। ਇਹ ਜਥੇਬੰਦਕ ਕਮੇਟੀ ਹੀ ਪੰਥਕ ਅਸੈਂਬਲੀ ਦੇ 117 ਮੈਂਬਰਾਂ ਨੂੰ ਨਾਮਜ਼ਦ ਕਰੇਗੀ। ਇਸ ਤੋਂ ਪਹਿਲਾਂ ਇਹ ਕਮੇਟੀ ਨਾਮਜ਼ਦ ਕੀਤੇ ਜਾਣ ਵਾਲੇ ਮੈਂਬਰਾਂ ਦੀ ਚੋਣ ਸਬੰਧੀ ਨਿਯਮ ਤੈਅ ਕਰੇਗੀ। ਉਨ੍ਹਾਂ ਦੱਸਿਆ ਕਿ ਕਿਹਨਾਂ ਸਿੱਖ ਮੁੱਦਿਆਂ 'ਤੇ ਚਰਚਾ ਹੋਵੇਗੀ, ਅਸੈਂਬਲੀ ਦੇ ਮੈਂਬਰ ਕੌਣ ਹੋਣਗੇ ਅਤੇ ਮੁੱਦਿਆਂ ਸਬੰਧੀ ਚਰਚਾ ਦੇ ਢੰਗ ਤਰੀਕੇ ਆਦਿ ਦਾ ਫੈਸਲਾ ਵੀ ਇਹ ਕਮੇਟੀ ਹੀ ਕਰੇਗੀ। ਇਹ ਅਸੈਂਬਲੀ ਇਤਿਹਾਸਕ ਗੁਰਮਤੇ ਦੀ ਪ੍ਰੰਪਰਾ ਨੂੰ ਵੀ ਮੁੜ ਜਿਉਂਦਾ ਕਰਨ ਲਈ ਯਤਨ ਕਰੇਗੀ। ਉਨ੍ਹਾਂ ਦੱਸਿਆ ਕਿ ਪਹਿਲੀ ਅਸੈਂਬਲੀ ਦੌਰਾਨ ਬੇਅਦਬੀ ਮਾਮਲਿਆਂ ਦੀ ਜਾਂਚ ਸਬੰਧੀ ਬਣੇ ਤਿੰਨਾਂ ਕਮਿਸ਼ਨਾਂ ਦੀ ਜਾਂਚ ਰਿਪੋਰਟ 'ਤੇ ਵੀ ਚਰਚਾ ਕੀਤੀ ਜਾਵੇਗੀ। ਇਸ ਤੋਂ ਕੀ ਪ੍ਰਾਪਤ ਹੋਇਆ ਅਤੇ ਕੀ ਨਹੀਂ ਹੋਇਆ, ਇਸ ਦੇ ਮੁੱਦੇ ਹੋਣਗੇ। ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਆਖਿਆ ਕਿ ਮੁਤਵਾਜ਼ੀ ਜਥੇਦਾਰ ਵੀ ਇਸ ਅਸੈਂਬਲੀ ਦਾ ਬਤੌਰ ਪੰਥਕ ਸਿੱਖ ਵਜੋਂ ਮੈਂਬਰ ਹੋ ਸਕਦੇ ਹਨ। ਇਸ ਦੌਰਾਨ ਇਨ੍ਹਾਂ ਨੁਮਾਇੰਦਿਆਂ ਨੇ ਬਰਗਾੜੀ ਧਰਨੇ ਦੌਰਾਨ ਰੱਖੀਆਂ ਗਈਆਂ ਮੰਗਾਂ ਦਾ ਸਮਰਥਨ ਕੀਤਾ ਹੈ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਹ ਪੰਥਕ ਅਸੈਂਬਲੀ ਭਵਿੱਖ ਵਿਚ ਸਿੱਖਾਂ ਨਾਲ ਸਬੰਧਤ ਧਾਰਮਿਕ ਅਤੇ ਰਾਜਨੀਤਕ ਸਮੇਤ ਸਮੂਹ ਸਿੱਖ ਸਰੋਕਾਰਾਂ ਬਾਰੇ ਵਿਚਾਰ ਕਰੇਗੀ।



ਅੰਮ੍ਰਿਤਸਰ 'ਚ ਮੀਟਿੰਗ ਕਰਦੇ ਹੋਏ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
"The opinions expressed in this newspaper donot necessarily represent the views or opinions of the staff or employees of Quomantry Amritsar times. "All Disputes must be Handled in Santa Clara Superior Court.

# ਪੰਜਾਬ 'ਚ ਵਿਗੜੀ ਕਾਨੂੰਨ-ਵਿਵਸਥਾ ਤੋਂ ਲੋਕਾਂ 'ਚ ਸਹਿਮ

### *ਇਕ ਹਫਤੇ 'ਚ ਡਕੈਤੀ, ਸਨੈਚਿੰਗ, ਅਗ਼ਵਾ ਤੇ ਚੋਰੀ ਦੀਆਂ 126 ਤੋਂ ਜ਼ਿਆਦਾ ਤੇ ਕਤਲ ਦੀਆਂ 10 ਘਟਨਾਵਾਂ ਵਾਪਰੀਆਂ*

**ਜਲੰਧਰ/ਬਿਊਰੋ ਨਿਊਜ਼ :** ਪੰਜਾਬ ਵਿਚ ਜਿਥੇ ਰੋਜ਼ਾਨਾ ਨਸ਼ਿਆਂ ਕਾਰਨ ਇਕ ਮੌਤ ਹੋ ਰਹੀ ਹੈ, ਉਥੇ ਹੀ ਕਾਨੂੰਨ-ਵਿਵਸਥਾ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ ਅਤੇ ਕਤਲ, ਵੱਢ-ਟੁੱਕ, ਲੁੱਟ-ਮਾਰ, ਅਗ਼ਵਾ ਆਦਿ ਦੀਆਂ ਘਟਨਾਵਾਂ ਵਿਚ ਵਾਧਾ ਹੋ ਰਿਹਾ ਹੈ। ਸਿਰਫ ਇਕ ਹਫਤੇ ਵਿਚ ਹੀ ਪੰਜਾਬ ਦੇ ਬਰਨਾਲਾ, ਨਵਾਂਸ਼ਹਿਰ, ਗੁਰਦਾਸਪੁਰ, ਮੋਗਾ, ਅੰਮ੍ਰਿਤਸਰ, ਲੁਧਿਆਣਾ, ਕਪੂਰਥਲਾ, ਪਠਾਨਕੋਟ, ਸੰਗਰੂਰ, ਜਲੰਧਰ, ਹੁਸ਼ਿਆਰ, ਪਟਿਆਲਾ, ਮੁਕਤਸਰ ਸਾਹਿਬ, ਫਾਜ਼ਿਲਕਾ, ਰੋਪੜ ਅਤੇ ਫਿਰੋਜ਼ਪੁਰ ਜ਼ਿਲਿਆਂ ਵਿਚ ਡਕੈਤੀ, ਸਨੈਚਿੰਗ, ਅਗ਼ਵਾ ਤੇ ਚੋਰੀ ਦੀਆਂ 126 ਤੋਂ ਜ਼ਿਆਦਾ ਤੇ ਕਤਲ ਦੀਆਂ 10 ਘਟਨਾਵਾਂ ਹੋਈਆਂ ਹਨ।



**ਬੰਬ ਧਮਾਕੇ :** ਕਾਨੂੰਨ-ਵਿਵਸਥਾ ਦੀ ਵਿਗੜ ਰਹੀ ਸਥਿਤੀ ਦਾ ਸਭ ਤੋਂ ਵੱਡਾ ਸਬੂਤ14 ਸਤੰਬਰ ਨੂੰ ਜਲੰਧਰ ਦੇ ਭੀੜ-ਭੜੱਕੇ ਵਾਲੇ ਇਲਾਕੇ ਮਕਸੂਦਾਂ ਵਿਚ ਸਥਿਤ ਪੁਲਸ ਥਾਣੇ ਵਿਚ ਸ਼ਾਮ ਨੂੰ 7.40 ਵਜੇ ਹੋਏ ਚਾਰ ਬੰਬ ਧਮਾਕੇ ਹਨ। ਇਨ੍ਹਾਂ ਵਿਚ ਐੱਸਐੱਚਓ. ਸਮੇਤ 3 ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਜਿਥੇ ਇਨ੍ਹਾਂ ਧਮਾਕਿਆਂ ਦੀ ਜ਼ਿੰਮੇਵਾਰੀ 'ਭਿੰਡਰਾਂਵਾਲਾ ਟਾਈਗਰ ਫੋਰਸ ਆਫ ਖਾਲਿਸਤਾਨ' ਨੇ ਲਈ ਹੈ। ਪੰਜਾਬ ਪੁਲਸ ਦੇ ਡੀਜੀਪੀ. ਸੁਰੇਸ਼ ਅਰੋੜਾ ਅਨੁਸਾਰ ਇਹ ਅੱਤਵਾਦੀ ਹਮਲਾ ਨਹੀਂ ਹੈ ਪਰ ਧਮਾਕੇ ਵਿਚ ਵਰਤੀ ਗਈ ਸਮੱਗਰੀ ਬਾਰੇ ਰਹੱਸ ਅਜੇ ਵੀ ਕਾਇਮ ਹੈ। ਸ਼ੋਸ਼ਲ ਮੀਡੀਆ 'ਚ ਲੋਕ ਇਸ ਪਿੱਛੇ ਸਿਆਸਤਦਾਨਾਂ ਦਾ ਹੱਥ ਦੱਸ ਰਹੇ ਹਨ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਹੱਥ ਹੈ।

**3 ਕਰੋੜ ਤੋਂ ਉਪਰ ਪਿਆ ਡਾਕਾ :** 15 ਸਤੰਬਰ ਨੂੰ ਅੰਮ੍ਰਿਤਸਰ ਦੀ ਬੇਹੱਦ ਭੀੜ-ਭੜੱਕੇ ਵਾਲੀ ਸੋਨੇ ਦੀ ਮੰਡੀ ਗੁਰੂ ਬਾਜ਼ਾਰ ਵਿਚ 7 ਹਥਿਆਰਬੰਦ ਨਕਾਬਪੋਸ਼ ਲੁਟੇਰੇ ਹਥਿਆਰਾਂ ਦੇ ਦਮ 'ਤੇ 7 ਮਿੰਟਾਂ ਵਿਚ ਇਕ ਜੌਹਰੀ ਦੀ ਦੁਕਾਨ ਤੋਂ 3.20 ਕਰੋੜ ਰੁਪਏ ਦੇ ਸੋਨੇ ਦੇ ਗਹਿਣੇ ਲੁੱਟ ਕੇ ਪੈਦਲ ਹੀ ਫਰਾਰ ਹੋ ਗਏ। ਉਹ ਜਾਂਦੇ ਹੋਏ ਸੀਸੀਟੀਵੀ. ਕੈਮਰਿਆਂ ਨਾਲ ਜੁੜੀ ਡੀਵੀਆਰ. ਵੀ ਉਖਾੜ ਕੇ ਲੈ ਗਏ। ਉਨ੍ਹਾਂ ਨੇ ਹਵਾ ਵਿਚ 1 ਦਰਜਨ ਦੇ ਲੱਗਭਗ ਫਾਇਰ ਵੀ ਕੀਤੇ, ਜਿਸ ਕਾਰਨ ਸਾਰੇ ਡਰ ਗਏ ਤੇ ਕਿਸੇ ਨੇ ਵੀ ਉਨ੍ਹਾਂ ਦਾ ਪਿੱਛਾ ਨਹੀਂ ਕੀਤਾ।



**ਏਆਈਜੀ ਦੀ ਮਾਤਾ ਦਾ ਕਤਲ :** 17 ਸਤੰਬਰ ਨੂੰ ਜਲੰਧਰ ਵਿਚ ਦਕੋਹਾ ਦੇ ਸ੍ਰੀ ਸਨਾਤਨ ਧਰਮ ਮੰਦਰ ਵਾਲੀ ਗਲੀ ਵਿਚ ਲੁਟੇਰਿਆਂ ਨੇ ਘਰ ਦੀ ਛੱਤ ਉਤੋਂ ਅੰਦਰ ਦਾਖਲ ਹੋ ਕੇ ਲੱਗਭਗ 10 ਮਹੀਨੇ ਪਹਿਲਾਂ ਪੀਏਪੀ. ਵਿਚ ਏਆਈਜੀ. ਦੇ ਅਹੁਦੇ 'ਤੇ ਟਰਾਂਸਫਰ ਹੋ ਕੇ ਆਏ ਸਰੀਨ ਕੁਮਾਰ ਪ੍ਰਭਾਕਰ ਦੀ ਮਾਂ ਸ਼ੀਲਾ ਰਾਣੀ ਪ੍ਰਭਾਕਰ (80 ਸਾਲ) ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਲੁਟੇਰੇ ਸ੍ਰੀਮਤੀ ਸ਼ੀਲਾ ਰਾਣੀ ਦੇ ਕੰਨਾਂ ਦੀਆਂ ਵਾਲੀਆਂ, ਹੱਥ ਵਿਚੋਂ ਸੋਨੇ ਦੀ ਮੁੰਦਰੀ ਤੇ ਚਾਂਦੀ ਦੀਆਂ ਚੂੜੀਆਂ ਉਤਾਰ ਕੇ ਲੈ ਗਏ।

ਪੰਜਾਬ ਵਿਚ ਕਈ ਜਗ੍ਹਾ ਐੱਸਪੀ. ਕ੍ਰਾਈਮ ਅਤੇ ਐੱਸਪੀ. ਵਿਜੀਲੈਂਸ ਰਹਿ ਚੁੱਕੇ ਸਰੀਨ ਕੁਮਾਰ ਪ੍ਰਭਾਕਰ ਦੀ ਮਾਂ ਸ੍ਰੀਮਤੀ ਸ਼ੀਲਾ ਰਾਣੀ ਘਰ ਵਿਚ ਇਕੱਲੀ ਹੀ ਰਹਿੰਦੀ ਸੀ। ਉਨ੍ਹਾਂ ਦਾ ਦੂਜਾ ਬੇਟਾ ਨਵੀਨ ਕੁਮਾਰ ਪ੍ਰਭਾਕਰ ਸਬ-ਇੰਸਪੈਕਟਰ ਹੈ, ਜਦਕਿ ਬੇਟੀ ਦੀਪਿਕਾ ਕਾਲੀਆ ਨਹਿਰੀ ਵਿਭਾਗ ਵਿਚ ਪਟਵਾਰੀ ਹੈ, ਜੋ ਨੇੜੇ ਹੀ ਅਰਮਾਨ ਨਗਰ ਵਿਚ ਰਹਿੰਦੀ ਹੈ। ਸਾਫ ਹੈ ਕਿ ਲੁਟੇਰਿਆਂ ਨੇ ਇਕ ਮੰਨੇ-ਪ੍ਰਮੰਨੇ ਤੇ ਉਚ ਅਹੁਦਿਆਂ ਉਤੇ ਤਾਇਨਾਤ ਲੋਕਾਂ ਦਾ ਖੌਫ ਵੀ ਨਹੀਂ ਕੀਤਾ।

ਹੁਣੇ ਜਿਹੇ ਟਾਂਡਾ ਦੇ ਗੰਨ ਹਾਊਸ ਵਿਚ ਗੋਲੀਆਂ ਚੱਲਣ ਨਾਲ ਐੱਨਆਰਆਈ. ਔਰਤ ਦੀ ਮੌਤ ਹੋ ਗਈ, ਜਿਸ ਦੇ ਸਬੰਧ ਵਿਚ ਗੰਨ ਹਾਊਸ ਦੇ ਮਾਲਕ ਦੇ ਬੇਟੇ ਵਿਰੁੱਧ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਪੰਜਾਬ ਵਿਚ ਅਪਰਾਧੀ ਅਨਸਰਾਂ ਦੇ ਹੌਸਲੇ ਕਿੰਨੇ ਵਧ ਚੁੱਕੇ ਹਨ, ਜੋ ਪੁਲਸ ਪ੍ਰਸ਼ਾਸਨ ਦੇ ਨਿਕੰਮੇਪਣ ਦਾ ਮੂੰਹ ਬੋਲਦਾ ਸਬੂਤ ਹੈ। ਇਸ ਗੱਲ ਨੂੰ ਇਸ ਤੱਥ ਨਾਲ ਵੀ ਬਲ ਮਿਲਦਾ ਹੈ ਕਿ ਪੰਜਾਬ ਵਿਚ ਜਿੰਨੀਆਂ ਵੀ ਵਾਰਦਾਤਾਂ ਹੋ ਰਹੀਆਂ ਹਨ, ਉਨ੍ਹਾਂ ਵਿਚ ਸ਼ਾਮਿਲ ਅਪਰਾਧੀਆਂ ਨੂੰ ਫੜਨ ਵਿਚ ਪੁਲਸ ਨੂੰ ਹੁਣ ਤਕ ਨਾਕਾਮੀ ਹੀ ਹੱਥ ਲੱਗੀ ਹੈ, ਜੋ ਸਭ ਤੋਂ ਵੱਧ ਚਿੰਤਾ ਦਾ ਵਿਸ਼ਾ ਹੈ।

## ਸਿਡਨੀ ਏਅਰਪੋਰਟ 'ਤੇ ਸ਼ਿਲਪਾ ਸ਼ੈਟੀ ਨਾਲ ਨਸਲੀ ਪੱਖਪਾਤ

**ਸਿਡਨੀ/ਬਿਊਰੋ ਨਿਊਜ਼ :** ਬਾਲੀਵੁੱਡ ਦੀ ਅਦਾਕਾਰਾ ਸ਼ਿਲਪਾ ਸ਼ੈਟੀ ਨੇ ਦੋਸ਼ ਲਾਇਆ ਕਿ ਸਿਡਨੀ ਦੇ ਹਵਾਈ ਅੱਡੇ 'ਤੇ ਕੰਟਾਸ ਏਅਰਲਾਈਨਜ਼ ਦੀ ਇੱਕ ਔਰਤ ਮੁਲਾਜ਼ਮ ਨੇ ਉਸ ਨਾਲ ਸਿਰਫ਼ ਇਸ ਲਈ ਬਦਤਮੀਜ਼ੀ ਕੀਤੀ, ਕਿਉਂਕਿ ਉਸ ਦੀ ਚਮੜੀ ਦਾ ਰੰਗ ਭੂਰਾ ਸੀ। ਸ਼ਿਲਪਾ ਸ਼ੈਟੀ ਨੇ ਸਿਡਨੀ ਤੋਂ ਮੈਲਬੌਰਨ ਜਾਣ ਲਈ ਉਡਾਣ ਫੜਨੀ ਸੀ। ਇੱਥੇ ਵਰਨਣਯੋਗ ਹੈ ਕਿ ਸਾਲ 2007 ਵਿਚ ਸ਼ਿਲਪਾ ਸ਼ੈਟੀ ਨੂੰ ਇੰਗਲੈਂਡ ਦੇ ਰੀਐਲਿਟੀ ਸ਼ੋਅ 'ਰੀਐਲਿਟੀ ਬਿੱਗ ਬ੍ਰਦਰ' ਦੇ 5ਵੇਂ ਸੀਜ਼ਨ ਦੌਰਾਨ ਵੀ ਆਪਣੇ ਸਾਥੀ ਉਮੀਦਵਾਰਾਂ ਦੇ ਨਸਲੀ ਵਤੀਰੇ ਦਾ ਸਾਹਮਣਾ ਕਰਨਾ ਪਿਆ ਸੀ। ਸ਼ਿਲਪਾ ਸ਼ੈਟੀ ਨੇ ਇੰਸਟਾਗ੍ਰਾਮ 'ਤੇ ਉਸ ਬੈਗ ਦੀ ਤਸਵੀਰ ਵੀ ਸ਼ੇਅਰ ਕੀਤੀ, ਜਿਸ ਕਾਰਨ ਏਅਰਲਾਈਨਜ਼ ਦੀ ਉਸ ਔਰਤ ਮੁਲਾਜ਼ਮ ਮੇਲ ਨੇ ਬਦਤਮੀਜ਼ੀ ਕੀਤੀ ਸੀ ਕਿ ਇਹ ਬੈਗ ਜ਼ਰੂਰਤ ਤੋਂ ਜ਼ਿਆਦਾ ਵੱਡਾ ਹੈ, ਜਦ ਕਿ ਉਸ ਦੇ ਸਾਥੀ ਮੁਲਾਜ਼ਮ ਤੇ ਅਧਿਕਾਰੀ ਕਹਿ ਰਹੇ ਸਨ ਕਿ ਇਸ ਬੈਗ ਦਾ ਆਕਾਰ ਬਿਲਕੁਲ ਦਰੁੱਸਤ ਹੈ।

## ਕੈਨੇਡਾ ਭੇਜਣ ਦੇ ਨਾਂ 'ਤੇ 9 ਲੱਖ ਦੀ ਠੱਗੀ

**ਟਾਂਡਾ ਉੜਮੁੜ/ਬਿਊਰੋ ਨਿਊਜ਼ :** ਪਿੰਡ ਮਿਆਣੀ ਨਿਵਾਸੀ ਪਤੀ-ਪਤਨੀ ਨਾਲ ਕੈਨੇਡਾ ਭੇਜਣ ਦੇ ਨਾਂ 'ਤੇ 9 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿਚ ਟਾਂਡਾ ਪੁਲਸ ਨੇ 2 ਲੋਕਾਂ ਨੂੰ ਨਾਮਜ਼ਦ ਕੀਤਾ ਹੈ। ਪੁਲਸ ਨੇ ਇਹ ਮਾਮਲਾ ਜਤਿੰਦਰ ਕੌਰ ਦੇ ਬਿਆਨ ਦੇ ਆਧਾਰ 'ਤੇ ਅਵਤਾਰ ਸਿੰਘ ਤੇ ਜੰਗਲ ਸਿੰਘ ਭੁਲੱਥ ਖਿਲਾਫ਼ ਦਰਜ ਕੀਤਾ ਹੈ। ਜਤਿੰਦਰ ਕੌਰ ਨੇ ਉਕਤ ਦੋਵਾਂ 'ਤੇ ਦੋਸ਼ ਲਾਇਆ ਸੀ ਕਿ ਉਨ੍ਹਾਂ ਉਸ ਦੇ ਪੁੱਤਰ ਹਰਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਮਨਦੀਪ ਕੌਰ ਨੂੰ ਕੈਨੇਡਾ ਭੇਜਣ ਦਾ ਝਾਂਸਾ ਦੇ ਕੇ 9 ਲੱਖ ਲਏ ਪਰ ਉਨ੍ਹਾਂ ਨੂੰ ਕੈਨੇਡਾ ਨਹੀਂ ਭੇਜਿਆ।


# A-ONE EXPRESS

## ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

## 6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਸੋਸ਼ਲ ਮੀਡੀਆ ਸੱਥ 'ਚੋਂ




### ਖਾਲਸਾ ਜੀ ਕੁਛ ਗੱਲਾਂ ਵਿਚਾਰਨ ਲਈ

**- ਗਿਆਨੀ ਹਰਬੰਸ ਸਿੰਘ ਤੇਗ**

ਬਰਗਾੜੀ ਮੋਰਚੇ ਦਾ ਜਥੇਦਾਰ ਭੌਰ ਦਾ ਪੂਰਾ ਭਾਸ਼ਣ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜਾ ਦਿਵਾਉਣ 'ਤੇ ਕੇਂਦ੍ਰਿਤ ਸੀ।

ਉਨ੍ਹਾਂ ਨੇ ਉਸ ਸਮੇਂ ਦੀ ਬਾਦਲ ਸਰਕਾਰ ਨੂੰ ਲਾਹਨਤਾਂ ਪਾਈਆਂ। ਤੇ ਉਨ੍ਹਾਂ ਬਾਦਲ ਨੂੰ ਇਹ ਦੱਸਿਆ ਕਿ ਤੁਸੀਂ ਪੰਥਕ ਸਰਕਾਰ ਤਾਂ ਕਹਿੰਦੇ ਰਹੇ ਪਰ ਪੰਥ ਵਿਰੋਧੀਆਂ ਨਾਲ ਤੁਹਾਡੀ ਯਾਰੀ ਰਹੀ ਅਤੇ ਜਦੋਂ ਕੌਮ ਨੂੰ ਲੋੜ ਪਈ ਤਾਂ ਤੁਸੀ ਸ਼ਾਂਤਮਈ ਸਿੰਘਾਂ ਤੇ ਗੋਲੀਆਂ ਚਲਾਈਆਂ।

ਇਸ ਦੌਰਾਨ ਇਕ ਅਸਭਿੱਅਕ ਸ਼ਬਦ ਡੇਰਾ ਬੱਲਾਂ ਦੇ ਮੁਖੀ ਲਈ ਵਰਤਿਆ ਗਿਆ, ਜਿਸ ਦੀ ਉਨ੍ਹਾਂ ਖਿਮਾ ਜਾਚਨਾ ਕੀਤੀ ਜੋ ਕਿ ਹਰ ਸਿੱਖ ਦਾ ਫਰਜ਼ ਸੀ।

ਜੇਕਰ ਜਥੇਦਾਰ ਭੌਰ ਮਾਫ਼ੀ ਮੰਗਦਾ ਹੈ ਤਾਂ ਵੀ ਮਾੜਾ ਜੇ ਨਹੀ ਮੰਗਦਾ ਤਾਂ ਵੀ ਮਾੜਾ। ਜੇਕਰ ਤੁਸੀਂ ਪੂਰਾ ਭਾਸ਼ਣ ਸੁਣੋ ਬਰਗਾੜੀ ਵਾਲਾ, ਡੇਰਾ ਬੱਲਾਂ ਦੀ ਉਦਾਹਰਣ ਕੇਵਲ ਬਾਦਲ ਨੂੰ ਲਾਹਨਤ ਪਾਉਣ ਲਈ ਦਿੱਤੀ ਸੀ, ਨਾ ਕਿ ਡੇਰੇ ਖਿਲਾਫ। ਇਹ ਮੀਟਿੰਗ ਡੇਰਾ ਬੱਲਾਂ 'ਚ ਨਹੀਂ ਹੋਈ। ਇਹ ਗਲਤ ਪਰਚਾਰ ਕੀਤਾ ਜਾ ਰਿਹਾ ਬਾਦਲ ਦਲ ਵਲੋਂ।

ਮੇਰੇ ਕੁਛ ਸਵਾਲ ਹਨ ਉਨ੍ਹਾਂ ਲਈ ਜੇਹੜੇ ਜਥੇਦਾਰ ਭੌਰ ਦੇ ਇਸ ਮਸਲੇ ਨੂੰ ਮਿਲ ਬੈਠ ਕੇ ਹੱਲ ਕਰਨ ਦਾ ਵਿਰੋਧ ਕਰ ਰਹੇ ਹਨ।

ਭੌਰ ਦੀ ਗ੍ਰਿਫਤਾਰੀ ਤੋਂ ਬਾਅਦ ਜਿੰਨੇ ਬੀ ਅਖਬਾਰਾਂ 'ਚ ਪੰਥਕ ਜਥੇਬਦੀਆਂ ਦੇ ਬਿਆਨ ਲੱਗੇ, ਓਹ ਸਾਰੇ ਇਹ ਮਸਲੇ ਨੂੰ ਮਿਲ-ਜੁਲ ਕੇ, ਬੈਠ ਕੇ ਹੱਲ ਕਰਨ ਦੇ ਲੱਗੇ ਤੇ ਸਾਂਝੀਵਾਲਤਾ ਦੀ ਗੱਲ ਕਰ ਰਹੇ ਸੀ।

ਬਰਗਾੜੀ ਮੋਰਚੇ ਵੱਲੋਂ ਵੀ ਮਸਲਾ ਬੈਠ ਕੇ ਹੱਲ ਕਰਨ ਦਾ ਬਿਆਨ ਆਇਆ।

ਸਾਰੇ ਪੰਥਕ ਆਗੂਆਂ ਨੇ ਇਸ ਨੂੰ ਸਰਕਾਰੀ ਸਾਜਿਸ਼ ਦੱਸਿਆ ਤੇ ਬਰਗਾੜੀ ਮੋਰਚੇ ਦਾ ਰੁਖ਼ ਬਦਲਣ ਦੀ ਸਰਕਾਰ ਤੇ ਬਾਦਲਾਂ ਦੀ ਮਿਲੀਭੁਗਤ ਦੱਸੀ। ਅੱਜ ਇਸ ਮਾਫ਼ੀ ਦਾ ਵਿਰੋਧ ਹੋ ਰਿਹਾ। ਕਿਉਂ 'ਨੀ ਇਨ੍ਹਾਂ ਸੱਜਣਾ ਨੇ ਉਸ ਬੀਬੀ 'ਤੇ ਪਰਚਾ ਕਰਾਇਆ ? ਜਿਸ ਨੇ ਜਥੇਦਾਰ ਭੌਰ ਦੇ ਘਰ ਦੇ ਬਾਹਰ ਬਕਵਾਸ ਕੀਤੀ ਤੇ ਸਿੱਖ ਧਰਮ ਬਾਰੇ ਅਪਸ਼ਬਦ ਬੋਲੇ।

ਕੀ ਇਹ ਮਸਲਾ ਜਥੇਦਾਰ ਭੌਰ ਦਾ ਨਿੱਜੀ ਸੀ ?

ਭੂੰਦੜ ਮਸਲੇ 'ਤੇ ਕਿਉਂ 'ਨੀ ਗ੍ਰਿਫਤਾਰੀ ਹੋਈ। ਹੁਣ ਤਕ ਇਸ ਕੇਸ 'ਚ ਕਿੰਨੀਆਂ ਗ੍ਰਿਫਤਾਰੀਆਂ ਹੋਈਆਂ। ਪਰਚਾ ਹੋਣ ਤੋਂ ਇਕ ਘੰਟੇ 'ਚ ਜਥੇਦਾਰ ਭੌਰ ਨੂੰ ਗ੍ਰਿਫਤਾਰ ਕੀਤਾ ਓਹ ਵੀ ਉਸ ਸਮੇਂ ਜਦੋਂ ਉਹ ਆਪਣੀ ਸੱਸ ਦੇ ਅੰਤਿਮ ਸੰਸਕਾਰ 'ਤੇ ਸਨ। ਕਿਉਂ 'ਨੀ ਇਸ ਦਾ ਵਿਰੋਧ ਕੀਤਾ ਗਿਆ, ਕੇਵਲ ਅਖਬਾਰੀ ਬਿਆਨ ਜਾ ਫੇਸਬੁੱਕ ਨਾਲ ਗੱਲ ਨੀ ਬਣਦੀ । ਖਾਲਸਾ ਜੀ ਪੰਥ ਦੀ ਚੜ੍ਹਦੀਕਲਾ ਲਈ ਏਕਤਾ ਕਰ ਲਓ।

ਜਥੇਦਾਰ ਭੌਰ ਨੇ ਮਾਫੀ ਮੰਗ ਕੇ ਇਸ ਮਸਲੇ ਤੇ ਬਾਦਲ ਦੀ ਸਾਜਿਸ਼ ਨੂੰ ਫੇਲ੍ਹ ਕੀਤਾ ਹੈ। ਖਾਲਸਾ ਸੀ ਸਾਨੂੰ ਸਭ ਛੋਟੇ-ਛੋਟੇ ਮਸਲਿਆਂ 'ਚ ਫਸਾਇਆ ਜਾ ਰਿਹਾ ਹੈ। ਸੁਚੇਤ ਹੋ ਕੇ, ਇਕਜੁੱਟ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਯਤਨ ਕਰਨੇ ਚਾਹੀਦੇ ਹਨ।

### ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਨ ਵਾਲੇ ਤੇ ਇਸ ਡਾਕੇ ਦੀ ਹਾਮੀ ਭਰਨ ਵਾਲੇ ਕੀ ਹੁਣ ਦੱਸਣਗੇ ?

**- ਮਾਲਵਿੰਦਰ ਸਿੰਘ ਮਾਲੀ**

ਪੰਜਾਬ ਦੇ ਦਰਿਆਵਾਂ ਦੇ ਪਾਣੀਆਂ 'ਤੇ ਪੰਜਾਬ ਦੇ ਹੱਕ ਉੱਪਰ ਡਾਕਾ ਮਾਰਨ ਵਾਲੇ ਅਤੇ ਇਸ ਡਾਕੇ ਦੀ ਨੰਗੀ ਚਿੱਟੀ, ਲੁਕਵੀਂ ਅਤੇ ਅਣਜਾਣ ਹੋਣ ਵਰਗੇ ਸਾਜ਼ਿਸ਼ੀ ਤਰੀਕਿਆਂ ਨਾਲ ਹਾਮੀ ਭਰਨ ਵਾਲੇ ਕੀ ਹੁਣ ਦੱਸਣਗੇ ?

1. ਕਿ ਇਹਨਾਂ ਦਰਿਆਵਾਂ ਵਿੱਚ ਆ ਰਹੇ ਹੜ੍ਹਾਂ ਨਾਲ ਪੰਜਾਬ ਦੇ ਹੋਣ ਵਾਲੇ ਨੁਕਸਾਨ ਦੀ ਪੂਰਤੀ 73% ਪਾਣੀ ਤੇ ਬਿਜਲੀ ਦਾ ਹਿੱਸਾ ਵੀ ਮੁਫ਼ਤ ਵਿੱਚ ਲੈਕੇ ਜਾ ਰਹੇ ਰਾਜਸਥਾਨ, ਹਰਿਆਣਾ ਤੇ ਦਿੱਲੀ ਵਾਲੇ ਕਰਨਗੇ ?

2. ਰਾਇਪੇਰੀਅਨ ਕਾਨੂੰਨ ਅਨੁਸਾਰ ਹੱਕੀ ਬਣਦੇ ਤੇ ਇਸ ਪਾਣੀ ਤੋਂ ਪੈਦਾ ਹੋਈ ਬਿਜਲੀ ਪੈਦਾਵਾਰ ਵਿੱਚੋਂ ਹਿੱਸਾ ਲੈਣ ਵਾਲੇ ਹਿਮਾਚਲ ਤੇ ਜੰਮੂ- ਕਸ਼ਮੀਰ ਦਾ ਵੀ ਕੀ ਕੋਈ ਕਾਨੂੰਨੀ ਫਰਜ਼ ਬਣਦਾ ਹੈ ? ਉਹ ਵੀ ਬੋਲਣ ਜਿਹੜੇ ਪੰਜਾਬ ਦਾ ਹੱਕ ਨਕਾਰਨ ਲਈ ਕਹਿੰਦੇ ਨੇ ਪਾਣੀ ਦੇ ਮਾਲਕ ਤਾਂ ਉਹ ਰਾਜ ਹਨ ਜਿੱਥੋਂ ਇਹ ਦਰਿਆ ਆਉਂਦੇ ਹਨ...

ਕਾਮਰੇਡਾਂ ਨੂੰ ਤਾਂ ਕਰਤਾਰਪੁਰ ਸਾਹਬ ਦੇ ਲਾਂਘੇ, ਬਹਿਬਲ ਕਲਾਂ ਗੋਲੀ ਕਾਂਡ , ਗੁਰੂ ਗਰੰਥ ਸਾਹਿਬ ਦੀ ਬੇਅਦਬੀ ਵਾਂਗੂੰ ਇਸ ਮੁੱਦੇ ਬਾਰੇ ਵੀ ਜ਼ੁਕਾਮ ਹੀ ਹੋਇਆ ਹੋਣਾ ਕਿਉਂਕਿ ਉਹਨਾਂ ਦਾ ਧਿਆਨ ਤਾਂ ਲੋਕਾਂ ਦੇ 'ਬੁਨਿਆਦੀ ਮਸਲਿਆਂ' ਵੱਲ ਹੀ ਰਹਿੰਦਾ ਹੈ ???

### ਅਖੌਤੀ ਸ਼ਿਵ ਸੈਨਿਕ ਦੀ ਰੋਪੜ ਜੇਲ੍ਹ 'ਚ ਗਿੱਦੜ-ਕੁੱਟ

**-ਪ੍ਰੋ. ਬਲਵਿੰਦਰਪਾਲ ਸਿੰਘ**

ਭੰਗਾਣੀ ਦੇ ਯੁੱਧ ਦੌਰਾਨ ਅਜੀਬ ਹਥਿਆਰ ਪ੍ਰਚਲਿਤ ਹੋਇਆ ਸੀ, "ਸ਼ਰਦਾਈ ਘੋਟਣਾ"। ਇਹ ਹਥਿਆਰ ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸਿੱਖ ਉਦਾਸੀ ਕ੍ਰਿਪਾਲ ਚੰਦ ਨੇ ਪਹਾੜੀ ਰਾਜਿਆਂ ਉਪਰ ਭੰਗਾਣੀ ਦੇ ਯੁੱਧ ਦੌਰਾਨ ਚੰਗਾ ਵਰ੍ਹਾਇਆ ਸੀ। ਹੁਣ ਇਕ ਸ਼ਿਵ ਸੈਨਾਨੀ ਨਿਸ਼ਾਂਤ ਸ਼ਰਮਾ 'ਤੇ ਜੇਲ ਵਿਚ ਹਮਲਾ ਹੋ ਗਿਆ....ਆਂਹਦੇ ਖੁਰਚਨੇ ਨਾਲ ਖੁਰਚ ਦਿੱਤਾ, ਉਹ ਵੀ ਕੰਬਲ ਪਾ ਕੇ। ਖੁਰਚਨਾ ਕੀ ਬਲਾ ਹੈ ? ਰਸੋਈ ਦਾ ਟੂਲ, ਇਹ ਵੀ ਹੁਣ ਹਥਿਆਰਾਂ ਵਿਚ ਸ਼ਾਮਲ ਹੋ ਗਿਆ। ਚਲੋ ਇਹ ਤਾਂ ਤਾਰੀਖ ਫੈਸਲਾ ਕਰੇਗੀ। ਖਬਰ ਇਹ ਹੈ ਕਿ ਸ਼ਿਵ ਸੈਨਾ ਆਗੂ ਨਿਸ਼ਾਂਤ ਸ਼ਰਮਾ ਉਤੇ ਰੋਪੜ ਦੀ ਜੇਲ੍ਹ 'ਚ ਕਾਤਲਾਨਾ ਹਮਲਾ ਹੋਇਆ ਹੈ। ਇਹ ਵਾਰਦਾਤ ਮੰਗਲਵਾਰ ਸਵੇਰ ਵੇਲੇ ਦੀ ਹੈ। ਜੇਲ੍ਹ 'ਚ ਹੀ ਕੈਦ ਕੁਝ ਕੈਦੀਆਂ ਨੇ ਨਿਸ਼ਾਂਤ ਸ਼ਰਮਾ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰ ਦਿੱਤਾ।

ਇਸ ਹਮਲੇ ਤੋਂ ਬਾਅਦ ਨਿਸ਼ਾਂਤ ਸ਼ਰਮਾ ਨੂੰ ਪਠਾਨਕੋਟ ਜੇਲ੍ਹ ਤਬਦੀਲ ਕਰ ਦਿੱਤਾ ਗਿਆ ਹੈ। ਦੱਸਿਆ ਜਾਂਦਾ ਹੈ ਕਿ ਅਕਤੂਬਰ 2017 'ਚ ਲੁਧਿਆਣਾ ਦੇ ਆਰਐੱਸਐੱਸ ਆਗੂ ਰਵਿੰਦਰ ਗੋਸਾਈਂ ਕਤਲ ਕੇਸ 'ਚ ਜ਼ੇਰੇ ਸੁਣਵਾਈ ਰਮਨਦੀਪ ਸਿੰਘ ਬੱਗਾ ਉਰਫ਼ ਕੈਨੇਡੀਅਨ ਨੇ ਆਪਣੇ ਸਾਥੀਆਂ ਬਹਾਦਰ ਸਿੰਘ ਤੇ ਬਲਪ੍ਰੀਤ ਨਾਲ ਮਿਲ ਕੇ ਨਿਸ਼ਾਂਤ ਸ਼ਰਮਾ 'ਤੇ ਹਮਲਾ ਕੀਤਾ।

ਨਿਸ਼ਾਂਤ ਸ਼ਰਮਾ ਉਸ ਵੇਲੇ ਵੀ ਚਰਚਾ ਦਾ ਕੇਂਦਰ ਬਣੇ ਸਨ, ਜਦੋਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਸੁਣਵਾਈ ਦਾ ਸਾਹਮਣਾ ਕਰ ਰਹੇ ਭਾਈ ਜਗਤਾਰ ਸਿੰਘ ਹਵਾਰਾ ਨੇ ਅਦਾਲਤ ਦੇ ਬਾਹਰ ਨਿਸ਼ਾਂਤ ਸ਼ਰਮਾ ਦੇ ਜ਼ੋਰ ਦੀ ਥੱਪੜ ਮਾਰਿਆ ਸੀ।

# ਬਰਗਾੜੀ ਮੋਰਚਾ : ਬਾਦਲਕਿਆਂ ਤੋਂ ਬਾਅਦ ਕੈਪਟਨ ਖਿਲਾਫ ਵੀ ਬੋਲਣ ਲੱਗੇ ਪੰਥਕ ਆਗੂ

**ਪਟਿਆਲਾ/ਬਿਊਰੋ ਨਿਊਜ਼ :** ਬਰਗਾੜੀ ਇਨਸਾਫ਼ ਮੋਰਚਾ ਸਵਾ ਸੌ ਦਿਨ ਨੂੰ ਢੁੱਕਣ ਲੱਗਾ ਹੈ ਪਰ ਪੰਜਾਬ ਸਰਕਾਰ ਮੋਰਚੇ ਦੀਆਂ ਮੰਗਾਂ ਮੰਨਣ ਦੇ ਮੂਡ ਵਿਚ ਨਹੀਂ ਜਾਪ ਰਹੀ। ਇਸ ਕਰਕੇ ਪੰਥਕ ਤੋਪਾਂ ਦਾ ਮੂੰਹ ਹੌਲੀ-ਹੌਲੀ ਪ੍ਰਕਾਸ਼ ਸਿੰਘ ਬਾਦਲ ਤੇ ਅਕਾਲੀ ਦਲ ਵੱਲੋਂ ਹਟ ਕੇ ਪੰਜਾਬ ਸਰਕਾਰ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲ ਸੇਧਤ ਹੋਣ ਲੱਗਾ ਹੈ। ਬਰਗਾੜੀ ਮੋਰਚੇ ਦੇ ਸਿਆਸੀ ਹਾਲਾਤ ਦਿਨ-ਬ-ਦਿਨ ਕਰਵਟ ਲੈਣ ਲੱਗੇ ਹਨ, ਜਿਸ ਤੋਂ ਕੈਪਟਨ ਸਰਕਾਰ ਵੀ 'ਪੰਥਕ ਹਮਲਿਆਂ' ਦੀ ਮਾਰ ਵਿਚ ਆ ਰਹੀ ਹੈ। ਮੋਰਚੇ ਨੂੰ ਚਲਾ ਰਹੇ ਪੰਥਕ ਆਗੂ ਹੁਣ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨੁਕਤਾਚੀਨੀ 'ਤੇ ਉਤਰ ਆਏ ਹਨ। ਮੁੱਖ ਮੰਤਰੀ ਦੀ ਮੋਰਚੇ ਖ਼ਿਲਾਫ਼ ਅਤਿਵਾਦ ਦੇ ਨਾਂ ਹੇਠ ਕੀਤੀ ਜਾ ਰਹੀ



ਬਿਆਨਬਾਜ਼ੀ ਕਾਰਨ ਵੀ ਪੰਥਕ ਸਫਾਂ ਵਿਚ ਗੁੱਸਾ ਹੈ। ਪਿਛਲੀ ਬਾਦਲ ਸਰਕਾਰ ਬਰਗਾੜੀ ਕਾਂਡ ਮਗਰੋਂ ਅਜਿਹੇ ਪੰਥਕ ਸੰਕਟ 'ਚ ਘਿਰੀ ਸੀ ਕਿ ਸਰਕਾਰ ਜਾਣ ਦੇ ਬਾਵਜੂਦ ਅਕਾਲੀ ਦਲ ਦੀ ਸਿਆਸੀ ਸਥਿਤੀ ਲੀਹ 'ਤੇ ਨਹੀਂ ਪੈ ਰਹੀ। ਬਾਦਲ ਸਰਕਾਰ ਵਾਂਗ ਹੀ ਬਰਗਾੜੀ ਕਾਂਡ ਦਾ ਅਸਰ ਹੁਣ ਕੈਪਟਨ ਸਰਕਾਰ 'ਤੇ ਵੀ ਪੈਣਾ ਆਰੰਭ ਹੋ ਗਿਆ ਹੈ। ਬਰਗਾੜੀ ਇਨਸਾਫ ਮੋਰਚੇ ਦੀ ਕਮਾਂਡ ਸਾਬਕਾ ਮੈਂਬਰ ਪਾਰਲੀਮੈਂਟ ਭਾਈ ਧਿਆਨ ਸਿੰਘ ਮੰਡ ਤੇ ਭਾਈ ਬਲਜੀਤ ਸਿੰਘ ਦਾਦੂਵਾਲ ਦੇ ਹੱਥ ਕੇਂਦਰਿਤ ਹੈ। ਮੋਰਚੇ ਦੀ ਮੰਗ ਹੈ ਕਿ ਬਰਗਾੜੀ ਕਾਂਡ ਦੇ ਦੋਸ਼ੀਆਂ ਸਣੇ ਬਾਦਲਾਂ ਖ਼ਿਲਾਫ਼ ਕੈਪਟਨ ਸਰਕਾਰ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਮੁਤਾਬਿਕ ਠੋਸ ਕਾਰਵਾਈ ਨੂੰ ਅਮਲੀ ਰੂਪ ਦੇਵੇ। ਇਹ ਮੁੱਦਾ ਭਾਵੇਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਵਿਧਾਨ ਸਭਾ 'ਚ ਬਾਦਲਾਂ ਖ਼ਿਲਾਫ਼ ਗੂੰਜ ਚੁੱਕਿਆ ਹੈ ਪਰ ਬਰਗਾੜੀ ਮੋਰਚੇ ਦੇ ਆਗੂ ਸਰਕਾਰ ਤੋਂ ਹਾਲੇ ਨਾਖ਼ੁਸ਼ ਹੀ ਹਨ। ਲੰਘੇ ਦਿਨੀਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਰਗਾੜੀ ਮੋਰਚੇ ਨਾਲ ਜੁੜੇ ਆਗੂਆਂ ਨੂੰ ਅਤਿਵਾਦੀ ਕਹਿਣ ਤੋਂ ਦੋਵਾਂ ਧਿਰਾਂ ਦਰਮਿਆਨ ਬਣੇ ਸੁਖਾਵੇਂ ਹਾਲਾਤ ਇਕਦਮ ਪਾਸਾ ਪਲਟਣ ਲੱਗੇ ਹਨ।

## ਤਖਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਦੀ ਚੋਣ 7 ਅਕਤੂਬਰ ਨੂੰ

**ਚੰਡੀਗੜ/ਬਿਊਰੋ ਨਿਊਜ਼ :** ਭਾਰਤ ਦੇ ਬਿਹਾਰ ਵਿਚ ਸਥਿਤ ਤਖ਼ਤ ਹਰਿਮੰਦਰ ਜੀ ਸ੍ਰੀ ਪਟਨਾ ਸਾਹਿਬ ਦੇ ਨਵੇਂ ਪ੍ਰਧਾਨ ਤੇ ਦੂਜੇ ਅਹੁਦੇਦਾਰਾਂ ਦੀ ਚੋਣ 7 ਅਕਤੂਬਰ ਨੂੰ ਹੋ ਰਹੀ ਹੈ। ਐਸਜੀਪੀਸੀ. ਅੰਮ੍ਰਿਤਸਰ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਅਨੁਸਾਰ ਇਸ ਚੋਣ ਦੀ ਨਿਗਰਾਨੀ ਬਿਹਾਰ ਸਰਕਾਰ ਵਲੋਂ ਕੀਤੀ ਜਾਏਗੀ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਅਵਤਾਰ ਸਿੰਘ ਨੇ ਤਖ਼ਤ ਹਰਿਮੰਦਰ ਜੀ ਸ੍ਰੀ ਪਟਨਾ ਸਾਹਿਬ ਦੇ ਨਵੇਂ ਪ੍ਰਧਾਨ ਤੇ ਦੂਜੇ ਅਹੁਦੇਦਾਰਾਂ ਦੀ ਚੋਣ ਬਾਰੇ ਕਿਹਾ ਕਿ ਉਸੇ ਦਿਨ ਉਹ ਖੁਦ ਇਸ ਅਹੁਦੇ ਤੋਂ ਸੇਵਾ-ਮੁਕਤ ਹੋ ਜਾਣਗੇ ਤੇ ਨਵੇਂ ਪ੍ਰਧਾਨ ਦੀ ਚੋਣ ਹੋਵੇਗੀ। ਉਨ੍ਹਾਂ ਕਿਹਾ ਕਿ ਉਕਤ ਚੋਣ ਨਾਲ ਸਬੰਧਿਤ ਵੱਖ-ਵੱਖ ਸਿੱਖ ਸੰਸਥਾਵਾਂ ਨੇ ਆਪੋ-ਆਪਣੇ ਪ੍ਰਤੀਨਿਧ ਨਾਮਜ਼ਦ ਕਰ ਦਿੱਤੇ ਹਨ, ਜਿਨ੍ਹਾਂ ਵਿਚ ਐਸਜੀਪੀਸੀ., ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਚੀਫ਼ ਖ਼ਾਲਸਾ ਦੀਵਾਨ ਦੀ ਪ੍ਰਤੀਨਿਧਤਾ ਕ੍ਰਮਵਾਰ ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਵਤਾਰ ਸਿੰਘ ਹਿੱਤ ਤੇ ਸੁਰਿੰਦਰ ਸਿੰਘ ਕਰਨਗੇ।

## ਭਾਈ ਜਗਤਾਰ ਸਿੰਘ ਤਾਰਾ ਦੀ ਪਟਿਆਲਾ ਅਦਾਲਤ 'ਚ ਪੇਸ਼ੀ ਨਾ ਹੋਈ

**ਪਟਿਆਲਾ/ਬਿਊਰੋ ਨਿਊਜ਼ :** ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਤਾਅ-ਉਮਰ ਕੈਦ ਅਧੀਨ ਬੁੜੈਲ ਜੇਲ੍ਹ ਵਿਚ ਬੰਦ ਜੁਝਾਰੂ ਸਿੰਘ ਭਾਈ ਜਗਤਾਰ ਸਿੰਘ ਤਾਰਾ ਦੀ ਪਟਿਆਲਾ ਕੋਰਟ ਵਿਚ ਪੇਸ਼ੀ ਨਹੀਂ ਹੋ ਸਕੀ। ਉਹ ਇਥੇ 'ਰਾਸ਼ਟਰੀ ਸਿੱਖ ਸੰਗਤ' ਦੀ ਪੰਜਾਬ ਇਕਾਈ ਦੇ ਪ੍ਰਧਾਨ ਰਹੇ ਰੁਲਦਾ ਸਿੰਘ ਦੇ ਕਤਲ ਕੇਸ ਵਿਚ ਨਾਮਜ਼ਦ ਕੀਤੇ ਹੋਏ ਹਨ।



ਭਾਈ ਤਾਰਾ ਨੂੰ ਪਿਛਲੀਆਂ ਦੋ ਪੇਸ਼ੀਆਂ ਦੀ ਤਰ੍ਹਾਂ ਇਸ ਵਾਰੀ ਵੀ ਚੰਡੀਗੜ੍ਹ ਪੁਲੀਸ ਪਟਿਆਲੇ ਦੀ ਅਦਾਲਤ ਵਿਚ ਨਾ ਲਿਆਈ।ਇਸ ਕਰਕੇ ਅਦਾਲਤੀ ਕਾਰਵਾਈ ਐਤਕੀਂ ਵੀ ਅੱਗੇ ਨਾ ਵਧ ਸਕੀ। ਇਸੇ ਦੌਰਾਨ ਪਟਿਆਲਾ ਪੁਲੀਸ ਨੇ ਖਾਲਿਸਤਾਨੀ ਆਗੂ ਰਮਨਦੀਪ ਸਿੰਘ ਗੋਲਡੀ ਨੂੰ ਜੇਲ੍ਹ ਤੋਂ ਲਿਆ ਕੇ ਅਦਾਲਤ ਵਿਚ ਪੇਸ਼ ਕੀਤਾ। ਜ਼ਿਕਰਯੋਗ ਹੈ ਕਿ ਪਿਛਲੀ ਪੇਸ਼ੀ 'ਤੇ ਭਾਈ ਤਾਰਾ ਨੂੰ ਨਾ ਲਿਆਉਣ ਕਰਕੇ ਅਦਾਲਤ ਨੇ ਬੁੜੈਲ ਜੇਲ੍ਹ ਪ੍ਰਸ਼ਾਸਨ ਨੂੰ ਝਾੜ ਪਾਉਂਦਿਆਂ ਉਸ ਦੀ ਹਾਜ਼ਰੀ ਯਕੀਨੀ ਬਣਾਉਣ ਲਈ ਆਖਿਆ ਸੀ ਪਰ ਚੰਡੀਗੜ੍ਹ ਪੁਲਿਸ ਉਤੇ ਇਸ ਦਾ ਭੋਰਾ ਅਸਰ ਨਹੀਂ ਹੋਇਆ ਅਤੇ ਭਾਈ ਤਾਰਾ ਦੇ ਗੈਰਹਾਜ਼ਰ ਹੋਣ ਕਰਕੇ ਗਵਾਹੀਆਂ ਨਾ ਹੋ ਸਕੀਆਂ। ਉੱਧਰ ਭਾਈ ਤਾਰਾ ਤੇ ਭਾਈ ਗੋਲਡੀ ਦੇ ਵਕੀਲ ਬਰਜਿੰਦਰ ਸਿੰਘ ਸੋਢੀ ਨੇ ਕਿਹਾ ਕਿ ਬੁੜੈਲ ਜੇਲ੍ਹ ਪ੍ਰਸ਼ਾਸਨ ਦੀ ਅਜਿਹੀ ਬੇਰੁਖੀ ਕਾਰਨ ਕੇਸ ਦੀ ਸੁਣਵਾਈ ਹਰ ਵਾਰ ਟਾਲਣੀ ਪੈ ਰਹੀ ਹੈ, ਜੋ ਕੇਸ ਦੇ ਨਿਬੇੜੇ ਵਿਚ ਦੇਰੀ ਦਾ ਕਾਰਨ ਬਣ ਰਹੀ ਹੈ। ਐਡਵੋਕੇਟ ਸੋਢੀ ਨੇ ਦੱਸਿਆ ਕਿ ਕੇਸ ਦੀ ਅਗਲੀ ਸੁਣਵਾਈ ਅਦਾਲਤ ਵੱਲੋਂ 12 ਅਕਤੂਬਰ 'ਤੇ ਪਾਈ ਗਈ ਹੈ।

## ਭਾਰਤੀ ਰੁਪਏ ਦੀ ਮੰਦੀ ਕਾਰਨ ਵਿਦੇਸ਼ ਪੜ੍ਹਨ ਗਏ ਵਿਦਿਆਰਥੀ ਕਸੂਤੇ ਫਸੇ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤੀ ਰੁਪਏ ਨੇ ਅੰਤਰ-ਰਾਸ਼ਟਰੀ ਬਾਜ਼ਾਰ ਵਿਚ ਡਾਲਰ ਦੇ ਮੁਕਾਬਲੇ ਆਪਣੀ ਕੀਮਤ ਵਿਚ ਬੁਰੀ ਤਰ੍ਹਾਂ ਗਿਰਾਵਟ ਦਰਜ ਕੀਤੀ ਹੈ। ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਚੁੱਕੇ ਰੁਪਏ ਨੇ ਸਿਰਫ ਤੇਲ ਕੀਮਤਾਂ ਦੇ ਉਛਾਲ ਨਾਲ ਦੇਸ਼ ਦੇ ਲੋਕਾਂ ਦਾ ਕਚੂੰਮਰ ਹੀ ਨਹੀਂ ਕੱਢਿਆ, ਸਗੋਂ ਵਿਦੇਸ਼ਾਂ ਵਿਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਗੰਭੀਰ ਸੰਕਟ ਵਿੱਚ ਪਾ ਦਿੱਤਾ ਹੈ। 23 ਸਾਲਾ ਵਿਦਿਆਰਥੀ ਨਿਮੇਸ਼ ਬੰਦੇਕਰ ਨੇ ਅਮਰੀਕਾ ਦੇ ਡੇਟ੍ਰਾਇਟ ਦੀ ਵਾਯੇਨ ਯੂਨੀਵਰਸਿਟੀ ਵਿੱਚ ਮਕੈਨੀਕਲ ਇੰਜਨੀਅਰਿੰਗ ਦੀ ਮਾਸਟਰਜ਼ ਡਿਗਰੀ ਕਰਨ ਲਈ 30 ਲੱਖ ਰੁਪਏ ਦਾ ਵਿਦਿਅਕ ਕਰਜ਼ ਲਿਆ ਹੋਇਆ ਹੈ। ਡਾਲਰ ਦੇ ਮੁਕਾਬਲੇ ਜਿਸ ਤਰ੍ਹਾਂ ਰੁਪਿਆ ਟੁੱਟ ਰਿਹਾ ਹੈ, ਉਹ ਫਿਕਰਮੰਦ ਹੁੰਦਾ ਜਾ ਰਿਹਾ ਹੈ ਕਿ ਆਪਣਾ ਕਰਜ਼ ਕਿਸ ਤਰ੍ਹਾਂ ਚੁਕਤਾ ਕਰੇਗਾ। ਉਸ ਨੇ ਦੱਸਿਆ ਕਿ ਉਸ ਦਾ ਸਟੱਡੀ ਲੋਨ ਇਸੇ ਸਾਲ ਅਪਰੈਲ ਵਿੱਚ ਪਾਸ ਹੋਇਆ ਸੀ, ਉਦੋਂ ਇੱਕ ਡਾਲਰ ਦਾ ਭਾਅ 66 ਰੁਪਏ ਸੀ। ਡਾਲਰ ਦਾ ਭਾਅ ਵਧਣ ਨਾਲ ਉਸ ਨੂੰ ਆਪਣੀ ਫੀਸ ਵਿੱਚ 60,000 ਰੁਪਏ ਹੋਰ ਵਾਧੂ ਦੇਣੇ ਪੈਣਗੇ।

ਅਮਰੀਕਾ ਵਿੱਚ ਪੜ੍ਹ ਰਹੇ ਭਾਰਤੀ ਵਿਦਿਆਰਥੀਆਂ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਪੜ੍ਹਾਈ ਦੇ ਨਾਲ-ਨਾਲ ਜਿੱਥੇ ਨੌਕਰੀ ਤਾਂ ਕਰਨੀ ਪੈ ਹੀ ਰਹੀ ਹੈ, ਨਾਲ ਹੀ ਖਰਚੇ ਘੱਟ ਕਰਨ ਲਈ ਰੋਟੀ ਖਾਣੀ ਵੀ ਘਟਾਉਣੀ ਪੈ ਰਹੀ ਹੈ। ਇਸ ਦੇ ਨਾਲ ਹੀ ਪਹਿਲਾਂ ਦੇ ਮੁਕਾਬਲੇ ਕੋਰਸਾਂ ਦੀ ਫੀਸ ਵੀ ਵਧ ਗਈ ਹੈ। ਅਜਿਹੇ ਵਿੱਚ ਭਾਰਤ ਵੱਸਦੇ ਮਾਪੇ ਆਪਣੇ ਬੱਚਿਆਂ ਲਈ ਫਿਕਰਮੰਦ ਹਨ, ਕਿਉਂਕਿ ਅਜਿਹੇ ਹਾਲਾਤ ਉਨ੍ਹਾਂ ਨੂੰ ਉਨ੍ਹਾਂ ਦੀ ਪੜ੍ਹਾਈ ਤੋਂ ਦੂਰ ਲਿਜਾ ਰਹੇ ਹਨ।

ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਬੱਚਿਆਂ ਨੂੰ ਫ਼ੀਸ ਭੇਜਣੀ ਸੀ, ਉਦੋਂ ਡਾਲਰ ਦਾ ਰੇਟ 70 ਰੁਪਏ ਸੀ। ਉਨ੍ਹਾਂ ਸੋਚਿਆ ਕਿ ਕੁਝ ਸਮਾਂ ਰੁਕ ਜਾਂਦੇ ਹਾਂ, ਇਹ ਵਾਪਸ 65 ਤਕ ਆ ਜਾਵੇਗਾ ਤਾਂ ਪੈਸੇ ਭੇਜਣ ਵਿੱਚ ਸੌਖ ਹੋਵੇਗੀ ਪਰ ਡਾਲਰ 72 ਤੋਂ ਵੀ ਪਾਰ ਹੋ ਗਿਆ। ਉੱਧਰੋਂ ਬੱਚਿਆਂ ਨੂੰ ਲੇਟ ਫੀਸ ਦਾ ਜ਼ੁਰਮਾਨਾ ਵੀ ਲੱਗ ਗਿਆ। ਹੁਣ ਉਨ੍ਹਾਂ ਨੂੰ ਇਸੇ ਵੱਧ ਮੁੱਲ 'ਤੇ ਹੀ ਪੈਸੇ ਭੇਜਣੇ ਪੈ ਰਹੇ ਹਨ।

## ਸੁਪਰੀਮ ਕੋਰਟ ਦੇ ਜੱਜ ਬਰੈਟ ਕੈਵਾਨੌਂਗ ਖਿਲਾਫ ਜਿਨਸੀ ਸੋਸ਼ਣ ਦਾ ਇਕ ਹੋਰ ਮਾਮਲਾ ਆਇਆ ਸਾਹਮਣੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਪਹਿਲਾਂ ਹੀ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕੀ ਸੁਪਰੀਮ ਕੋਰਟ ਲਈ ਨਾਮਜ਼ਦ ਜੱਜ ਬਰੈੱਟ ਕੈਵਾਨੌਂਗ ਕੈਵਾਨੌਂਗ 'ਤੇ ਇਕ ਹੋਰ ਮਹਿਲਾ ਨੇ ਜਿਨਸੀ ਬਦਸਲੂਕੀ ਦੇ ਦੋਸ਼ ਲਾਏ ਹਨ। ਇਸ ਮਾਮਲੇ ਕਾਰਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਸੁਪਰੀਮ ਕੋਰਟ ਲਈ ਨਾਮਜ਼ਦ ਕੀਤੇ ਬਰੈੱਟ ਕੈਵਾਨੌਂਗ ਦੀਆਂ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ। ਇਸ ਦੌਰਾਨ ਮੀਡੀਆ ਵਿਚ ਖਬਰ ਨਸ਼ਰ ਹੋ ਰਹੀ ਹੈ ਕਿ ਕੈਵਾਨੌਂਗ ਨੇ ਇਨ੍ਹਾਂ ਤਮਾਮ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਧਰ ਵ੍ਹਾਈਟ ਹਾਊਸ ਨੇ ਵੀ ਜਸਟਿਸ ਕੈਵਾਨੌਂਗ 'ਤੇ ਲੱਗੇ ਤਾਜ਼ਾ ਦੋਸ਼ਾਂ ਨੂੰ ਡੈਮੋਕਰੈਟਜ਼ ਵੱਲੋਂ ਇਕ ਚੰਗੇ ਸ਼ਖ਼ਸ ਨੂੰ ਬਦਨਾਮ ਕਰਨ ਲਈ ਚਲਾਈ ਮੁਹਿੰਮ ਦਾ ਹਿੱਸਾ ਦੱਸਿਆ ਹੈ।

*ਸਾਧ ਨਿਤਿਆਨੰਦ ਦੀ ਵੱਡੀ ਗਪੌੜ*

## 'ਮੈਂ ਅਜਿਹੀ ਗਾਂ ਬਣਾਊਂ ਜੋ ਸੰਸਕ੍ਰਿਤ ਤੇ ਤਾਮਿਲ ਬੋਲਿਆ ਕਰੂ'

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਵਾਮੀ ਨਿਤਆਨੰਦ ਨੇ ਵੱਡੀ ਸਾਰੀ ਗੱਪ ਮਾਰਦਿਆਂ ਕਿਹਾ ਕਿ ਉਹ ਅਜਿਹੇ ਪਸ਼ੂ ਬਣਾਉਣਗੇ ਜੋ ਸੰਸਕ੍ਰਿਤ ਅਤੇ ਤਾਮਿਲ ਬੋਲਿਆ ਕਰਨਗੇ। ਹਾਲਾਂਕਿ, ਇਸੇ ਨਿਤਿਆਨੰਦ ਨੂੰ ਸੰਨ 2010 ਵਿੱਚ ਜਿਨਸੀ ਸੋਸ਼ਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ ਤੇ ਇਤਰਾਜ਼ਯੋਗ ਸਥਿਤੀ ਵਿੱਚ ਇਕ ਦੱਖਣੀ ਭਾਰਤੀ ਫ਼ਿਲਮ ਅਦਾਕਾਰਾ ਨਾਲ ਤਸਵੀਰਾਂ ਵੀ ਸਾਹਮਣੇ ਆਈਆਂ ਸਨ। ਨਿਤਿਆਨੰਦ ਨੇ ਅਜਿਹਾ ਸਾਫਟਵੇਅਰ ਬਣਾਉਣ ਦਾ ਦਾਅਵਾ ਕੀਤਾ ਜਿਸ ਨਾਲ ਗਊ, ਬਾਂਦਰ ਤੇ ਸ਼ੇਰ ਸੰਸਕ੍ਰਿਤ, ਤਾਮਿਲ ਬੋਲਿਆ ਕਰਨਗੇ। ਸਵਾਮੀ ਨੇ ਕਿਹਾ ਕਿ ਉਸ ਕੋਲ ਅਜਿਹੀ ਰੂਹਾਨੀ ਸ਼ਕਤੀ ਹੈ, ਜਿਸ ਨਾਲ ਉਹ ਗਾਵਾਂ, ਬਾਂਦਰਾਂ ਆਦਿ ਦੇ ਅੰਦਰੂਨੀ ਅੰਗ ਵਿਕਸਤ ਕਰ ਸਕਦੇ ਹਨ।

# ਕਰਤਾਰਪੁਰ ਲਾਂਘੇ ਦੇ ਮੁੱਦੇ 'ਤੇ ਭਾਰਤ ਸਰਕਾਰ ਭੱਜੀ

- ਦਹਿਸ਼ਤਗਰਦਾਂ ਵਲੋਂ ਬੀਐਸਐਫ ਜਵਾਨ ਦੀ ਹੱਤਿਆ ਨੂੰ ਬਣਾਇਆ ਜਾ ਰਿਹਾ ਹੈ ਬਹਾਨਾ
- ਇਮਰਾਨ ਨੇ ਕਿਹਾ ਜਾਂਚ ਕਰਵਾ ਲਵੋ, ਸਾਡਾ ਕੋਈ ਹੱਥ ਨਹੀਂ, ਭਾਰਤ ਬਹਾਨੇ ਨਾ ਬਣਾਵੇ
- ਜਿੰਨਾ ਚਿਰ ਤੱਕ ਸਾਡੇ ਫੌਜੀ ਕਤਲ ਹੋਣਗੇ, ਅਸੀਂ ਨਹੀਂ ਕਰਾਂਗੇ ਗੱਲਬਾਤ : ਭਾਜਪਾ



ਨਵੀਂ ਦਿੱਲੀ/ਬਿਊਰੋ ਨਿਊਜ਼ : ਕਰਤਾਰਪੁਰ ਲਾਂਘੇ ਦੇ ਖੋਲ੍ਹਣ ਦੇ ਮੁੱਦੇ 'ਤੇ ਭਾਰਤ ਸਰਕਾਰ ਫਿਰ ਭੱਜ ਗਈ ਹੈ ਤੇ ਉਸ ਨੇ ਪਾਕਿਸਤਾਨ ਨਾਲ ਨਿਊਯਾਰਕ ਵਿਚ ਹੋਣ ਵਾਲੀ ਵਿਦੇਸ਼ ਮੰਤਰੀਆਂ ਦੀ ਮੀਟਿੰਗ ਰੱਦ ਕਰ ਦਿੱਤੀ ਹੈ। ਇਸ ਕਾਰਨ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਮਾਮਲਾ ਇਕ ਵਾਰ ਫਿਰ ਲਟਕਦਾ ਨਜ਼ਰ ਆ ਰਿਹਾ ਹੈ। ਇਹ ਮੁਲਾਕਾਤ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਤੇ ਪਾਕਿਸਤਾਨ ਦੇ ਸ਼ਾਹ ਮਹਿਮੂਦ ਕੁਰੈਸ਼ੀ ਵਿਚਾਲੇ ਹੋਣੀ ਸੀ। ਭਾਰਤ ਸਰਕਾਰ ਨੇ ਹੁਣ ਪਾਕਿਸਤਾਨ ਨੂੰ ਤਾੜਨਾ ਕੀਤੀ ਹੈ ਕਿ ਜਦੋਂ ਤਕ ਪਾਕਿਸਤਾਨ ਆਪਣੀ ਧਰਤੀ 'ਤੇ ਦਹਿਸ਼ਤਗਰਦਾਂ 'ਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਪੁਸ਼ਤ-ਪਨਾਹੀ ਖਤਮ ਨਹੀਂ ਕਰ ਦਿੰਦਾ, ਤਦ ਤਕ ਆਪਸੀ ਗੱਲਬਾਤ ਦੀ ਕੋਈ ਸੰਭਾਵਨਾ ਪੈਦਾ ਨਹੀਂ ਹੋ ਸਕਦੀ ਹੈ। ਸਰਕਾਰ ਨੇ ਅਜਿਹਾ ਕਦਮ ਜੰਮੂ -ਕਸ਼ਮੀਰ ਵਿਚ ਦਹਿਸ਼ਤਗਰਦਾਂ ਵਲੋਂ ਪੁਲਸ ਦੇ ਤਿੰਨ ਜਵਾਨਾਂ ਨੂੰ ਅਗਵਾ ਕਰ ਕੇ ਉਨ੍ਹਾਂ ਦਾ ਕਤਲ ਕਰਨ ਦੀ ਘਟਨਾ ਵਾਪਰਨ ਤੋਂ ਬਾਅਦ ਚੁੱਕਿਆ ਹੈ।

**ਜੰਗ ਲਈ ਅਸੀਂ ਤਿਆਰ-ਰਾਵਤ :** ਪਾਕਿਸਤਾਨੀ ਫੌਜ ਅਤੇ ਅਤਿਵਾਦੀਆਂ ਵੱਲੋਂ ਭਾਰਤੀ ਜਵਾਨਾਂ ਨਾਲ ਕੀਤੀ ਗਈ ਵਧੀਕੀ ਦਾ ਬਦਲਾ ਲੈਣ ਲਈ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਇਹ ਗੱਲ ਥਲ ਸੈਨਾ ਮੁਖੀ ਬਿਪਨ ਰਾਵਤ ਨੇ ਕਹੀ। ਥਲ ਸੈਨਾ ਮੁਖੀ ਦੀ ਇਹ ਟਿੱਪਣੀ ਇਕ ਬੀਐਸਐਫ ਜਵਾਨ ਨੂੰ ਗੋਲੀ ਮਾਰਨ ਤੇ ਉਸ ਦੀ ਗਰਦਨ ਵੱਢੇ ਜਾਣ ਤੇ ਜੰਮੂ-ਕਸ਼ਮੀਰ ਵਿੱਚ ਤਿੰਨ ਪੁਲੀਸ ਮੁਲਾਜ਼ਮਾਂ ਦੀ ਅਤਿਵਾਦੀਆਂ ਵੱਲੋਂ ਬੇਰਹਿਮੀ ਨਾਲ ਹੱਤਿਆ ਕੀਤੇ ਜਾਣ ਬਾਅਦ ਆਈ ਹੈ। ਪਾਕਿਸਤਾਨੀ ਫੌਜ ਅਤੇ ਅਤਿਵਾਦੀਆਂ ਵੱਲੋਂ ਭਾਰਤੀ ਜਵਾਨਾਂ ਨਾਲ ਕੀਤੀ ਗਈ ਵਧੀਕੀ ਦਾ ਬਦਲਾ ਲੈਣ 'ਤੇ ਜ਼ੋਰ ਦਿੰਦਿਆਂ ਥਲ ਸੈਨਾ ਮੁਖੀ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਉਨ੍ਹਾਂ ਨੂੰ ਉਸੇ ਦੀ ਭਾਸ਼ਾ ਵਿੱਚ ਜਵਾਬ ਦਿੱਤਾ ਜਾਵੇ ਪਰ ਉਨ੍ਹਾਂ ਵਰਗਾ ਵਿਹਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਤਿਵਾਦ ਅਤੇ ਗੱਲਬਾਤ ਨਾਲੋਂ ਨਾਲ ਨਹੀਂ ਚੱਲ ਸਕਦੇ। ਅਸੀਂ ਜੰਗ ਲਈ ਵੀ ਤਿਆਰ ਹਾਂ। ਪਾਕਿਸਤਾਨ ਨੂੰ ਅਤਿਵਾਦ ਦਾ ਖ਼ਾਤਮਾ ਕਰਨਾ ਚਾਹੀਦਾ ਹੈ ਤੇ ਉਸ ਨੂੰ ਆਪਣੀ ਧਰਤੀ ਅਤਿਵਾਦੀਆਂ ਨੂੰ ਭਾਰਤ ਖ਼ਿਲਾਫ਼ ਵਰਤਣ ਦੀ ਖੁੱਲ੍ਹ ਨਹੀਂ ਦੇਣੀ ਚਾਹੀਦੀ।

**ਅਸੀਂ ਵੀ ਤਿਆਰ : ਪਾਕਿ ਫੌਜ**

ਪਾਕਿਸਤਾਨ ਫੌਜ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਜੰਗ ਲਈ ਤਿਆਰ ਹਾਂ, ਪਰ ਪਾਕਿਸਤਾਨ ਦੇ ਲੋਕਾਂ, ਗੁਆਂਢੀਆਂ ਤੇ ਖੇਤਰ ਦੇ ਹਿੱਤ ਲਈ ਸ਼ਾਂਤੀ ਦਾ ਰਾਹ ਚੁਣਾਂਗੇ। ਪਾਕਿ ਦੇ ਡਾਇਰੈਕਟਰ ਜਨਰਲ ਆਫ ਇੰਟਰ ਸਰਵਿਸ ਪਬਲਿਕ ਰਿਲੇਸ਼ਨਜ਼ ਮੇਜਰ ਜਨਰਲ ਆਸਿਫ਼ ਗਫੂਰ ਨੇ ਦੁਨੀਆ ਟੀਵੀ ਨਾਲ ਗੱਲਬਾਤ ਕਰਦਿਆਂ ਕਿਹਾ, "ਭਾਰਤ ਨੇ ਪਹਿਲਾਂ ਵੀ ਫੌਜੀ ਜਵਾਨਾਂ ਦੀਆਂ ਲਾਸ਼ਾਂ ਨਾਲ ਬੇਹੁਰਮਤੀ ਦੇ ਦੋਸ਼ ਲਗਾਏ ਹਨ, ਪਰ ਸਾਡੀ ਫੌਜ ਕਦੇ ਵੀ ਅਜਿਹਾ ਨਹੀਂ ਕਰ ਸਕਦੀ।"

## ਇਮਰਾਨ ਨੇ ਭਾਰਤ ਨੂੰ ਹੰਕਾਰੀ ਕਿਹਾ

ਭਾਰਤ ਵੱਲੋਂ ਨਿਊਯਾਰਕ ਵਿਚ ਵਿਦੇਸ਼ ਮੰਤਰੀ ਪੱਧਰ ਦੀ ਬੈਠਕ ਰੱਦ ਕਰਨ ਦੇ ਫ਼ੈਸਲੇ ਨੂੰ 'ਹੰਕਾਰ' ਦੱਸਦਿਆਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਉਹ ਨਵੀਂ ਦਿੱਲੀ ਦੇ ਨਾਂਹ-ਪੱਖੀ ਹੁੰਗਾਰੇ ਤੋਂ ਨਿਰਾਸ਼ ਹਨ। ਇਸ ਦੌਰਾਨ ਪਾਕਿਸਤਾਨ ਦੇ ਵਿਦੇਸ਼ ਦਫ਼ਤਰ ਦੇ ਤਰਜਮਾਨ ਮੁਹੰਮਦ ਫ਼ੈਸਲ ਨੇ ਕਿਹਾ ਕਿ ਬੀਐਸਐਫ ਜਵਾਨ ਦੀ ਹੱਤਿਆ



ਭਾਰਤ ਵੱਲੋਂ ਦੁਵੱਲੀ ਬੈਠਕ ਕਰਨ ਦੇ ਐਲਾਨ ਤੋਂ ਦੋ ਦਿਨ ਪਹਿਲਾਂ ਹੋ ਚੁੱਕੀ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਰੇਂਜਰਾਂ ਰਾਹੀਂ ਬੀਐਸਐਫ ਨੂੰ ਸਪੱਸ਼ਟ ਕਰ ਦਿੱਤਾ ਗਿਆ ਸੀ ਕਿ ਮੁਲਕ (ਪਾਕਿਸਤਾਨ) ਦਾ ਜਵਾਨ ਦੀ ਹੱਤਿਆ ਨਾਲ ਕੁਝ ਵੀ ਲੈਣਾ-ਦੇਣਾ ਨਹੀਂ ਹੈ ਅਤੇ ਉਹ ਸਚਾਈ ਲਈ ਸਾਂਝੀ ਜਾਂਚ ਕਰਵਾਉਣ ਨੂੰ ਤਿਆਰ ਹਨ। ਉਸ ਨੇ ਕਿਹਾ ਕਿ ਭਾਰਤ ਨੇ ਦੁਵੱਲੇ ਰਿਸ਼ਤਿਆਂ ਵਿਚ ਸੁਧਾਰ ਅਤੇ ਖ਼ਿੱਤੇ ਨੂੰ ਸ਼ਾਂਤੀ ਤੇ ਵਿਕਾਸ ਦੇ ਰਾਹ 'ਤੇ ਪਾਉਣ ਲਈ ਸੰਜੀਦਾ ਕੋਸ਼ਿਸ਼ਾਂ ਦਾ ਮੌਕਾ ਗੁਆ ਲਿਆ ਹੈ।

## ਭਾਜਪਾ ਵੱਲੋਂ ਇਮਰਾਨ ਦੀ ਆਲੋਚਨਾ

ਭਾਜਪਾ ਨੇ ਇਮਰਾਨ ਖ਼ਾਨ 'ਤੇ ਵਰ੍ਹਦਿਆਂ ਕਿਹਾ ਕਿ ਇਮਰਾਨ ਖ਼ਾਨ ਫ਼ੌਜ ਦੇ ਨਿਰਦੇਸ਼ਾਂ 'ਤੇ ਕੁਰਸੀ 'ਤੇ ਬੈਠਾ ਹੈ ਅਤੇ ਭਾਰਤ ਆਪਣੇ ਗੁਆਂਢੀ ਨਾਲ ਉਸ ਸਮੇਂ ਤਕ ਗੱਲਬਾਤ ਨਹੀਂ ਕਰੇਗਾ ਜਦੋਂ ਤਕ ਕਿ ਸਾਡੇ ਫ਼ੌਜੀ ਮਾਰੇ ਜਾਂਦੇ ਰਹਿਣਗੇ। ਜ਼ਿਕਰਯੋਗ ਹੈ ਕਿ ਇਮਰਾਨ ਨੇ ਦੋਵੇਂ ਮੁਲਕਾਂ ਦੇ ਵਿਦੇਸ਼ ਮੰਤਰੀਆਂ ਦੀ ਬੈਠਕ ਰੱਦ ਹੋਣ 'ਤੇ ਨਿਰਾਸ਼ਾ ਜ਼ਾਹਿਰ ਕੀਤੀ ਸੀ।

## ਖੁੱਲ੍ਹੇ ਲਾਂਘੇ ਬਾਰੇ ਇਤਿਹਾਸ :

ਖੁੱਲ੍ਹੇ ਲਾਂਘੇ ਬਾਰੇ ਇਤਿਹਾਸ ਦਾ ਜ਼ਿਕਰ ਕਰੀਏ ਤਾਂ ਇਹ ਲਹਿਰ ਪ੍ਰਵਾਸੀ ਖਾਲਸਾ ਜੀ ਨੇ ਚਲਾਈ ਸੀ ਤੇ ਖਾਸ ਕਰਕੇ ਉਸ ਸਮੇਂ ਗੰਗਾ ਸਿੰਘ ਢਿੱਲੋਂ ਨੇ ਸੰਨ 1981 ਦੌਰਾਨ ਇਹ ਮੁੱਦਾ ਚੁੱਕਿਆ ਸੀ ਤੇ ਪੂਰੇ ਵਿਸ਼ਵ ਵਿਚ ਸਿੱਖਾਂ ਨੂੰ ਇਸ ਮਸਲੇ 'ਤੇ ਇਕਮੁਠ ਕੀਤਾ ਸੀ। ਪਰ ਭਾਰਤ ਸਰਕਾਰ ਨੇ ਸੰਨ 1981 ਵਿਚ ਖਾਲਿਸਤਾਨੀ ਹੋਣ ਕਰਕੇ ਗੰਗਾ ਸਿੰਘ ਢਿੱਲੋਂ ਨੂੰ ਬੈਨ ਕਰ ਦਿੱਤਾ। ਸੰਨ 1998 ਦੌਰਾਨ ਜਥੇਦਾਰ ਅਵਤਾਰ ਸਿੰਘ ਸੰਘੇੜਾ, ਜਥੇਦਾਰ ਬਲਬੀਰ ਸਿੰਘ, ਸ. ਰਜਿੰਦਰ ਸਿੰਘ ਪੁਰੇਵਾਲ ਨੇ ਕਰਤਾਰਪੁਰ ਖੁੱਲ੍ਹਾ ਲਾਂਘਾ ਬਾਰੇ ਕਮੇਟੀ ਬਣਾ ਕੇ ਇਹ ਲਹਿਰ ਉਸਾਰੀ ਸੀ ਤੇ ਇਸੇ ਤਹਿਤ ਕਾਰਸੇਵਾ ਕਮੇਟੀ ਬਣਾਈ ਗਈ ਸੀ। ਇਸ ਸੰਬੰਧ ਵਿਚ ਵਿਸ਼ਵ ਪੱਧਰ ਉਤੇ ਵੱਡੀਆਂ ਮੀਟਿੰਗਾਂ ਹੋਈਆਂ ਸਨ। 1999 ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਗੱਲਬਾਤ ਕਰਕੇ ਇੰਗਲੈਂਡ ਦੇ ਪ੍ਰਵਾਸੀ ਖਾਲਸਾ ਜੀ ਜਥੇਦਾਰ ਅਵਤਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਭਾਈ ਜੋਗਾ ਸਿੰਘ ਤੇ ਰਜਿੰਦਰ ਸਿੰਘ ਪੁਰੇਵਾਲ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਮੁੱਦੇ ਬਾਰੇ ਗੱਲਬਾਤ ਕਰਕੇ ਇਕ ਕਮੇਟੀ ਬਣਾਈ ਗਈ ਸੀ, ਜਿਸ ਵਿਚ 11 ਮੈਂਬਰ ਸ਼੍ਰੋਮਣੀ ਕਮੇਟੀ ਵਿਚੋਂ ਲਏ ਜਾਣੇ ਸਨ, 11 ਪਾਕਿਸਤਾਨ ਦੇ ਸਿੱਖ ਤੇ 11 ਹੀ ਪ੍ਰਵਾਸੀ ਖਾਲਸਾ ਜੀ ਵਿਚੋਂ ਚੁਣੇ ਗਏ ਸਨ। ਜਥੇਦਾਰ ਟੌਹੜਾ ਇਸ ਕਮੇਟੀ ਨੂੰ ਮਾਨਤਾ ਵੀ ਦੇਣ ਵਾਲੇ ਸਨ, ਪਰ ਸੰਨ 1999 ਨੂੰ ਭਾਈ ਰਣਜੀਤ ਸਿੰਘ ਦੀ ਜਥੇਦਾਰੀ ਨੂੰ ਲੈ ਕੇ ਪ੍ਰਕਾਸ਼ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਕਮੇਟੀ ਵਿਚ ਵਿਵਾਦ ਪੈਦਾ ਹੋ ਗਿਆ। ਇਸ ਕਾਰਨ ਇਹ ਮਾਮਲਾ ਠੰਡੇ ਬਸਤੇ ਵਿਚ ਪੈ ਗਿਆ। ਉਸ ਤੋਂ ਬਾਅਦ ਰਜਿੰਦਰ ਸਿੰਘ ਪੁਰੇਵਾਲ ਖਜ਼ਾਨਚੀ ਕਾਰਸੇਵਾ ਕਮੇਟੀ ਪਾਕਿਸਤਾਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇ। ਬਾਦਲ ਨੇ ਕੁਝ ਚਿਰਾਂ ਪਿਛੋਂ ਉਹ ਇਸ ਸੰਬੰਧ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੂੰ ਮਿਲੇ। ਪਰ ਵਾਜਪਾਈ ਨੇ ਖੁੱਲ੍ਹਾ ਲਾਂਘਾ ਨੂੰ ਸਮਰਥਨ ਦੇਣ ਤੋਂ ਇਨਕਾਰ ਕਰ ਦਿੱਤਾ, ਜਿਸ ਕਰਕੇ ਇਹ ਗਲ ਹਾਲੇ ਤੱਕ ਸਿਰੇ ਨਹੀਂ ਚੜ੍ਹ ਸਕੀ। ਭਾਰਤ ਸਰਕਾਰ ਹੁਣ ਵੀ ਟਾਲ ਮਟੋਲ ਕਰ ਰਹੀ ਹੈ ।

## ਕੀ ਸੋਚਦੇ ਹਨ ਸਿੱਖ ਵਿਦਵਾਨ ਅਤੇ ਪੰਥਕ ਜਥੇਬੰਦੀਆਂ

ਅਮਰੀਕਾ ਤੋਂ ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਸਵਰਨਜੀਤ ਸਿੰਘ ਖਾਲਸਾ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਨੂੰ ਕਰਤਾਰਪੁਰ ਖੁੱਲ੍ਹੇ ਲਾਂਘੇ ਦੇ ਲਈ ਬਹਾਨਾ ਨਹੀਂ ਬਣਾਉਣਾ ਚਾਹੀਦਾ, ਇਹ ਸਿੱਖ ਪੰਥ ਦਾ ਮਾਮਲਾ ਹੈ। ਦੋਹਾਂ ਦੇਸ਼ਾਂ ਨੂੰ ਇਸ ਮਾਮਲੇ ਵਿਚ ਆਪਣੀਆਂ ਨਫ਼ਰਤਾਂ ਖਤਮ ਕਰ ਦੇਣੀਆਂ ਚਾਹੀਦੀਆਂ ਹਨ। ਸਿੱਖ ਪੂਰੇ ਵਿਸ਼ਵ ਸ਼ਾਂਤੀ ਦੇ ਦੂਤ ਹਨ ਤੇ ਉਨ੍ਹਾਂ ਦਾ ਮਨੋਰਥ ਸਰਬੱਤ ਦਾ ਭਲਾ ਹੈ ਤੇ ਕਰਤਾਰਪੁਰ ਹਰੇਕ ਸਿੱਖ ਤੇ ਵਿਸ਼ਵ ਦੇ ਲੋਕਾਂ ਲਈ ਅਜਿਹਾ ਚਾਨਣ ਹੈ, ਜੋ ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਲਈ ਦਿੱਤਾ। ਇਸ ਗੱਲ ਦਾ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਰਤ ਸਰਕਾਰ ਨੂੰ ਅਹਿਸਾਸ ਕਰਨਾ ਚਾਹੀਦਾ ਹੈ। ਕਿਉਂਕਿ ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਮਾਮਲੇ ਵਿਚ ਚੁੱਪ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਤੀਨਿਧ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਇਸ ਮਾਮਲੇ ਵਿਚ ਨਾਂਹ ਪੱਖੀ ਭੂਮਿਕਾ ਨਿਭਾਈ ਹੈ। ਅਜਿਹਾ ਕਰਕੇ ਉਨ੍ਹਾਂ ਨੇ ਸਮੁੱਚੇ ਪੰਥ ਵਿਚ ਆਪਣੇ ਲਈ ਤੇ ਸ਼੍ਰੋਮਣੀ ਅਕਾਲੀ ਦਲ ਲਈ ਨਰਾਜ਼ਗੀ ਸਹੇੜੀ ਹੈ।

ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਦਮਦਮਾ ਸਾਹਿਬ ਦਾ ਕਹਿਣਾ ਹੈ ਦੂਰਬੀਨ ਨਾਲ ਤਾਂ ਦਰਸ਼ਨ ਵੀ ਸਹੀ ਨਹੀਂ ਹੋ ਰਹੇ, ਇਸ ਲਈ ਲਾਂਘਾ ਖੁੱਲ੍ਹਣਾ ਚਾਹੀਦਾ ਹੈ ਤਾਂ ਜੋ ਸੰਗਤਾਂ ਗੁਰੂ ਨਾਨਕ ਦੇ ਘਰ ਦੇ ਦਰਸ਼ਨ ਕਰਨ ਸਕਣ। ਕਿਸੇ ਵੀ ਸਰਕਾਰ ਨੂੰ ਇਸ ਵਿਚ ਅੜਿੱਕਾ ਨਹੀਂ ਖੜ੍ਹਾ ਕਰਨਾ ਚਾਹੀਦਾ, ਸਗੋਂ ਗੁਰੂ ਨਾਨਕ ਦੇ ਰਾਹਾਂ 'ਤੇ ਚਲ ਕੇ ਆਪਸ ਵਿਚ ਗਲਵਕੜੀਆਂ ਪਾ ਕੇ ਨਫ਼ਰਤਾਂ ਮਿਟਾ ਦੇਣੀਆਂ ਚਾਹੀਦੀਆਂ ਹਨ। ਇਨ੍ਹਾਂ ਗੱਲਾਂ ਦਾ ਨਬੇੜਾ ਤਾਂ ਹੀ ਹੋਵੇਗਾ ਜੇ ਅਸੀਂ ਟੇਬਲ 'ਤੇ ਆ ਕੇ ਗੱਲਬਾਤ ਕਰਾਂਗੇ ਤੇ ਇਕ ਦੂਜੇ ਨੂੰ ਸੁਣਾਂਗੇ।

ਸਿੱਖ ਸੇਵਕ ਸੁਸਾਇਟੀ ਇੰਟਰਨੈਸ਼ਨਲ ਦੇ ਪ੍ਰਧਾਨ ਪਰਮਿੰਦਰਪਾਲ ਸਿੰਘ ਖਾਲਸਾ ਨੇ ਕਿਹਾ ਕਿ "ਦੋਵੇਂ ਦੇਸ ਦੇ ਨੇਤਾ ਮਹਿਜ਼ ਰਾਜਨੀਤੀ ਕਰਨ ਤੋਂ ਇਲਾਵਾ ਕੁਝ ਨਹੀਂ ਕਰ ਰਹੇ ਤੇ ਅਵਾਮ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਿੱਖੀ ਦਾ ਮਹੱਲ ਹੈ, ਜਿਥੋਂ ਕਿਰਤ ਕਰੋ, ਨਾਮ ਜਪੋ, ਵੰਡ ਛਕਣ ਦਾ ਸੁਨੇਹਾ ਮਿਲਿਆ, ਕਿਉਂਕਿ ਗੁਰੂ ਨਾਨਕ ਸਾਹਿਬ ਨੇ ਖੇਤੀਬਾੜੀ ਕਰਤਾਰਪੁਰ ਸਾਹਿਬ ਤੋਂ ਸ਼ੁਰੂ ਕੀਤੀ ਸੀ। ਇਤਿਹਾਸ ਵਲ ਝਾਤ ਮਾਰੀਏ ਤਾਂ 22 ਸਤੰਬਰ 1539 ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾਏ ਸਨ ਪਰ ਨਾਨਕਸ਼ਾਹੀ ਕੈਲੰਡਰ ਮੁਤਾਬਕ ਇਸ ਵਾਰ 4 ਅਕਤੂਬਰ ਨੂੰ ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤਿ ਦਿਵਸ ਦੱਸਿਆ ਜਾ ਰਿਹਾ ਹੈ।

ਪਾਕਿਸਤਾਨ ਸਿੱਖ ਕੌਂਸਲ ਦੇ ਆਗੂ ਸਰਦਾਰ ਰਮੇਸ਼ ਸਿੰਘ ਖਾਲਸਾ ਨੇ ਕਿਹਾ ਕਿ ਪਾਕਿਸਤਾਨ ਵਿੱਚ ਵਸਦੇ ਸਿੱਖਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਕਰਤਾਰਪੁਰ ਸਰਹੱਦ ਨੂੰ ਖੋਲ੍ਹਿਆ ਜਾਵੇ ਤਾਂ ਜੋ ਭਾਰਤ ਵਿਚਲੇ ਸਿੱਖ ਸ਼ਰਧਾਲੂ ਪਾਕਿ ਵਿੱਚ ਸਥਿਤ ਗੁਰਦੁਆਰਾ ਸਾਹਿਬ ਦੇ ਸੌਖ ਨਾਲ ਦਰਸ਼ਨ ਕਰ ਸਕਣ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਨੇ ਕਿਹਾ ਕਿ ਕਰਤਾਰਪੁਰ ਦਾ ਖੁੱਲ੍ਹਾ ਲਾਂਘਾ ਦੋਹਾਂ ਦੇਸਾਂ ਦੀ ਨਫ਼ਰਤ ਦਾ ਨਿਸ਼ਾਨਾ ਨਹੀਂ ਬਣਨਾ ਚਾਹੀਦਾ। ਇਹ ਲਾਂਘਾ ਸਰਬੱਤ ਦੇ ਭਲੇ ਦਾ ਪ੍ਰਤੀਕ ਹੈ। ਦੋਵੇਂ ਦੇਸ਼ ਇਕ ਦੂਸਰੇ ਦੇ ਨੇੜੇ ਆਉਣ, ਸੱਭਿਆਚਾਰਕ ਸਾਂਝਾ ਪਾਉਣ, ਕਿਉਂਕਿ ਦੋਵੇਂ ਦੇਸ਼ਾਂ ਦੇ ਲੋਕ ਇਕ ਮਿੱਟੀ ਦੇ ਹਨ ਤੇ ਸਭ ਨੂੰ ਮਨੁੱਖ ਹੋ ਕੇ ਸੋਚਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਨੂੰ ਗੁਰੂ ਨਾਨਕ ਦੇ ਮਾਰਗ ਉਤੇ ਚਲਦਿਆਂ ਆਪਸੀ ਵਪਾਰ ਵਧਾ ਕੇ ਗਰੀਬੀ ਦੂਰ ਕਰਨੀ ਚਾਹੀਦੀ ਹੈ।

## ਮਾਮਲਾ ਕਰਤਾਰਪੁਰ ਲਾਂਘੇ ਦਾ ਹੈ ਜਾਂ ਸਿੱਧੂ ਦਾ ?

ਕੀ ਮਾਮਲਾ ਕਰਤਾਰਪੁਰ ਲਾਂਘੇ ਦਾ ਹੈ ਜਾਂ ਮਾਮਲਾ ਨਵਜੋਤ ਸਿੰਘ ਸਿੱਧੂ ਦੇ ਕਰਤਾਰਪੁਰ ਲਾਂਘੇ ਦਾ ਸੁਨੇਹਾ ਲਿਆਉਣ ਦਾ ਹੈ। ਬੁਨਿਆਦੀ ਸਵਾਲ ਇਹ ਹੋਣਾ ਚਾਹੀਦਾ ਹੈ ਕਿ ਸਾਨੂੰ ਕਰਤਾਰਪੁਰ ਸਾਹਿਬ ਦਾ ਲਾਂਘਾ ਮਿਲੇ, ਪਰ ਜਿਵੇਂ ਕਿਸੇ ਭੁੱਖੇ ਨੂੰ ਪੁੱਛੋ ਦੋ ਤੇ ਦੋ ਕਿੰਨੇ ਹਨ, ਉਹ ਕਹੇਗਾ ਚਾਰ ਰੋਟੀਆਂ, ਕਿਉਂਕਿ ਉਹ ਭੁੱਖਾ ਹੈ। ਇਹੀ ਹਾਲ ਸਾਡੇ ਰਾਜਨੀਤਕ ਲੀਡਰਾਂ ਦਾ ਹੋ ਗਿਆ ਹੈ। ਮਾਮਲਾ ਤਾਂ ਇਹ ਸੀ ਕਿ ਕਰਤਾਪੁਰ ਦਾ ਲਾਂਘਾ ਸਿੱਖਾਂ ਦੀ ਭਾਵਨਾ ਨਾਲ ਜੁੜਿਆ ਹੋਇਆ ਹੈ। ਸੰਨ 1947 ਤੋਂ ਬਾਅਦ ਹਰ ਸਿੱਖ ਜਦੋਂ ਅਰਦਾਸ ਕਰਦਾ ਹੈ, ਉਹ ਆਪਣੇ ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਦੀ ਗੱਲ ਕਰਦਾ ਹੈ, ਹਾਲਾਂਕਿ ਪਾਕਿਸਤਾਨ ਵਿੱਚ ਰਹਿ ਗਏ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਕਾਨੂੰਨ ਮੁਤਾਬਿਕ ਸਾਡੇ ਸਿੱਖ ਭਰਾ ਹੀ ਕਰ ਰਹੇ ਹਨ। ਇਸ ਸਾਰੇ ਕਾਸੇ ਨੂੰ ਸਿਆਸੀ ਰੰਗਤ ਦੇਣ ਦੀ ਬਜਾਏ ਸਿੱਖਾਂ ਦੀ ਭਾਵਨਾਤਮਿਕ ਅਹਿਮ ਮੁੱਦੇ ਤੋਂ ਧਿਆਨ ਹਟਾ ਕੇ ਸਿੱਧੂ ਦੀ ਬਾਜਵੇ ਨਾਲ ਜੱਫੀ ਤੇ ਕੇਂਦਰਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੈਸੇ ਤਾਂ ਪੰਜਾਬੀ ਭਾਵੇਂ ਚੜ੍ਹਦੇ ਪੰਜਾਬ ਦਾ ਹੋਵੇ ਤੇ ਚਾਹੇ ਲਹਿੰਦੇ ਪੰਜਾਬ ਦਾ ਜੱਫੀ ਪਾ ਕੇ ਮਿਲਣਾ ਸਾਡੇ ਪਿਆਰ ਦਾ ਹਿੱਸਾ ਹੈ, ਜਿਹੜਾ ਕਿ ਹੱਥ ਮਿਲਾ ਕੇ ਮਿਲਣ ਤੋਂ ਕਿਤੇ ਵੀ ਵੱਖਰਾ ਨਹੀਂ ਹੈ। ਸਿੱਖ ਆਪਣੇ ਗੁਰੂ ਦੇ ਨਾਮ 'ਤੇ ਇਹਨਾਂ ਭਾਵੁਕ ਹੁੰਦਾ ਹੈ ਉਹ ਆਪਣਾ ਬੰਦ-ਬੰਦ ਕਟਾਉਣਾ, ਖੋਪਰ ਲੁਹਾਉਣ, ਚਰਖੜੀਆਂ ਤੇ ਚੜ੍ਹਣਾ ਸਹਿਜ ਨਾਲ ਹੀ ਕਰ ਵਿਚਰਦਾ ਹੈ। ਸੁਨੇਹਾ ਪੱਗ ਵਾਲਾ ਨਵਜੋਤ ਸਿੰਘ ਸਿੱਧੂ ਲੈ ਕੇ ਆਇਆ ਜਾਂ ਜਿਨ੍ਹਾਂ ਨੇ ਆਪਣੇ ਆਪ ਨੂੰ ਪੰਥ ਦਾ ਠੇਕੇਦਾਰ ਥਾਪ ਰੱਖਿਆ ਉਹਨਾਂ ਦੀ ਪਾਰਟੀ ਅਤੇ ਉਹਨਾਂ ਦੀ ਭਾਈਵਾਲ ਰਾਜਸੀ ਪਾਰਟੀ ਦੇ ਉਲਟ ਪਾਰਟੀ ਦਾ ਬੰਦਾ ਸੁਨੇਹਾ ਲੈ ਕਿ ਆਇਆ ਤਕਲੀਫ ਤਾਂ ਹੈ। ਅਸੀਂ ਸੁਨੇਹੇ ਤੇ ਗੌਰ ਕਰੀਏ ਕੌਣ ਲਿਆ ਕਿੱਦਾ ਲਿਆ, ਕਿਸ ਦੇ ਕਹਿਣ ਤੇ ਲਿਆਇਆ, ਆਪਣੇ ਅਖਤਿਆਰ ਲਿਆ ਜਾਂ ਆਪਣੇ ਅਖਤਿਆਰ ਤੋਂ ਬਾਹਰ ਲਿਆਇਆ ਹੈ। ਇਹ ਸਭ ਕੁਝ ਛੱਡ ਦੇਈਏ।

ਇਥੇ ਜ਼ਿਕਰਯੋਗ ਹੈ ਕਿ ਕਰਤਾਰਪੁਰ ਸਾਹਿਬ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਸੰਸਾਰ ਕਰਤੇ ਦੇ ਨਾਮ ਉਪਰ ਆਪ ਵਸਾਇਆ ਹੈ। ਸਿੱਖ ਲਈ ਕਰਤਾਰਪੁਰ ਸਾਹਿਬ (ਪਾਕਿਸਤਾਨ) ਦਾ ਗੁਰਦੁਆਰਾ ਸਾਹਿਬ ਬਹੁਤ ਮਹੱਤਾ ਰੱਖਦਾ ਹੈ। ਗੁਰੂ ਸਾਹਿਬ ਆਪਣੀ ਹਰ ਪ੍ਰਚਾਰ ਫੇਰੀ ਤੋਂ ਬਾਅਦ ਕਰਤਾਰਪੁਰ ਸਾਹਿਬ ਆ ਕੇ ਰਹਿੰਦੇ ਸਨ। ਕਰਤਾਰਪੁਰ ਸਾਹਿਬ ਸਿੱਖੀ ਪ੍ਰਚਾਰ ਦਾ ਮੁੱਖ ਕੇਂਦਰ ਵੀ ਸੀ। ਗੁਰੂ ਸਾਹਿਬ ਜੀ ਨੇ ਹੱਥੀਂ ਕਿਰਤ ਸ਼ੁਰੂ ਤੋਂ ਹੀ ਕੀਤੀ ਪਰ ਆਪਣੇ ਜਿੰਦਗੀ ਦੇ ਬਹੁਤ ਸਾਲ ਇਸ

ਬਾਕੀ ਸਫ਼ਾ 28 'ਤੇ

ਅੰਮ੍ਰਿਤਸਰ ਟਾਈਮਜ਼ AMRITSAR TIMES
26 ਸਤੰਬਰ 2018 ਤੋਂ 02 ਅਕਤੂਬਰ 2018

### ਕਰਤਾਰਪੁਰ ਸਾਹਿਬ ਦਾ ਲਾਂਘਾ

# ਫਿਲਹਾਲ ਉਮੀਦਾਂ ’ਤੇ ਫਿਰਿਆ ਪਾਣੀ

**-ਮਨਜੀਤ ਸਿੰਘ ਟਿਵਾਣਾ**

ਭਾਰਤ ਵੱਲੋਂ ਪਾਕਿਸਤਾਨ ਨਾਲ ਅਮਰੀਕਾ ਵਿਚ ਹੋਣ ਵਾਲੀ ਵਿਦੇਸ਼ ਮੰਤਰੀ ਪੱਧਰ ਦੀ ਮੁਲਾਕਾਤ ਨੂੰ ਰੱਦ ਕਰ ਦੇਣ ਤੋਂ ਬਾਅਦ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਹੋਣ ਵਾਲੀ ਚਾਰਾਜੋਈ ਨੂੰ ਵੀ ਬਰੇਕਾਂ ਲੱਗ ਗਈਆਂ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਵੀਸ਼ ਕੁਮਾਰ ਨੇ ਕਿਹਾ ਹੈ ਕਿ ਜੰਮੂ-ਕਸ਼ਮੀਰ ਦੇ ਮੌਜੂਦਾ ਹਾਲਾਤ ਵਿਚ ਪਾਕਿਸਤਾਨ ਦੀ ਭੂਮਿਕਾ ਨੂੰ ਦੇਖਦਿਆਂ ਅਮਰੀਕਾ ਵਿਚ ਇਸ ਮਹੀਨੇ ਦੇ ਅੰਤ ਵਿਚ ਹੋਣ ਵਾਲੀ ਵਿਦੇਸ਼ ਮੰਤਰੀਆਂ ਦੀ ਬੈਠਕ ਨੂੰ ਰੱਦ ਕੀਤਾ ਜਾਂਦਾ ਹੈ। ਭਾਵੇਂ ਪਾਕਿਸਤਾਨ ਅਜੇ ਵੀ ਸ੍ਰੀ ਕਰਤਾਰਪੁਰ ਸਾਹਿਬ ਵਾਸਤੇ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਪੰਜਾਹਵੇਂ ਗੁਰਪੁਰਬ ਸਮਾਗਮਾਂ ਸਮੇਂ ਆਰਜ਼ੀ ਲਾਂਘਾ ਦੇਣ ਲਈ ਰਾਜ਼ੀ ਹੈ ਪਰ ਗੱਲ ਭਾਰਤ ਦੀ ਕੇਂਦਰੀ ਸਰਕਾਰ ਦੀ ਸ਼ਮੂਲੀਅਤ ਤੋਂ ਬਿਨਾ ਕਿਸੇ ਤਣ ਪੱਤਣ ਨਹੀਂ ਲੱਗ ਸਕਦੀ। ਇਸ ਕਰਕੇ ਹਾਲ ਦੀ ਘੜੀ ਦੋਵਾਂ ਦੇਸ਼ਾਂ ਦਰਮਿਆਨ ਹੋਣ ਵਾਲੀ ਗੱਲਬਾਤ ‘ਤੇ ਰੋਕ ਲੱਗ ਜਾਣ ਕਰਕੇ ਕਰਤਾਰਪੁਰ ਸਾਹਿਬ ਦੇ ਲਾਂਘੇ ਲਈ ਲਗਾਈ ਗਈ ਆਸ ਪੂਰੀ ਹੋਣ ਦੀ ਉਮੀਦ ਧੁੰਦਲੀ ਪੈ ਗਈ ਜਾਪਦੀ ਹੈ।

ਹੁਣ ਜਦੋਂ ਕਰਤਾਪੁਰ ਸਾਹਿਬ ਦੇ ਲਾਂਘੇ ਦੇ ਖੁੱਲ੍ਹਣ ਦੀਆਂ ਇਨ੍ਹਾਂ ਸਾਰੀਆਂ ਸੰਭਾਵਨਾਵਾਂ ਉੱਪਰ ਫਿਰ ਤੋਂ ਰੋਕ ਲੱਗ ਗਈ ਹੈ, ਤਾਂ ਸਿੱਖਾਂ ਦੇ ਉਹ ਜ਼ਖਮ ਮੁੜ ਹਰੇ ਹੋਣਗੇ, ਜੋ ਉਨ੍ਹਾਂ ਦੀ ਨਾ-ਸਮਝ ਲੀਡਰਸ਼ਿਪ ਕਰਕੇ ਸੰਨ ੧੯੪੭ ਦੀ ਵੰਡ ਦੇ ਰੂਪ ਵਿਚ ਅਤੇ ਬਾਅਦ ਵਿਚ ਹਿੰਦੂਸਤਾਨੀ ਆਗੂਆਂ ਦੇ ਧੋਖੇ ਦੇ ਰੂਪ ਵਿਚ ਮਿਲੇ ਹੋਏ ਹਨ। ਭਾਰਤ ਤੇ ਪਾਕਿਸਤਾਨ ਦੇ ਵਿਦੇਸ਼ ਮੰਤਰੀਆਂ ਦੀ ਰੱਦ ਹੋਈ ਮੁਲਕਾਤ ਨੂੰ ਕਈ ਹੋਰ ਸੰਦਰਭਾਂ ਤੋਂ ਵੀ ਦੇਖਣ ਤੇ ਪਰਖਣ ਦੀ ਜ਼ਰੂਰਤ ਹੈ। ਦਰਅਸਲ ਜਦੋਂ ਤੋਂ ਮੋਦੀ ਸਰਕਾਰ ਨੇ ਕੇਂਦਰ ਵਿਚ ਸੱਤਾ ਸੰਭਾਲੀ ਹੈ, ਉਦੋਂ ਤੋਂ ਹੀ ਸਾਫ ਜ਼ਾਹਰ ਹੋ ਰਿਹਾ ਹੈ ਕਿ ਇਹ ਸਰਕਾਰ ਦਿਲੋਂ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀ ਹੀ ਚਾਹਵਾਨ ਨਹੀਂ ਜਾਪਦੀ। ਹੁਣ ਵੀ ਭਾਰਤੀ ਵਿਦੇਸ਼ ਮੰਤਰਾਲੇ ਦੇ ਬਿਆਨ ਨੂੰ ਦੇਖੋ, ਬੁਲਾਰੇ ਨੇ ਕਿਹਾ ਕਿ ਜੰਮੂ-ਕਸ਼ਮੀਰ ਵਿਚ ਵਾਪਰੀਆਂ ਘਟਨਾਵਾਂ ਕਾਰਨ ਪਾਕਿਸਤਾਨ ਦੇ ਦੋਹਰੇ ਮਾਪਦੰਡ ਉਜਾਗਰ ਹੋ ਗਏ ਹਨ। ਇਨ੍ਹਾਂ ਹਿੰਸਕ ਵਾਰਦਾਤਾਂ ਕਰਕੇ ਹੀ ਭਾਰਤ ਹੁਣ ਪਾਕਿਸਤਾਨ ਨਾਲ ਕਿਸੇ ਵੀ ਕਿਸਮ ਦੀ ਗੱਲ ਨਹੀਂ ਕਰੇਗਾ। ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਇਹ ਗੱਲਬਾਤ ਦਾ ਸੱਦਾ ਪਰਵਾਨ ਕੀਤਾ ਗਿਆ ਸੀ, ਉਦੋਂ ਕਸ਼ਮੀਰ ਵਾਦੀ ਵਿਚ ਸ਼ਾਂਤੀ ਹੋ ਗਈ ਸੀ, ਜੋ ਹੁਣ ਅਚਾਨਕ ਹੀ ਵਿਗੜ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੀ ਕਥਨੀ ਤੇ ਕਰਨੀ ਵਿਚ ਬਹੁਤ ਫਰਕ ਹੈ। ਸ਼ਾਇਦ ਇਸ ਦਾ ਪਤਾ ਵੀ ਮੋਦੀ ਸਰਕਾਰ ਨੂੰ ਅਚਾਨਕ ਕਿਸੇ ਇਲਹਾਮ ਹੋਣ ਵਾਂਗ ਹੀ ਹੋਇਆ ਹੈ। ਬੁਲਾਰੇ ਨੇ ਪਾਕਿਸਤਾਨ ਵੱਲੋਂ ਅੱਤਵਾਦੀ ਬੁਰਹਾਨ ਵਾਨੀ ਦੇ ਨਾਂਅ ‘ਤੇ ਡਾਕ ਟਿਕਟ ਜਾਰੀ ਕਰਨ ਵਰਗੇ ਫਜ਼ੂਲ ਜਿਹੇ ਇਤਰਾਜ਼ ਵੀ ਜਤਾਏ ਹਨ। ਜਿਥੋਂ ਤਕ ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਸਵਾਲ ਹੈ, ਜਦੋਂ ਖੁਦ ਪਾਕਿਸਤਾਨ ਬਿਨਾ ਕਿਸੇ ਅਗਾਊਂ ਸ਼ਰਤ ਦੇ ਦੇਣ ਲਈ ਤਿਆਰ ਹੋ ਰਿਹਾ ਹੈ, ਤਾਂ ਭਾਰਤੀ ਨਾਂਹ-ਨੁੱਕਰ ਨੂੰ ਠੇਠ ਪੰਜਾਬੀ ਵਿਚ ਇਹੋ ਕਿਹਾ ਜਾ ਸਕਦਾ ਹੈ ਕਿ “ਗੱਡੇ ਨਾਲ ਕੱਟਾ” ਹੀ ਬੰਨ੍ਹਿਆ ਜਾ ਰਿਹਾ ਹੈ।

ਸਿੱਖ ਫਲਸਫੇ ਦੇ ਰੂਹਾਨੀ ਰੰਗਾਂ ਨੂੰ ਮਾਨਣ ਵਾਲੇ ਅਤੇ ਸਿੱਖ ਇਤਿਹਾਸ ਦੇ ਅੰਦਰੂਨੀ ਭੇਦਾਂ ਨੂੰ ਜਾਨਣ ਵਾਲੇ ਮਹਾਨ ਸ਼ਾਇਰ ਸ. ਹਰਿੰਦਰ ਸਿੰਘ ਮਹਿਬੂਬ ਦੀ ਇਤਿਹਾਸ ਬਾਰੇ ਇਕ ਬਹੁਤ ਹੀ ਭਾਵਪੂਰਨ ਟਿੱਪਣੀ ਹੁੰਦੀ ਸੀ। ਉਹ ਕਹਿੰਦੇ ਹੁੰਦੇ ਸਨ ਕਿ ਇੱਕ ਇਤਿਹਾਸ ਅਣਲਿਖਿਆ ਵੀ ਹੁੰਦਾ ਹੈ, ਜੋ ਲੋਕਾਂ ਦੇ ਦਿਲਾਂ ਵਿਚ ਪੀੜ੍ਹੀ ਦਰ ਪੀੜ੍ਹੀ ਸਫਰ ਕਰਦਾ ਹੈ। ਮਹਿਬੂਬ ਜੀ ਦੀ ਇਤਿਹਾਸ ਬਾਰੇ ਇਸ ਟਿੱਪਣੀ ਦੀ ਰੌਸ਼ਨੀ ਵਿਚ ਬਾਬਾ ਗੁਰੂ ਨਾਨਕ ਸਾਹਿਬ ਜੀ ਦੇ ਕਰਤਾਰਪੁਰ ਸਾਹਿਬ ਵਿਚ ਜੋਤੀ ਜੋਤ ਸਮਾਉਣ ਸਮੇਂ ਦੀ ਇਕ ਕਥਾ-ਕਹਾਣੀ, ਜੋ ਪੀੜ੍ਹੀ ਦਰ ਪੀੜ੍ਹੀ ਸਾਡੇ ਚੇਤਿਆਂ ਵਿਚ ਸਫਰ ਕਰਦੀ ਆ ਰਹੀ ਹੈ, ਯਾਦ ਆ ਰਹੀ ਹੈ। ਕਹਿੰਦੇ ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਸਰੀਰ ਤਿਆਗਿਆ ਤਾਂ ਉਸ ਵਕਤ ਮੌਜੂਦ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਗੁਰੂ ਸਾਹਿਬ ਦੇ ਅੰਤਮ ਸੰਸਕਾਰ ਦੇ ਵਿਧੀ ਵਿਧਾਨ ਨੂੰ ਲੈ ਕੇ ਵਿਵਾਦ ਹੋ ਗਿਆ। ਹਿੰਦੂ ਕਹਿਣ ਕਿ ਇਹ ਸਾਡੇ ਗੁਰੂ ਹਨ, ਇਸ ਕਰਕੇ ਗੁਰੂ ਜੀ ਦੇ ਸਰੀਰ ਦਾ ਦਾਹ ਸੰਸਕਾਰ ਹੋਵੇਗਾ। ਮੁਸਲਮਾਨ ਕਹਿਣ ਕਿ ਨਾਨਕ ਸਾਹਿਬ ਸਾਡੇ ਪੀਰ ਹਨ, ਇਸ ਕਰਕੇ ਉਨ੍ਹਾਂ ਨੂੰ ਕਬਰ ਵਿਚ ਦਫਨਾਇਆ ਜਾਵੇਗਾ। ਆਖਰ ਵਿਚ ਫੈਸਲਾ ਹੋਇਆ ਕਿ ਗੁਰੂ ਨਾਨਕ ਸਾਹਿਬ ਦੇ ਸਰੀਰ ਉੱਤੇ ਪਈ ਚਾਦਰ ਉਤਾਰ ਕੇ ਅੱਧੀ-ਅੱਧੀ ਵੰਡ ਲਈ ਜਾਵੇ। ਹਿੰਦੂ ਤੇ ਮੁਸਲਮਾਨ ਆਪੋ-ਆਪਣੇ ਅਕੀਦੇ ਮੁਤਾਬਕ ਉਸ ਚਾਦਰ ਦਾ ਅੰਤਮ ਸੰਸਕਾਰ ਕਰ ਲੈਣ। ਇਸ ਕਥਾ ਦਾ ਸਾਰ ਗੁਰੂ ਬਾਬੇ ਦੇ ਆਮ ਲੋਕਾਈ ਵਿਚ ਸਰਬ ਪਰਵਾਨਤ ਹੋਣ ਦੇ ਨਾਲ-ਨਾਲ ਇਕ ਹੋਰ ਗੁੱਝੇ ਭੇਦ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਜਨਮ ਸਾਖੀਆਂ ਮੁਤਾਬਕ ਜਿਸ ਗੁਰੂ ਨਾਨਕ ਸਾਹਿਬ ਨੇ ਖੁਦ ਹੀ ਹੋਕਾ ਦੇ ਕੇ ਆਖਿਆ ਸੀ ਕਿ “ਨਾ ਹਮ ਹਿੰਦੂ ਨ ਮੁਸਲਮਾਨੋਈ”, ਉਸ ਗੁਰੂ ਦੇ ਮਿਰਤਕ ਸਰੀਰ ਉਤੇ ਵੀ ਹਿੰਦੂ-ਗੁਰੂ ਜਾਂ ਮੁਸਲਮਾਨ-ਪੀਰ ਹੋਣ ਦਾ ਠੱਪਾ ਲਾਉਣ ਦੀ ਕੋਸ਼ਿਸ਼ ਕੀਤੀ ਗਈ। ਗੁਰਬਾਣੀ ਵਿਚ ਵੀ ਕਿਸੇ ਹੋਰ ਸੰਦਰਭ ਵਿਚ ਦਰਜ ਹੈ ਕਿ ॥ ਨਾ ਹਮ ਹਿੰਦੂ ਨ ਮੁਸਲਮਾਨ ॥ (ਭੈਰਉ ਮਹਲਾ 5)। ਗਹਿਰਾਈ ਨਾਲ ਵਿਚਾਰ ਕਰਨ ਉੱਤੇ ਪਤਾ ਲਗਦਾ ਹੈ ਕਿ ਇਸ ਕਥਾ ਵਿਚ ਇਕ ਛੁਪੀ ਹੋਈ ਤੀਜੀ ਧਿਰ ਵੀ ਸੀ ਜੋ ਗੁਰੂ ਦੇ ਸਿੱਖਾਂ ਦੀ ਸੀ। ਇਸ ਮੌਕੇ ਗੁਰਸਿੱਖਾਂ ਦੇ ਹਿੱਸੇ ਕੀ ਆਇਆ, ਇਹੋ ਇਸ ਕਥਾ ਦਾ ਰਹੱਸ ਹੈ।ਜੇ ਹਿੰਦੂਆਂ ਤੇ ਮੁਸਲਮਾਨਾਂ ਨੇ ਆਪੋ-ਆਪਣੇ ਹਿੱਸੇ ਦੀ ਅੱਧੀ-ਅੱਧੀ ਚਾਦਰ ਵੰਡ ਲਈ ਸੀ ਤਾਂ ਗੁਰਸਿੱਖਾਂ ਦੇ ਹਿੱਸੇ ਵਿਚ ਤਾਂ “ਪੂਰਾ ਗੁਰੂ ਨਾਨਕ” ਆਇਆ ਸੀ। ਪਰ ਅਫਸੋਸ ਕਿ ਸਾਡੇ ਹਿੱਸੇ ਅੱਜ ਆਪਣੇ ਗੁਰੂ ਦੀ ਜੰਮਣ ਭੋਇੰ ਸ੍ਰੀ ਨਨਕਾਣਾ ਸਾਹਿਬ ਹੀ ਹੈ ਤੇ ਨਾ ਹੀ ਗੁਰੂ ਦੇ ਆਖਰੀ ਸਮੇਂ ਦੀ ਚਰਨ ਛੋਹ ਪ੍ਰਾਪਤ ਧਰਤੀ ਸ੍ਰੀ ਕਰਤਾਰਪੁਰ ਸਾਹਿਬ ਹੀ ਹੈ। ਭਾਰਤ ਤੇ ਪਾਕਿਸਤਾਨ ਦੀ ਵੰਡ ਹੋ ਗਈ। ਮੁਸਲਮਾਨਾਂ ਨੇ ਆਪਣਾ ਵੱਖਰਾ ਮੁਲਕ ਬਣਾ ਲਿਆ, ਹਿੰਦੂਆਂ ਦਾ ਦਾਅਵਾ ਹੈ ਕਿ ਹਿੰਦੂਸਤਾਨ ਉਨ੍ਹਾਂ ਦਾ ਹੈ। ਇਕ ਵਾਰ ਫਿਰ ਦੋਵਾਂ ਨੇ ਆਪੋ-ਆਪਣੇ ਹਿੱਸੇ ਦੀ ਚਾਦਰ ਵੰਡ ਲਈ। ਬਹੁਤ ਸਾਰੇ ਆਖਦੇ ਹਨ ਕਿ ਗੁਰੂ ਬਾਬਾ ਨਾਨਕ ਤਾਂ ਸਰਬ ਸਾਂਝਾ ਹੈ, ਮੰਨ ਲੈਂਦੇ ਹਾਂ ਪਰ ਫਿਰ ਕੀ ਨਨਕਾਣਾ ਸਾਹਿਬ ਨੂੰ “ਵੈਟੀਕਨ ਸਿਟੀ“ ਦਾ ਰੁਤਬਾ ਦੇ ਸਕੋਗੇ ਜਾਂ ਕੀ ਭਾਰਤ ਸਰਕਾਰ ਕਦੇ ਅਜਿਹੀ ਮੰਗ ਵੀ ਕਰੇਗੀ ? ਜਵਾਬ ਸ਼ਾਇਦ ਨਾਂਹ ਵਿਚ ਹੈ।

ਸੰਨ ੧੯੬੦ ਵਿਚ ਭਾਰਤ-ਪਾਕਿ ਸਰਹੱਦ ਉਤੇ ਹੁਸੈਨੀਵਾਲਾ ਬਾਰਡਰ ਉਤੇ ਰਾਵੀ ਕੰਢੇ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਅੰਤਿਮ ਸੰਸਕਾਰ ਵਾਲੀ ਥਾਂ ਲੈਣ ਲਈ ਭਾਰਤ ਸਰਕਾਰ ਨੇ ਬਿਨਾ ਕਿਸੇ ਹੀਲ-ਹੁੱਜਤ ਦੇ ਕੁਝ ਭਾਰਤੀ ਪਿੰਡ ਪਾਕਿਸਤਾਨ ਦੇ ਹਵਾਲੇ ਕਰ ਦਿੱਤੇ ਸਨ ਪਰ ਉਦੋਂ ਵੀ ਤੇ ਹੁਣ ਵੀ “ਸਰਬ ਸਾਂਝੇ” ਜਗਤ ਗੁਰੂ ਨਾਨਕ ਸਾਹਿਬ ਦੀ ਆਖਰੀ ਨਿਸ਼ਾਨੀ ਭਾਰਤ ਸਰਕਾਰ ਦੇ ਚੇਤਿਆਂ ਵਿਚ ਨਹੀਂ ਆਈ। ਸ੍ਰੀ ਕਰਤਾਰਪੁਰ ਸਾਹਿਬ ਦਾ ਅਸਥਾਨ ਵੀ ਸਰਹੱਦ ਦੇ ਬਿਲਕੁਲ ਨੇੜੇ ਲਗਭਗ ਚਾਰ ਕਿਲੋਮੀਟਰ ਉਤੇ ਹੈ। ਭਾਰਤ-ਪਾਕਿ ਵੰਡ ਵੇਲੇ ਵੀ ਇਹ ਯਾਦ ਨਾ ਆਇਆ ਕਿ ਚਲੋ ਜੇ “ਸਰਬ ਸਾਂਝੇ” ਗੁਰੂ ਨਾਨਕ ਸਾਹਿਬ ਜੀ ਦਾ ਜਨਮ ਅਸਥਾਨ ਸਰਹੱਦ ਦੇ ਪਾਰਲੇ ਬੰਨ੍ਹੇ ਰਹਿ ਗਿਆ ਤਾਂ ਅੰਤਿਮ ਪਲਾਂ ਵਾਲੀ ਯਾਦਗਾਰ ਤਾਂ ਸਾਡੇ ਵਿਹੜੇ ਵਿਚ ਆਵੇ। ਦਰਅਸਲ ਇਹ ਦਾਅਵੇ ਕਰਦਾ ਕੌਣ ? ਗੁਰੂ ਨਾਨਕ ਸਾਹਿਬ ਦੇ ਅਸਲ ਵਾਰਿਸ ਤਾਂ ਆਪਣਾ ਸਭ ਕੁਝ ਲੁਟਾ ਕੇ ਗੈਰਾਂ ਦੀ ਝੋਲੀ ਪਾ ਆਏ ਸਨ ਤੇ ਗੈਰਾਂ ਨੇ ਬਾਬੇ ਨੂੰ ਕਦੇ ਆਪਣਾ ਗੁਰੂ ਮੰਨਿਆ ਹੀ ਨਹੀਂ, ਉਪਰੋਂ-ਉਪਰੋਂ ਭਾਵੇਂ ਉਹ ਜੋ ਮਰਜ਼ੀ ਸਫਾਈਆਂ ਦਿੰਦੇ ਰਹਿਣ। ਹੁਣ ਤਾਂ ਦਿੱਲੀ ਵਿਚ ਸਰਕਾਰ ਹੀ ਉਨ੍ਹਾਂ ਬਿਪਰਵਾਦੀਆਂ ਦੀ ਹੈ, ਜਿਨ੍ਹਾਂ ਦੇ ਝੂਠ ਦੀ ਹੱਟੀ ਹੀ ਗੁਰੂ ਨਾਨਕ ਸਾਹਿਬ ਜੀ ਬੰਦ ਕਰਵਾ ਗਏ ਸਨ। ਸੋ ਇਤਿਹਾਸ ਦੀ ਰੌਸ਼ਨੀ ਵਿਚ ਹੀ ਇਸ ਆਡੰਬਰ ਦੀ ਸ਼ਨਾਖਤ ਹੋ ਸਕਦੀ ਹੈ।

# ਵੱਡਾ ਫ਼ਰਕ ਹੈ ਸੰਘ ਦੀ ਕਹਿਣੀ ਤੇ ਕਰਨੀ ਵਿਚ

**ਸੰਘ ਜਾਣਦਾ ਹੈ ਕਿ 15-16 ਕਰੋੜ ਮੁਸਲਮਾਨਾਂ ਨੂੰ ਇਸ ਦੇਸ਼ ਤੋਂ ਬਾਹਰ ਨਹੀਂ ਕੱਢਿਆ ਸਕਦਾ। ਨਾ ਹੀ ਸੰਵਿਧਾਨ ਦੇ ਤਹਿਤ ਉਨ੍ਹਾਂ ਨੂੰ ਦੋਇਮ ਦਰਜੇ ਦਾ ਨਾਗਰਿਕ ਐਲਾਨਿਆ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਅਣਐਲਾਨੇ ਤੌਰ ‘ਤੇ ਇਕ ਅਜਿਹੀ ਸਥਿਤੀ ਵਿਚ ਪਹੁੰਚਾਇਆ ਜ਼ਰੂਰ ਜਾ ਸਕਦਾ ਹੈ, ਜਿਸ ਵਿਚ ਉਨ੍ਹਾਂ ਦੀਆਂ ਰਾਜਨੀਤਕ ਅਤੇ ਸੱਭਿਆਚਾਰਕ ਦਾਅਵੇਦਾਰੀਆਂ ਪੂਰੀ ਤਰ੍ਹਾਂ ਖ਼ਤਮ ਹੋ ਜਾਣ। ਅਜਿਹਾ ਹੋਣ ‘ਤੇ ਕੋਈ ਵੀ ਭਾਈਚਾਰਾ ਤਕਨੀਕੀ ਤੌਰ ‘ਤੇ ਨਾਗਰਿਕ ਹੁੰਦੇ ਹੋਏ ਵੀ ਨਾਗਰਿਕਤਾ ਤੋਂ ਮਿਲਣ ਵਾਲੀਆਂ ਸ਼ਕਤੀਆਂ ਤੋਂ ਵਾਂਝਾ ਹੋ ਜਾਂਦਾ ਹੈ। ਮੁਸਲਮਾਨਾਂ ਨਾਲ ਸੋਚੇ-ਸਮਝੇ ਤਰੀਕੇ ਤਹਿਤ ਪਿਛਲੇ ਸਾਢੇ ਚਾਰ ਸਾਲਾਂ ਤੋਂ ਅਜਿਹਾ ਹੀ ਕੀਤਾ ਜਾ ਰਿਹਾ ਹੈ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਮੁਸਲਮਾਨਾਂ ਦੇ ਵੋਟ ਦੀ ਤਾਕਤ ਨੂੰ ਜ਼ੀਰੋ ਕਰ ਦਿੱਤਾ ਜਾਵੇ। ਉੱਤਰ ਪ੍ਰਦੇਸ਼ ਦੀ ਮਿਸਾਲ ਦੱਸਦੀ ਹੈ ਕਿ 40-45 ਫ਼ੀਸਦੀ ਹਿੰਦੂ ਵੋਟਾਂ ਦਾ ਧਰੁਵੀਕਰਨ ਹੁੰਦੇ ਹੀ ਮੁਸਲਿਮ ਵੋਟ ਆਪਣੀ ਅਹਿਮੀਅਤ ਖੋਹ ਦਿੰਦੇ ਹਨ। ਅਜਿਹਾ ਹੁੰਦੇ ਹੀ ਸਾਰੀਆਂ ਪਾਰਟੀਆਂ ਹਿੰਦੂ ਵੋਟਾਂ ਦੀਆਂ ਸੌਦਾਗਰ ਬਣਨ ਦੀਆਂ ਕੋਸ਼ਿਸ਼ਾਂ ਕਰਨ ਲਗਦੀਆਂ ਹਨ।**



**ਪ੍ਰੋ. ਅਭੈ ਕੁਮਾਰ ਦੂਬੇ**



ਰਾਸ਼ਟਰੀ ਸੋਇਮ ਸੇਵਕ ਸੰਘ ਦੇ ਪ੍ਰਧਾਨ ਮੋਹਨ ਭਾਗਵਤ ਨੇ ਕਿਹਾ ਹੈ ਕਿ ਹਿੰਦੂਤਵ ਦੀ ਵਿਚਾਰਧਾਰਾ ਮੁਸਲਮਾਨਾਂ ਨੂੰ ਭਾਰਤ ਵਿਚੋਂ ਬਾਹਰ ਨਹੀਂ ਕੱਢਣਾ ਚਾਹੁੰਦੀ। ਜਦੋਂ ਕੋਈ ਰਾਜਨੀਤਕ, ਸਮਾਜਿਕ ਸ਼ਕਤੀ ਆਪਣਾ ਪ੍ਰਭਾਵ ਕਾਇਮ ਕਰ ਲੈਂਦੀ ਹੈ ਤਾਂ ਉਸ ਤੋਂ ਬਾਅਦ ਉਹ ਆਪਣੇ-ਆਪ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਸ਼ੁਰੂ ਕਰਦੀ ਹੈ। ਸੰਘ ਨੂੰ ਲੱਗ ਰਿਹਾ ਹੈ ਕਿ ਉਸ ਦੇ ਪਰਿਵਾਰ ਦੀ ਪ੍ਰਮੁੱਖ ਮੈਂਬਰ ਭਾਰਤੀ ਜਨਤਾ ਪਾਰਟੀ ਨਾ ਸਿਰਫ ਆਪਣੇ ਦਮ ‘ਤੇ ਕੇਂਦਰ ਅਤੇ ਸੂਬਿਆਂ ਵਿਚ ਸੱਤਾਧਾਰੀ ਹੈ, ਸਗੋਂ ਆਉਣ ਵਾਲੇ ਭਵਿੱਖ ਵਿਚ ਵੀ ਸੱਤਾ ਉਸ ਕੋਲ ਹੀ ਰਹਿਣ ਵਾਲੀ ਹੈ। ਜ਼ਾਹਰ ਹੈ ਕਿ ਭਾਜਪਾ ਕੋਲ ਸੱਤਾ ਉਦੋਂ ਹੀ ਰਹਿ ਸਕਦੀ ਹੈ, ਜਦੋਂ ਹਿੰਦੂ ਵੋਟ ਬੈਂਕ ਦੇ 40-45 ਫ਼ੀਸਦੀ ਮੈਂਬਰ ਉਸ ਨੂੰ ਵੋਟ ਦੇਣ ਲਈ ਤਿਆਰ ਹੋਣ।

ਇਸ ਤਰ੍ਹਾਂ ਦੇ ਧਰੁਵੀਕਰਨ ਦੇ ਪ੍ਰਯੋਗ ਪਹਿਲਾਂ ਗੁਜਰਾਤ ਅਤੇ ਫਿਰ ਉੱਤਰ ਪ੍ਰਦੇਸ਼ ਦੀਆਂ ਰਾਜਨੀਤਕ ਪ੍ਰਯੋਗਸ਼ਾਲਾਵਾਂ ਵਿਚ ਸਫਲਤਾਪੂਰਵਕ ਕੀਤੇ ਜਾ ਚੁੱਕੇ ਹਨ। ਹਿੰਦੂ ਰਾਜਨੀਤਕ ਏਕਤਾ ਦੇ ਖੇਤਰ ਵਿਚ ਇਹ ਉਪਲਬਧੀ ਹਾਸਲ ਕਰਨ ਤੋਂ ਬਾਅਦ ਸਪੱਸ਼ਟ ਤੌਰ ‘ਤੇ ਇਹ ਰਾਜਨੀਤਕ ਪ੍ਰਭਾਵ ਦੀ ਸਥਿਤੀ ਹੈ ਪਰ ਸਥਾਪਤੀ ਇਸ ਤੋਂ ਵੀ ਉੱਚੀ ਹੈਸੀਅਤ ਰੱਖਦੀ ਹੈ। ਇਕ ਵਾਰ ਜ਼ਮੀਨੀ ਪੱਧਰ ਤੱਕ ਸਥਾਪਤੀ ਕਾਇਮ ਹੋ ਜਾਵੇ ਤਾਂ ਫਿਰ ਸੱਤਾ ਰਹੇ ਜਾਂ ਨਾ ਰਹੇ, ਬੌਧਿਕ, ਸੱਭਿਆਚਾਰ ਅਤੇ ਸਮਾਜਿਕ ਖੇਤਰ ਵਿਚ ਬੋਲਬਾਲਾ ਤਾਂ ਰਹਿੰਦਾ ਹੀ ਹੈ। ਜਿਹੜੇ ਲੋਕ ਸਾਫ਼ ਤੌਰ ‘ਤੇ ਇਸ ਦੇ ਵਿਰੋਧੀ ਹੁੰਦੇ ਹਨ, ਉਹ ਵੀ ਸੱਤਾ ਹਾਸਲ ਕਰਨ ਲਈ ਉਸੇ ਏਜੰਡੇ ‘ਤੇ ਚਲਦੇ ਹਨ, ਜਿਹੜਾ ਪ੍ਰਭਾਵਸ਼ਾਲੀ ਸ਼ਕਤੀ ਨੇ ਸਥਾਪਿਤ ਕੀਤਾ ਹੁੰਦਾ ਹੈ। ਪਹਿਲਾਂ ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੂੰ ਆਪਣੇ ਮੰਚ ‘ਤੇ ਬੁਲਾਉਣਾ, ਫਿਰ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਅਤੇ ਮਾਰਕਸਵਾਦੀ ਪਾਰਟੀ ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਵਰਗੇ ਵਿਰੋਧੀਆਂ ਨੂੰ ਵੀ ਸੱਦਾ ਦੇਣ ਸਬੰਧੀ ਕਹਿਣਾ ਅਤੇ ਹੁਣ ਦਿੱਲੀ ਦੇ ਵਿਗਿਆਨ ਭਵਨ ਨੂੰ ਕੌਮੀ ਮੰਚ ਦਾ ਰੂਪ ਦੇ ਕੇ ਤਿੰਨ ਦਿਨ ਤੱਕ ਸਾਰੇ ਦੇਸ਼ ਨੂੰ ਆਪਣੇ ਬਾਰੇ ਦੱਸਦੇ ਹੋਏ ਸੰਬੋਧਿਤ ਹੋਣਾ ਆਪਣੇ-ਆਪ ਨੂੰ ਸਥਾਪਿਤ ਕਰਨ ਲਈ ਮਿੱਥੀ ਗਈ ਯੋਜਨਾ ਦਾ ਪਹਿਲਾ ਪੜਾਅ ਹੀ ਹੈ।

ਸਾਵਰਕਰ ਵਲੋਂ ਦਿੱਤੀ ਗਈ ਹਿੰਦੂਤਵ ਦੀ ਪਰਿਭਾਸ਼ਾ ਅਨੁਸਾਰ ਭਾਰਤੀ ਮੁਸਲਮਾਨਾਂ ਦੀ ਪਿੱਠਭੂਮੀ ਭਾਰਤ ਹੀ ਹੈ। ਇਸ ਲਈ ਉਹ ਭਾਰਤ ਵਿਚ ਰਹਿ ਸਕਦੇ ਹਨ ਪਰ ਭਾਰਤ ਵਿਚ ਰਹਿੰਦੇ ਹੋਏ ਉਨ੍ਹਾਂ ਦੀ ਹੈਸੀਅਤ ਕੀ ਅਜਿਹੀ ਹੀ ਹੋਵੇਗੀ, ਜਿਵੇਂ ਹਿੰਦੂਆਂ, ਸਿੱਖਾਂ, ਜੈਨੀਆਂ ਅਤੇ ਬੋਧੀਆਂ (ਇਹ ਸਾਰੇ ਧਰਮ ਭਾਰਤ ਵਿਚ ਹੀ ਪੈਦਾ ਹੋਏ ਹਨ) ਦੀ ਹੁੰਦੀ ਹੈ ? ਇਹ ਸਵਾਲ ਇਸ ਲਈ ਉੱਠਦਾ ਹੈ ਕਿ ਹਿੰਦੂਤਵ ਦੀ ਪਰਿਭਾਸ਼ਾ ਵਿਚ ਅਜਿਹੇ ਸਾਰੇ ਧਰਮਾਂ ਲਈ ਵੱਖਰੀ ਸ਼੍ਰੇਣੀ ਬਣਾ ਦਿੱਤੀ ਗਈ ਹੈ, ਜਿਨ੍ਹਾਂ ਦੀ ਪਿੱਠਭੂਮੀ ਭਾਰਤ ਨਹੀਂ ਹੈ, ਭਾਵ ਜਿਹੜੇ ਭਾਰਤ ਵਿਚ ਪੈਦਾ ਨਹੀਂ ਹੋਏ ਹਨ, ਜਿਵੇਂ ਈਸਾਈ ਅਤੇ ਇਸਲਾਮ। ਹਿੰਦੂਤਵ ਦੇ ਅਨੁਸਾਰ ਅਜਿਹੇ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਵਜੂਦ ਕੁਝ ਸ਼ਰਤਾਂ ਦੇ ਅਧੀਨ ਹੀ ਹੋ ਸਕਦਾ ਹੈ। ਉਹ ਸ਼ਰਤਾਂ ਕੀ ਹੋਣਗੀਆਂ, ਇਹ ਮੋਹਨ ਭਾਗਵਤ ਨੇ ਸਪੱਸ਼ਟ ਨਹੀਂ ਕੀਤਾ। ਪਰ ਅਸੀਂ ਉਨ੍ਹਾਂ ਸ਼ਰਤਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਤਰੀਕਿਆਂ ਬਾਰੇ ਕੁਝ ਠੋਸ ਅੰਦਾਜ਼ਾ ਜ਼ਰੂਰ ਲਗਾ ਸਕਦੇ ਹਾਂ, ਜਿਵੇਂ ਮੁਸਲਮਾਨ ਇਥੇ ਰਹਿ ਸਕਣਗੇ ਪਰ ਸੰਘ ਪਰਿਵਾਰ ਦੀ ਪ੍ਰਮੁੱਖ ਮੈਂਬਰ ਭਾਜਪਾ ਉਨ੍ਹਾਂ ਨੂੰ ਜਾਂ ਤਾਂ ਨਾਂਹ ਦੇ ਬਰਾਬਰ ਟਿਕਟ ਦੇਵੇਗੀ ਜਾਂ ਬਿਲਕੁਲ ਹੀ ਨਹੀਂ ਦੇਵੇਗੀ। ਮੁਸਲਮਾਨ ਰਹਿਣਗੇ ਪਰ ਬੰਗਲਾਦੇਸ਼ ਤੋਂ ਆਏ ਹਿੰਦੂ ਸ਼ਰਨਾਰਥੀਆਂ ਦਾ ਸੰਘ ਵਿਚਾਰਕ ਛਾਤੀ ਠੋਕ ਕੇ ਸਵਾਗਤ ਕਰਨਗੇ ਅਤੇ ਮੁਸਲਮਾਨ ਸ਼ਰਨਾਰਥੀਆਂ ਨੂੰ ਘੁਸਪੈਠੀਏ ਕਰਾਰ ਦੇ ਦਿੱਤਾ ਜਾਏਗਾ। ਟੀ.ਵੀ. ‘ਤੇ ਬਹਿਸ ਵਿਚ ਸਾਫ਼ ਤੌਰ ‘ਤੇ ਕਿਹਾ ਜਾਏਗਾ ਕਿ ਭਾਜਪਾ ਪਹਿਲਾਂ ਵੀ ਮੁਸਲਿਮ ਵੋਟਾਂ ਤੋਂ ਬਿਨਾਂ ਸੱਤਾ ਵਿਚ ਆਈ ਸੀ ਅਤੇ ਉਨ੍ਹਾਂ ਤੋਂ ਬਿਨਾਂ ਹੀ ਸੱਤਾ ਵਿਚ ਮੁੜ ਤੋਂ ਆਏਗੀ। ਮੁਸਲਮਾਨ ਰਹਿਣਗੇ ਪਰ ਘੱਟ-ਗਿਣਤੀ ਕਮਿਸ਼ਨ ਦੀ ਜ਼ਰੂਰਤ ‘ਤੇ ਸਵਾਲੀਆ ਨਿਸ਼ਾਨ ਲਗਾਇਆ ਜਾਂਦਾ ਰਹੇਗਾ। ਮੁਸਲਮਾਨ ਰਹਿਣਗੇ ਪਰ ਸੰਘ ਪਰਿਵਾਰ ਦਾ ਹੀ ਸੰਗਠਨ ਬਜਰੰਗ ਦਲ ਉਨ੍ਹਾਂ ਨੂੰ ਡਰਾਉਣ ਦੇ ਏਜੰਡੇ ‘ਤੇ ਕੰਮ ਕਰਦਾ ਰਹੇਗਾ। ਮੁਸਲਮਾਨ ਰਹਿਣਗੇ ਪਰ ਗਊ ਮਾਸ ਰੱਖਣ ਦੇ ਦੋਸ਼ ਵਿਚ ਹੱਤਿਆ ਅਤੇ ਪਸ਼ੂਆਂ ਦਾ ਵਪਾਰ ਕਰਨ ਵਾਲੇ ਮੁਸਲਮਾਨਾਂ ਦੀ ਭੀੜ-ਹੱਤਿਆ ਕਾਰਨ ਬਣੇ ਮਾਹੌਲ ਦੇ ਪ੍ਰਭਾਵ ਵਿਚ ਵਧੇਰੇ ਮੁਸਲਿਮ ਪਰਿਵਾਰ ਆਪਣੇ ਘਰ ਵਿਚ ਮੀਟ ਪਕਾਉਣਾ ਹੀ ਬੰਦ ਕਰ ਦੇਣਗੇ। ਉਨ੍ਹਾਂ ਨੂੰ ਜਦੋਂ ਖਾਣਾ ਹੋਵੇਗਾ ਤਾਂ ਰੈਸਟੋਰੈਂਟ ਵਿਚ ਖਾ ਆਉਣਗੇ।

ਸੰਘ ਜਾਣਦਾ ਹੈ ਕਿ 15-16 ਕਰੋੜ ਮੁਸਲਮਾਨਾਂ ਨੂੰ ਇਸ ਦੇਸ਼ ਤੋਂ ਬਾਹਰ ਨਹੀਂ ਕੱਢਿਆ ਸਕਦਾ। ਨਾ ਹੀ ਸੰਵਿਧਾਨ ਦੇ ਤਹਿਤ ਉਨ੍ਹਾਂ ਨੂੰ ਦੋਇਮ ਦਰਜੇ ਦਾ ਨਾਗਰਿਕ ਐਲਾਨਿਆ ਜਾ ਸਕਦਾ ਹੈ ਪਰ ਉਨ੍ਹਾਂ ਨੂੰ ਅਣਐਲਾਨੇ ਤੌਰ ‘ਤੇ ਇਕ ਅਜਿਹੀ ਸਥਿਤੀ ਵਿਚ ਪਹੁੰਚਾਇਆ ਜ਼ਰੂਰ ਜਾ ਸਕਦਾ ਹੈ, ਜਿਸ ਵਿਚ ਉਨ੍ਹਾਂ ਦੀਆਂ ਰਾਜਨੀਤਕ ਅਤੇ ਸੱਭਿਆਚਾਰਕ ਦਾਅਵੇਦਾਰੀਆਂ ਪੂਰੀ ਤਰ੍ਹਾਂ ਖ਼ਤਮ ਹੋ ਜਾਣ। ਅਜਿਹਾ ਹੋਣ ‘ਤੇ ਕੋਈ ਵੀ ਭਾਈਚਾਰਾ ਤਕਨੀਕੀ ਤੌਰ ‘ਤੇ ਨਾਗਰਿਕ ਹੁੰਦੇ ਹੋਏ ਵੀ ਨਾਗਰਿਕਤਾ ਤੋਂ ਮਿਲਣ ਵਾਲੀਆਂ ਸ਼ਕਤੀਆਂ ਤੋਂ ਵਾਂਝਾ ਹੋ ਜਾਂਦਾ ਹੈ। ਮੁਸਲਮਾਨਾਂ ਨਾਲ ਸੋਚੇ-ਸਮਝੇ ਤਰੀਕੇ ਤਹਿਤ ਪਿਛਲੇ ਸਾਢੇ ਚਾਰ ਸਾਲਾਂ ਤੋਂ ਅਜਿਹਾ ਹੀ ਕੀਤਾ ਜਾ ਰਿਹਾ ਹੈ। ਅਜਿਹਾ ਕਰਨ ਲਈ ਜ਼ਰੂਰੀ ਹੈ ਕਿ ਪਹਿਲਾਂ ਮੁਸਲਮਾਨਾਂ ਦੇ ਵੋਟ ਦੀ ਤਾਕਤ ਨੂੰ ਜ਼ੀਰੋ ਕਰ ਦਿੱਤਾ ਜਾਵੇ। ਉੱਤਰ ਪ੍ਰਦੇਸ਼ ਦੀ ਮਿਸਾਲ ਦੱਸਦੀ ਹੈ ਕਿ 40-45 ਫ਼ੀਸਦੀ ਹਿੰਦੂ ਵੋਟਾਂ ਦਾ ਧਰੁਵੀਕਰਨ ਹੁੰਦੇ ਹੀ ਮੁਸਲਿਮ ਵੋਟ ਆਪਣੀ ਅਹਿਮੀਅਤ ਖੋਹ ਦਿੰਦੇ ਹਨ। ਅਜਿਹਾ ਹੁੰਦੇ ਹੀ ਸਾਰੀਆਂ ਪਾਰਟੀਆਂ ਹਿੰਦੂ ਵੋਟਾਂ ਦੀਆਂ ਸੌਦਾਗਰ ਬਣਨ ਦੀਆਂ ਕੋਸ਼ਿਸ਼ਾਂ ਕਰਨ ਲਗਦੀਆਂ ਹਨ। ਪਾਰਟੀਆਂ ਰਾਮ ਭਗਤ, ਸ਼ਿਵ ਭਗਤ ਅਤੇ ਵਿਸ਼ਨੂੰ ਭਗਤ ਵਿਚ ਵੰਡੀਆਂ ਜਾਂਦੀਆਂ ਹਨ। ਮੁਸਲਮਾਨਾਂ ਦੇ ਪੱਖ ਵਿਚ ਬੋਲਣਾ ਜਾਂ ਉਨ੍ਹਾਂ ਨੂੰ ਆਪਣੀ ਰਣਨੀਤੀ ਦਾ ਅੰਗ ਬਣਾਉਣਾ ਨੁਕਸਾਨਦੇਹ ਮੰਨ ਲਿਆ ਜਾਂਦਾ ਹੈ। ਦੇਸ਼ ਦੀ ਰਾਜਨੀਤੀ ਬਹੁਗਿਣਤੀਵਾਦ ਦੀ ਮੁਕਾਬਲੇਬਾਜ਼ੀ ਬਣ ਗਈ ਹੈ। ਪੂਰਾ ਮੁਸਲਮਾਨ ਭਾਈਚਾਰਾ ਹਾਸ਼ੀਏ ‘ਤੇ ਧੱਕ ਦਿੱਤਾ ਗਿਆ ਹੈ। ਇਸ ਲਈ ਮੋਹਨ ਭਾਗਵਤ ਨੂੰ ਇਹ ਕਹਿਣ ਦੀ ਸਹੂਲਤ ਮਿਲ ਗਈ ਹੈ ਕਿ ਹਿੰਦੂਤਵ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਹੈ।

ਪ੍ਰਭੁਤਵ ਇਕ ਹਮਲਾਵਰ ਚਿਹਰੇ ਦੇ ਦਮ ‘ਤੇ ਵੀ ਹਾਸਲ ਕੀਤਾ ਜਾ ਸਕਦਾ ਹੈ ਪਰ ਸਥਾਪਿਤ ਹੋਣ ਲਈ ਇਕ ਸਥਿਰ ਚਿਹਰੇ ਦੀ ਲੋੜ ਹੁੰਦੀ ਹੈ। ਸੰਘ ਦੀ ਪੂਰੀ ਕੋਸ਼ਿਸ਼ ਇਹੀ ਸਥਿਰ ਚਿਹਰਾ ਹਾਸਲ ਕਰਨ ਦੀ ਹੈ। ਇਸ ਲਈ ਜੋ ਵੀ ਕਰਨਾ ਜ਼ਰੂਰੀ ਹੋਵੇ, ਉਹ ਕਰ ਰਿਹਾ ਹੈ। ਮੋਹਨ ਭਾਗਵਤ ਸੰਘ ਦੇ ਤਿੰਨ ਦਿਨਾ ਸਮਾਗਮ ਤੋਂ ਪਹਿਲਾਂ ਸੰਘ ਨੇ ਦੋ ਉੱਚ ਪੱਧਰੀਆਂ ਬੈਠਕਾਂ ਕੀਤੀਆਂ, ਮਕਸਦ ਸੀ ਪੂਰੇ ਦੇਸ਼ ਨੂੰ ਇਹ ਦੱਸਣ ਦੀ ਤਰਕੀਬ ਤਲਾਸ਼ ਕਰਨਾ ਕਿ ਸੰਘ ਗੋਲਵਰਕਰ ਦੇ ਉਨ੍ਹਾਂ ਵਿਚਾਰਾਂ ਤੋਂ ਪਿੱਛਾ ਛੁਡਾ ਚੁੱਕਾ ਹੈ, ਜਿਹੜੇ ਉਸ ਦਾ ਸੌੜਾ, ਹਮਲਾਵਰ ਅਤੇ ਫ਼ਿਰਕੂ ਅਕਸ ਬਣਾਉਂਦੇ ਹਨ। ਮਨੂੰ ਸਮ੍ਰਿਤੀ ਅਤੇ ਯਾਗਵਲਯਸਮ੍ਰਿਤੀ ਤੋਂ ਤਾਂ ਸੰਘ ਕਾਫੀ ਪਹਿਲਾਂ ਹੀ ਆਪਣੇ-ਆਪ ਨੂੰ ਅਲੱਗ ਕਰ ਕੇ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਵੈੱਬਸਾਈਟ ‘ਤੇ ਇਸ ਦਾ ਐਲਾਨ ਕਰ ਚੁੱਕਾ ਹੈ। ਬਿਨਾਂ ਅਜਿਹਾ ਕੀਤਿਆਂ ਉਹ ਪਛੜੇ, ਅਨੁਸੂਚਿਤ ਅਤੇ ਆਦੀਵਾਸੀ ਭਾਈਚਾਰਿਆਂ ਨੂੰ ਆਪਣੇ ਨਾਲ ਨਹੀਂ ਜੋੜ ਸਕਦਾ ਸੀ। ਸਿੱਟੇ ਵਜੋਂ ਜਿਹੜੀ ਹਿੰਦੂ ਏਕਤਾ ਉਸ ਨੇ ਅੰਸ਼ਕ ਤੌਰ ‘ਤੇ ਹਾਸਲ ਕੀਤੀ ਸੀ, ਉਹ ਨਹੀਂ ਹੋ ਸਕਦੀ ਸੀ। ਬਾਕੀ ਰਹਿ ਗਈਆਂ ਸਨ ਦੋ ਗੱਲਾਂ, ਮੁਸਲਮਾਨਾਂ ਦਾ ਸਵਾਲ ਅਤੇ ਸੰਵਿਧਾਨ ਦਾ ਸਵਾਲ। ਇਨ੍ਹਾਂ ਦੋਵੇਂ ਸਵਾਲਾਂ ਨੂੰ ਭਾਗਵਤ ਦੇ ਵਿਖਿਆਨਾਂ ਵਿਚ ਨਿਪਟਾ ਦਿੱਤਾ ਗਿਆ ਹੈ। ਸਵਾਲ ਇਹ ਹੈ ਕਿ, ਕੀ ਸਿਰਫ ਬਿਆਨਾਂ ਰਾਹੀਂ ਸਥਿਰ ਚਿਹਰਾ ਹਾਸਲ ਕੀਤਾ ਜਾ ਸਕਦਾ ਹੈ ? ਕੀ ਉਸ ਲਈ ਅਸਲ ਵਿਚ ਮੁਸਲਮਾਨਾਂ ਨਾਲ ਚੰਗੇ ਸਬੰਧ ਕਾਇਮ ਕਰਨ ਦੀ ਜ਼ਰੂਰਤ ਨਹੀਂ ਪਵੇਗੀ ? ਕਥਨੀ ਅਤੇ ਕਰਨੀ ਵਿਚਕਾਰ ਇਹ ਅੰਤਰ ਸੰਘ ਕਿਵੇਂ ਘਟਾਏਗਾ ?

# ਸਿੱਖ ਫ਼ੌਜੀਆਂ ਦੀ ਬਹਾਦਰੀ ਦੀ ਮਿਸਾਲ ਹੈ 'ਹਾਇਫ਼ਾ ਯੁੱਧ'

## ਜੰਗ ਦੇ ਨਾਇਕ ਵਜੋਂ ਉੱਭਰੇ ਸਨ ਕੈਪਟਨ ਅਨੂਪ ਸਿੰਘ

**ਨਵਜੀਵਨ ਸਿੰਘ ਧੌਲਾ**
(9056160716)

ਅੱਜ ਅਸੀਂ ਉਸ ਲੜਾਈ ਦੀ ਗੱਲ ਕਰਨ ਜਾ ਰਹੇ ਹਾਂ ਜਿਸ ਵਿਚ ਸਿੱਖ ਫ਼ੌਜੀਆਂ ਨੇ ਦੁਸ਼ਮਣ ਦੇ ਮੁਕਾਬਲੇ ਵਿਚ ਰਵਾਇਤੀ ਹਥਿਆਰਾਂ ਨਾਲ ਆਪਣੀ ਬਹਾਦਰੀ ਦੇ ਜੌਹਰ ਦਿਖਾਏ। ਇਹ ਲੜਾਈ 'ਹਾਇਫ਼ਾ ਯੁੱਧ' ਦੇ ਨਾਮ ਨਾਲ ਪ੍ਰਸਿੱਧ ਹੈ ਜੋ ਕਿ ਪਹਿਲੇ ਵਿਸ਼ਵ ਯੁੱਧ ( ਸੰਨ 1914-1918) ਦਾ ਹਿੱਸਾ ਸੀ। 23 ਸਤੰਬਰ 1918 ਦੀ ਇਸ ਲੜਾਈ ਨੇ ਨਵਾਂ ਦੇਸ਼ ਇਜ਼ਰਾਇਲ ਬਣਨ ਦਾ ਰਸਤਾ ਖੋਲ੍ਹ ਦਿੱਤਾ। ਅੱਜ ਤੱਕ 61ਵੀਂ ਕੈਵਲਰੀ ਬ੍ਰਿਗੇਡ 23 ਸਤੰਬਰ ਨੂੰ ਸਥਾਪਨਾ ਦਿਵਸ ਜਾਂ ਹਾਇਫਾ ਦਿਵਸ ਮਨਾਉਂਦੀ ਹੈ। ਇਜ਼ਰਾਇਲ ਵਿਚ ਵੀ 23 ਸਤੰਬਰ ਨੂੰ ਇਕ ਵਿਸ਼ੇਸ਼ ਸਮਾਗਮ ਕਰਕੇ ਸ਼ਹੀਦ ਹੋਏ ਸਿੱਖ ਅਤੇ ਹੋਰ ਭਾਰਤੀ ਫੌਜੀਆਂ ਨੂੰ ਸ਼ਰਧਾਜ਼ਲੀ ਦਿੱਤੀ ਜਾਂਦੀ ਹੈ।

ਹਾਇਫ਼ਾ ਸਮੁੰਦਰ ਕੰਢੇ ਵਸਿਆ ਇਜ਼ਰਾਇਲ ਦਾ ਇੱਕ ਛੋਟਾ ਜਿਹਾ ਸ਼ਹਿਰ ਹੈ। ਹਾਇਫ਼ਾ ਦੀ ਲੜਾਈ ਵਿਚ ਇਕ ਪਾਸੇ ਤੁਰਕੀ ਅਤੇ ਜਰਮਨੀ ਦੀਆਂ ਫ਼ੌਜ਼ਾਂ ਸਨ ਜਦਕਿ ਦੂਜੇ ਪਾਸੇ ਯਹੂਦੀ ਅਤੇ ਅੰਗਰੇਜ਼ਾਂ ਦੁਆਰਾ ਭੇਜੀਆਂ ਗਈਆਂ ਭਾਰਤੀ ਫ਼ੌਜਾਂ ਸਨ। 15ਵੀਂ ਇੰਮਪੀਰੀਅਲ ਸੇਵਾ ਦੀ ਬਰੀਗੇਡ ਜਿਸ ਵਿਚ ਭਾਰੀ ਮਾਤਰਾ ਵਿਚ ਸਿੱਖ ਅਤੇ ਭਾਰਤੀ ਫੌਜੀ ਸ਼ਾਮਲ ਸਨ, ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਫਲਸਤੀਨ ਦੇ ਹਾਇਫਾ ਨਾਮੀ ਸ਼ਹਿਰ ਨੂੰ ਅਜਾਦ ਕਰਵਾਇਆ। ਉਸ ਵੇਲੇ ਭਾਰਤ ਉਤੇ ਅੰਗਰੇਜ਼ਾ ਦਾ ਕਬਜ਼ਾ ਸੀ। ਇਸ ਯੁੱਧ ਵਿਚ ਸਿੱਖ ਅਤੇ ਭਾਰਤੀ ਫੌਜੀਆਂ ਨੇ ਤੁਰਕੀ ਅਤੇ ਜਰਮਨੀ ਦੀਆਂ ਦੁਸ਼ਮਣ ਫੌਜਾਂ ਵਿਰੁੱਧ ਗਲੀਪੋਲੀ, ਸੂਏਜ਼ ਕੈਨਾਲ, ਸਿਨਾਏ ਦੇ ਨਾਲ ਨਾਲ ਫਲਸਤੀਨ, ਡਮਾਸਕਸ, ਗਾਜ਼ਾ ਅਤੇ ਜੇਰੂਸਲਮ ਵਿਚ ਕਈ ਜੋਰਦਾਰ ਲੜਾਈਆਂ ਲੜੀਆਂ। ਸਿੱਖ ਅਤੇ ਭਾਰਤੀ ਫੌਜੀਆਂ ਦੀ ਅਗਵਾਈ ਬ੍ਰਿਟਿਸ਼ ਕਮਾਂਡਰ ਐਡਮੰਡ ਐਲਨਬੀ ਨੇ ਕੀਤੀ ਸੀ। ਉਸ ਨੇ ਇਹਨਾਂ ਫੌਜੀਆਂ ਦੇ ਸਨਮਾਨ ਵਿਚ, ਜੇਰੂਸਲਮ ਦੇ ਜਾਫਾ ਗੇਟ ਵਾਲੇ ਸਥਾਨ ਉਤੇ 11 ਦਸੰਬਰ 1917 ਨੂੰ ਸਮਾਗਮ ਵਿਸ਼ੇਸ਼ ਸਮਾਗਮ ਵਿਚ ਸਲਾਮੀ ਵੀ ਪੇਸ਼ ਕੀਤੀ ਸੀ। ਅੰਗਰੇਜ਼ਾਂ ਨੇ ਸਿੱਖ ਬਟਾਲੀਅਨਾ, ਜੋਧਪੁਰ, ਹੈਦਰਾਬਾਦ, ਮੈਸੂਰ ਰਿਆਸਤ ਦੀ ਸੈਨਾ ਨੂੰ ਹਾਈਫ਼ਾ 'ਤੇ ਕਬਜ਼ਾ ਕਰਨ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਭਾਰਤੀ ਫ਼ੌਜੀਆਂ ਨੇ ਹਾਈਫ਼ਾ ਵਿਚ ਤੁਰਕੀ ਫ਼ੌਜ ਦਾ ਡਟਵਾਂ ਮੁਕਾਬਲਾ ਕੀਤਾ ਸੀ। ਇਸ ਯੁੱਧ ਦੀ ਯਾਦ 'ਚ ਹਾਈਫ਼ਾ ਸ਼ਹਿਰ ਵਿਚ ਬਣੇ ਕਬਰਸਤਾਨ ਵਿਚ ਸਿੱਖ ਅਤੇ ਭਾਰਤੀ ਸ਼ਹੀਦਾਂ ਦੀ ਯਾਦਗਾਰ ਬਣੀ ਹੋਈ ਹੈ ਜਿਸ ਵਿਚ ਸਿੱਖ ਅਤੇ ਹਿੰਦੂ ਸਿਪਾਹਸਲਾਰਾਂ ਦੇ ਨਾਮ ਇਕ ਕੰਧ ਤੇ ਉਕਰੇ ਹੋਏ ਹਨ। ਸਿੱਖ ਸਿਪਾਹਸਲਾਰਾਂ ਦੇ ਨਾਮ ਤੋਂ ਉਪਰ ਵੱਡੇ ਅੱਖਰਾਂ ਵਿਚ '੧ੳ ਸ੍ਰੀ ਵਾਹਿਗੁਰੂ ਜੀ ਕੀ ਫ਼ਤਿਹ' ਲਿਖਿਆ ਗਿਆ ਹੈ। ਜਦ ਕਿ ਹਿੰਦੂ ਫੌਜੀਆਂ ਦੇ ਨਾਵਾਂ ਵਾਲੀ ਲਿਸਟ ਤੋਂ ਪਹਿਲਾਂ 'ਓਮ ਭਗਵਤੇ ਨਮਹ' ਲਿਖਿਆ ਗਿਆ ਹੈ।

ਅੰਗਰੇਜ਼ਾਂ ਨੇ ਪਹਿਲਾਂ ਤਾਂ ਸਿੱਖ ਪਲਟਨਾ ਅਤੇ ਤਿੰਨ ਰਿਆਸਤਾਂ ਮੈਸੂਰ, ਜੋਧਪੁਰ ਅਤੇ ਹੈਦਰਾਬਾਦ ਦੀਆਂ ਫ਼ੌਜਾਂ ਭੇਜੀਆਂ ਸਨ। ਪਰ ਬਾਅਦ ਵਿਚ ਇਸ ਦੇ ਲਈ ਹੈਦਰਾਬਾਦ ਦੀ ਪਲਟਨ ਤੇ ਨੂੰ ਰੋਕ ਲਾ ਦਿੱਤੀ ਗਈ ਕਿਉਂਕਿ ਹੈਦਰਾਬਾਦ ਵਿਚ ਸਾਰੀ ਮੁਸਲਿਮ ਸੈਨਾ ਸੀ। ਜਿਨ੍ਹਾਂ ਦੇਸ਼ਾਂ ਵਿਰੁੱਧ ਲੜਾਈ ਚੱਲ ਰਹੀ ਸੀ ਉਹ ਵੀ ਮੁਸਲਮਾਨ ਸਨ ਇਸ ਕਰਕੇ ਕਿਸੇ ਸੰਭਾਵੀ ਸ਼ੰਕਾ ਨੂੰ ਧਿਆਨ ਵਿਚ ਰਖਦਿਆਂ ਇਸ ਪਲਟਨ ਨੂੰ ਲੜਾਈ ਵਿਚ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ।

ਇਨ੍ਹਾਂ ਪਲਟਣਾਂ ਵਿਚ ਕੈਪਟਨ ਅਨੂਪ ਸਿੰਘ ਜੰਗ ਦੇ ਨਾਇਕ ਵਜੋਂ ਉਭਰੇ। ਕੈਪਟਨ ਅਨੂਪ ਸਿੰਘ ਦੇ ਹੋਰ ਪ੍ਰਮੁੱਖ ਸਾਥੀਆਂ ਵਿਚ ਕੈਪਟਨ ਬਹਾਦਰ ਅਮਨ ਸਿੰਘ ਯੋਧਾ, ਲੈਫਟੀਨੈਂਟ ਸੰਗਤ ਸਿੰਘ, ਦਫਾਦਾਰ ਜ਼ੋਰ ਸਿੰਘ, ਰੋਸ਼ਨ ਸਿੰਘ, ਅਮਰ ਸਿੰਘ, ਰੁਚਮਨ ਸਿੰਘ, ਸ਼੍ਰੀ ਰਾਮ ਸਿੰਘ, ਹਲਵਿੰਦਰ ਸਿੰਘ ਅਤੇ ਹੋਰ ਵੱਡੀ ਗਿਣਤੀ ਵਿਚ ਸਿੱਖ ਸਨ ਜਿਨ੍ਹਾਂ ਦੀ ਦ੍ਰਿੜ੍ਹਤਾ, ਦਲੇਰੀ ਅਤੇ ਬਹਾਦਰੀ ਨੇ ਇਸ ਲੜਾਈ ਵਿਚ ਵੱਡਾ ਯੋਗਦਾਨ ਪਾਇਆ। ਇਸ ਲੜਾਈ ਸਾਹਮਣੇ 80000 ਤੋਂ 90000 ਤੁਰਕ ਫ਼ੌਜੀ ਸਨ। ਜਿਨ੍ਹਾਂ ਵਿਚ 60000 ਤੋਂ 70 000 ਹਜ਼ਾਰ ਫ਼ੌਜੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

ਇਜ਼ਰਾਇਲ ਵਿਚ ਸਿੱਖ ਫ਼ੌਜੀਆਂ ਦੀਆਂ ਬਹਾਦਰੀ ਕਥਾਵਾਂ ਸਕੂਲੀ ਸਿਲੇਬਸ ਵਿਚ ਵੀ ਪੜ੍ਹਾਈਆਂ ਜਾਂਦੀਆਂ ਹਨ। ਇਸ ਲੜਾਈ ਵਿਚ ਸਿੱਖ ਫ਼ੌਜਾਂ ਕੋਲ ਹਥਿਆਰ ਦੇ ਰੂਪ ਵਿਚ ਬਰਛੇ, ਤਲਵਾਰਾਂ ਸਨ ਜਦਕਿ ਤੁਰਕੀ ਅਤੇ ਜਰਮਨੀ ਕੋਲ ਬੰਦੂਕਾਂ, ਮਸ਼ੀਨਗੰਨਾਂ ਅਤੇ ਬਾਰੂਦ ਸੀ। ਭਾਰਤੀ ਫ਼ੌਜ ਵਿਚ ਜ਼ਿਆਦਾਤਰ ਪੈਦਲ ਫ਼ੌਜ ਜਾਂ ਘੋੜਸਵਾਰ ਸਨ। ਇਕ ਦਸਤਾਵੇਜ਼ ਅਨੁਸਾਰ ਸਿੱਖ ਬਟਾਲੀਅਨ ਨੇ ਰਾਤ ਨੂੰ ਚੰਨ ਦੀ ਚਾਨਣੀ ਵਿਚ ਹੀ ਆਪਣੀ ਲੜਾਈ ਜਾਰੀ ਰੱਖੀ ਅਤੇ ਦੁਸ਼ਮਣ ਉਤੇ ਅਚਾਨਕ ਹਮਲਾ ਕਰਕੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ, ਜਿਸ ਵਿਚ ਸਿੱਖ ਫ਼ੌਜੀਆਂ ਨੇ 200 ਤੋਂ ਵੱਧ ਤੁਰਕ ਫੜ ਲਏ ਜਾਂ ਮਾਰ ਦਿੱਤੇ। ਕੈਪਟਨ ਅਨੂਪ ਸਿੰਘ ਅਤੇ ਲੈਫਟੀਨੈਂਟ ਸੰਗਤ



ਸਿੰਘ ਦੀ ਬਹਾਦਰੀ ਲਈ ਉਨ੍ਹਾਂ ਨੂੰ 'ਮਿਲਟਰੀ ਕਰੋਸ' ਨਾਲ ਸਨਮਾਨਿਤ ਕੀਤਾ ਗਿਆ। ਉਹ ਹਾਇਫ਼ਾ ਦੇ ਨਾਇਕ ਵਜੋਂ ਜਾਣੇ ਜਾਂਦੇ ਹਨ। ਉਨ੍ਹਾਂ ਨੇ ਆਪਣੇ ਆਮ ਹਥਿਆਰਾਂ ਨਾਲ ਮਸ਼ੀਨਗੰਨਾਂ ਨਾਲ ਲੈਸ ਦੁਸ਼ਮਣਾਂ ਤੇ ਹਮਲਾ ਕਰਦੇ ਸਨ ਅਤੇ ਉਨ੍ਹਾਂ ਦੇ ਹਥਿਆਰ ਖੋਹ ਲੈਂਦੇ ਸਨ। ਉਨ੍ਹਾਂ ਨੇ ਦੁਸ਼ਮਣ ਰੈਜੀਮੈਂਟ ਦੇ ਆਗੂ ਅਫ਼ਸਰ ਸਮੇਤ ਬਹੁਤ ਹੋਰ ਫ਼ੌਜੀਆਂ ਨੂੰ ਜਿਉਂਦੇ ਗ੍ਰਿਫ਼ਤਾਰ ਕੀਤਾ ਸੀ। ਕੈਪਟਨ ਅਨੂਪ ਸਿੰਘ ਨੇ ਇਕ ਆਗੂ ਦੇ ਰੂਪ ਵਿਚ ਆਪਣੀ ਸੂਝਬੂਝ ਨਾਲ ਦੁਸ਼ਮਣ ਦੀ ਪੁਜ਼ੀਸ਼ਨ ਤੇ ਕਬਜ਼ਾ ਕਰ ਲਿਆ ਸੀ ਅਤੇ ਉਨ੍ਹਾਂ ਕੋਲੋਂ 3 ਗੰਨਾਂ, 4 ਮਸ਼ੀਨਗੰਨਾਂ ਸਮੇਤ ਉਨ੍ਹਾਂ ਦੇ ਕਈ ਲੜਾਕੇ ਗ੍ਰਿਫ਼ਤਾਰ ਕਰ ਲਏ। ਫਿਰ ਉਸ ਨੇ ਆਪਣੀ ਫ਼ੌਜ ਦੀ ਅਗਵਾਈ ਕਰਕੇ ਸ਼ਹਿਰ ਦੇ ਉਤਰੀ ਪਾਸਿਉਂ ਹਮਲਾ ਕੀਤਾ ਤੇ ਬਹੁਤ ਵੱਡੀ ਗਿਣਤੀ ਵਿਚ ਤੁਰਕੀ ਅਤੇ ਜਰਮਨ ਦੇ ਫ਼ੌਜੀ ਬੰਦੀ ਬਣਾ ਲਏ। ਇਕ ਹੋਰ ਸਿੱਖ ਫ਼ੌਜੀ ਕਨਵਰ ਸੰਗਤ ਸਿੰਘ ਜੋਧਪੁਰ ਨੇ ਆਪਣੀ ਡਿਊਟੀ ਦੀ ਸ਼ਰਧਾ ਲਈ ਦੋ ਵਾਰ ਮਸ਼ੀਨਗੰਨਾਂ ਦੀ ਭਾਰੀ ਫਾਇਰਿੰਗ ਵਿਚ ਜਾ ਕੇ ਆਪਣੀ ਫ਼ੌਜੀ ਟੁਕੜੀ ਦੀ ਅਗਵਾਈ ਕੀਤੀ। ਥੋੜ੍ਹੇ ਸਮੇਂ ਵਿਚ ਹੀ ਲੜਾਈ ਖ਼ਤਮ ਹੋ ਗਈ ਸੀ ਅਤੇ ਹਾਇਫ਼ਾ ਇਕ ਆਜ਼ਾਦ ਸ਼ਹਿਰ ਬਣ ਗਿਆ। ਬਹਾਦਰ ਫੌਜੀਆਂ ਦੇ ਸਨਮਾਨ ਵਿਚ ਮਿਤੀ 2 ਅਕਤੂਬਰ ਸੰਨ 1918 ਨੂੰ ਇਕ ਸਨਮਾਨ ਪੱਤਰ ਉਚੇਚੇ ਤੌਰ ਤੇ ਜਾਰੀ ਕੀਤਾ ਗਿਆ, ਜਿਸ ਉਤੇ ਲਿਖਿਆ ਸੀ, "ਹਾਲੇ ਕੁੱਝ ਸਮਾਂ ਪਹਿਲਾਂ ਤੱਕ ਅਸੀਂ ਤੁਰਕੀ ਅਤੇ ਜਰਮਨੀ ਦੀਆਂ ਤਕਰੀਬਨ 80000 ਤੋਂ 90000 ਫੌਜਾਂ ਨਾਲ ਮੁਕਾਬਲਾ ਕਰ ਰਹੇ ਸੀ ਪਰ ਅੱਜ ਅਸੀਂ ਉਹਨਾਂ ਵਿੱਚੋਂ ਤਕਰੀਬਨ 60000 ਤੋਂ 70000 ਨੂੰ ਹਥਿਆਰ ਸੁੱਟਵਾ ਕੇ ਗ੍ਰਿਫਤਾਰ ਕਰ ਲਿਆ ਹੈ।"

ਇਸ ਤੁਰਕਾਂ ਵਿਰੁੱਧ ਲੜਾਈ ਵਿਚ ਸੁਲਤਾਨ ਸਿੰਘ, ਗੁਲਾਬ ਸਿੰਘ, ਕਰਤਾਰ ਸਿੰਘ, ਮਨਬੀਰ ਸਿੰਘ ਰਾਏ, ਦਫ਼ਾਦਰ ਗੋਪਾਲ ਸਿੰਘ ਵਰਗੇ ਸਿੱਖ ਫ਼ੌਜੀ ਸ਼ਹੀਦ ਹੋ ਗਏ। ਇਜ਼ਰਾਇਲ ਵਿਚ ਲਗਭਗ 900 ਭਾਰਤੀ ਫ਼ੌਜੀਆਂ ਦਾ ਸਸਕਾਰ ਕੀਤਾ ਗਿਆ ਜਾਂ ਦਫਨਾਏ ਗਏ ਜਿੱਥੇ ਹੁਣ ਉਨ੍ਹਾਂ ਦੀਆਂ ਯਾਦਗਾਰਾਂ ਬਣੀਆਂ ਹੋਈਆਂ ਹਨ ਅਤੇ ਹਰ ਸਾਲ 23 ਸਤੰਬਰ ਨੂੰ ਇਜ਼ਰਾਇਲ ਵਿਚ 'ਹਾਇਫ਼ਾ ਡੇਅ' ਮਨਾਇਆ ਜਾਂਦਾ ਹੈ। ਇਸੇ ਲੜਾਈ ਦੀ ਯਾਦ ਵਿਚ ਦਿੱਲੀ ਵਿਖੇ 'ਤਿੰਨ ਮੂਰਤੀ ਚੌਂਕ' ਵੀ ਬਣਾਇਆ ਗਿਆ ਸੀ।

ਜਿੱਥੇ ਹਾਇਫਾ ਵਿਚ ਬਹਾਦਰੀ ਨਾਲ ਲੜੇ ਤਿੰਨ ਭਾਰਤੀ ਫੌਜੀਆਂ ਦੇ ਕਾਂਸੀ ਦੇ ਬੁੱਤ ਲੱਗੇ ਹੋਏ ਹਨ। ਤੀਨ ਮੂਰਤੀ 'ਤੇ ਤਿੰਨ ਮੂਰਤੀਆਂ ਹੈਦਰਾਬਾਦ, ਜੋਧਪੁਰ ਅਤੇ ਮੈਸੂਰ ਲੈਂਸਰ ਦੀ ਨੁਮਾਇੰਦਗੀ ਕਰਦੀਆਂ ਹਨ, ਜਿਹੜੇ ਇੰਪਰੀਅਲ ਸਰਵਿਸ ਕੈਵਲਰੀ ਬ੍ਰਿਗੇਡ ਦਾ ਹਿੱਸਾ ਸਨ।

14 ਜਨਵਰੀ 2018 ਨੂੰ ਜਦ ਇਸਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਭਾਰਤ ਦੌਰੇ ਤੇ ਆਏ ਤਾਂ ਕੌਮੀ ਰਾਜਧਾਨੀ ਦੇ 'ਤੀਨ ਮੂਰਤੀ ਚੌਕ' ਦਾ ਨਾਂ ਬਦਲ ਕੇ ਇਸਰਾਈਲੀ ਸ਼ਹਿਰ ਦੇ ਨਾਂ 'ਤੇ 'ਹਾਈਫ਼ਾ ਚੌਂਕ' ਰੱਖ ਦਿੱਤਾ ਗਿਆ।

23 ਸਤੰਬਰ 2018 ਨੂੰ ਇਸ ਲੜਾਈ ਦੇ 100 ਵਰ੍ਹੇ ਹੋ ਜਾਣ ਦੀ ਯਾਦ ਵਿਚ ਇਜ਼ਰਾਇਲ ਸਰਕਾਰ ਵੱਲੋਂ ਸ਼ਹੀਦਾਂ ਦੀ ਯਾਦ ਵਿਚ ਕੀਤੇ ਗਏ ਮਾਣਕਰਨਯੋਗ ਸਮਾਗਮ ਵਿਚ ਲੇਖਕ ਦੇ ਭੂਆ ਜੀ ਵਰਿੰਦਰਜੀਤ ਕੌਰ ਸਿੰਮੀ ਵੀ ਹਾਜਰ ਸਨ, ਜਿਨ੍ਹਾਂ ਅਨੁਸਾਰ ਇਜ਼ਰਾਇਲ ਸਰਕਾਰ ਅਤੇ ਭਾਰਤੀ ਅਬੈਂਸੀ ਵਾਲਿਆਂ ਨੇ ਸਿੱਖ ਸ਼ਹੀਦਾਂ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਗਿਆ ਅਤੇ ਸ਼ਹੀਦਾਂ ਦੀ ਸ਼ਹੀਦੀ ਤੇ ਮਾਣ ਮਹਿਸੂਸ ਕੀਤਾ ਗਿਆ। ਇਸ ਦਿਨ 6 ਸਤੰਬਰ 1918 ਨੂੰ ਓਟੋਮਾਨ ਤੁਰਕ ਫੌਜਾਂ ਦੇ ਵਿਰੁੱਧ ਲੜੇ ਬਹਾਦਰ ਸਿੱਖ ਫੌਜ਼ੀਆਂ ਦੀ ਯਾਦ ਵਿਚ ਡਾਕ-ਟਿਕਟ ਜਾਰੀ ਕੀਤਾ ਹੈ। 5 ਸ਼ੇਕਲ 55 ਅਗਰੋਤ (ਇਜ਼ਰਾਇਲੀ ਕਰੰਸੀ) ਕੀਮਤ ਦੇ ਇਸ ਟਿਕਟ ਤੇ ਕੈਪਟਨ ਅਨੂਪ ਸਿੰਘ ਨੂੰ ਘੋੜੇ ਤੇ ਦਰਸਾਇਆ ਗਿਆ ਹੈ ਜਿਸ ਵਿਚ ਉਹ ਹੱਥ ਵਿਚ ਜਿੱਤ ਦਾ ਝੰਡਾ ਫੜ ਕੇ ਆਪਣੀਆਂ ਜੇਤੂ ਫੌਜਾਂ ਦੀ ਅਗਵਾਈ ਕਰ ਰਹੇ ਹਨ। ਟਿਕਟ ਦੇ ਬੈਕ ਗਰਾਂਉਂਡ ਵਿਚ ਸਿੱਖ ਫੌਜਾਂ ਹਾਇਫ਼ਾ ਸ਼ਹਿਰ ਵਿਚੋਂ ਲੰਘ ਰਹੀਆਂ ਹਨ ਜਿਨ੍ਹਾਂ ਨੂੰ ਸਥਾਨਕ ਲੋਕੀਂ ਖੜ੍ਹ ਕੇ ਦੇਖ ਰਹੇ ਹਨ। ਇਹ ਟਿਕਟ 100 ਸਾਲਾ ਹਾਈਫ਼ਾ-ਯੁੱਧ ਨੂੰ ਸਮਰਪਿਤ ਹੈ।

## ਵਰਕ ਵੀਜ਼ੇ ਦੇ ਨਾਂ 'ਤੇ ਪੰਜਾਬਣ ਨਾਲ 33 ਹਜ਼ਾਰ ਡਾਲਰ ਦੀ ਠੱਗੀ

**ਮੈਲਬਰਨ/ਬਿਊਰੋ ਨਿਊਜ਼ :** ਨਿਊਜ਼ੀਲ਼ੈਂਡ ਵਿਚ ਭਾਰਤੀ ਮੂਲ ਦੀ ਦਮਨਪ੍ਰੀਤ ਕੌਰ ਨਾਲ ਵਰਕ ਵੀਜ਼ੇ ਦੇ ਨਾਂ ਉਤੇ ਕਾਫੀ ਵੱਡੀ ਠੱਗੀ ਹੋਣ ਦਾ ਸਮਾਚਾਰ ਹੈ। ਉਸ ਦੇ ਇੰਮੀਗ੍ਰੇਸ਼ਨ ਸਲਾਹਕਾਰ ਤੁਆਰਕੀ ਡਿਲਮੇਅ ਨੇ ਨਿਊਜ਼ੀਲ਼ੈਂਡ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਹ ਦਨਮਪ੍ਰੀਤ ਨਾਲ ਧੋਖਾਧੜੀ ਕਰਨ ਵਾਲੇ ਉਨ੍ਹਾਂ ਵਿਚੋਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ, ਜਿਨ੍ਹਾਂ ਨੇ ਉਸ ਕੋਲੋਂ 'ਵਰਕ ਵੀਜ਼ਾ' ਲਈ ਹਜ਼ਾਰਾਂ ਡਾਲਰ ਠੱਗੇ ਹਨ। ਮਿਲੀ ਜਾਣਕਾਰੀ ਮੁਤਾਬਕ ਨਿਊਜ਼ੀਲੈਂਡ ਵਿਚ ਭਾਰਤੀ ਮੂਲ ਦੀ ਇਕ ਆਈਟੀ ਪ੍ਰੋਫੈਸ਼ਨਲ ਔਰਤ ਤੋਂ ਤਿੰਨ ਆਦਮੀਆਂ ਨੇ ਵਰਕ ਵੀਜ਼ਾ ਦਿਵਾਉਣ ਦਾ ਝਾਂਸਾ ਦੇ ਕੇ 33000 ਡਾਲਰ ਠੱਗ ਲਏ ਹਨ।



ਰੇਡੀਓ ਨਿਊਜ਼ੀਲੈਂਡ ਦੀ ਰਿਪੋਰਟ ਅਨੁਸਾਰ ਦਮਨਪ੍ਰੀਤ ਕੌਰ ਨੇ ਆਖਿਆ ਕਿ ਉਸ ਨੇ ਪਿਛਲੇ ਸਾਲ ਵਰਕ ਵੀਜ਼ਾ ਤੇ ਜੌਬ ਖਾਤਰ ਦੋ ਆਦਮੀਆਂ ਨੂੰ 18000 ਡਾਲਰ ਦਿੱਤੇ ਸਨ ਤੇ ਬਾਅਦ ਵਿੱਚ ਹੈਮਿਲਟਨ ਦੇ ਇਕ ਬੰਦੇ ਨੂੰ 15000 ਡਾਲਰ ਦਿੱਤੇ ਸਨ। ਉਸ ਨੇ ਕਿਹਾ ਕਿ ਉਸ ਨੂੰ ਮਾਰਚ 2016 ਵਿੱਚ ਆਕਲੈਂਡ ਤੋਂ ਇਕ ਸਾਲ ਦਾ ਆਈਟੀ ਕੋਰਸ ਕਰਨ ਤੋਂ ਬਾਅਦ ਇਕ ਸਾਲ ਦਾ ਓਪਨ ਵਰਕ ਵੀਜ਼ਾ ਮਿਲਿਆ ਸੀ ਪਰ ਇਸ ਦੀ ਮਿਆਦ ਪੂਰੀ ਹੋਣ 'ਤੇ ਉਸ ਨੂੰ ਦੋ ਸਾਲ ਦਾ ਵਰਕ ਵੀਜ਼ਾ ਲੈਣ ਵਿੱਚ ਕਾਫ਼ੀ ਮੁਸ਼ੱਕਤ ਦਾ ਸਾਹਮਣਾ ਕਰਨਾ ਪਿਆ। ਮਾਰਚ 2017 ਵਿੱਚ ਦਮਨਪ੍ਰੀਤ ਕੌਰ ਨਾਲ ਦੋ ਵਿਅਕਤੀਆਂ ਨੇ ਸੰਪਰਕ ਕਰ ਕੇ ਉਸ ਨੂੰ ਟੌਰੈਂਗਾ ਦੇ ਇਕ ਇੰਟਰਨੈੱਟ ਕੈਫੇ ਵਿੱਚ ਜੌਬ ਦਿਵਾਉਣ ਦੀ ਪੇਸ਼ਕਸ਼ ਕੀਤੀ ਕਿ ਬਸ਼ਰਤੇ ਉਹ ਉਸ ਨੂੰ 50000 ਡਾਲਰ ਅਦਾ ਕਰੇ। ਉਨ੍ਹਾਂ ਕਿਹਾ ਕਿ ਜੌਬ ਸਦਕਾ ਉਸ ਨੂੰ ਵਰਕ ਵੀਜ਼ਾ ਮਿਲ ਜਾਵੇਗਾ ਤੇ ਇਸ ਤਰ੍ਹਾਂ ਰਿਹਾਇਸ਼ੀ ਵੀਜ਼ਾ ਲੈਣ 'ਚ ਵੀ ਮਦਦ ਮਿਲੇਗੀ। ਦਮਨਪ੍ਰੀਤ ਕੌਰ ਨੇ ਉਨ੍ਹਾਂ ਨੂੰ ਦੋ ਕਿਸ਼ਤਾਂ ਵਿੱਚ 33000 ਡਾਲਰ ਅਦਾ ਕਰ ਦਿੱਤੇ ਪਰ ਬਾਅਦ ਵਿੱਚ ਇਹ ਗੱਲ ਸਾਹਮਣੇ ਆਈ ਕਿ ਇੰਟਰਨੈੱਟ ਕੈਫੇ ਐਵੇਂ ਫਰਜ਼ੀ ਖੜ੍ਹਾ ਕੀਤਾ ਗਿਆ ਸੀ। ਹਾਲਾਂਕਿ ਉਸ ਨੂੰ ਦੋ ਸਾਲ ਦਾ ਵਰਕ ਵੀਜ਼ਾ ਤਾਂ ਮਿਲ ਗਿਆ ਪਰ ਸ਼ਰਤਾਂ ਅਨੁਸਾਰ ਉਹ ਕਿਸੇ ਹੋਰ ਕੰਪਨੀ ਵਿੱਚ ਕੰਮ ਨਹੀਂ ਕਰ ਸਕਦੀ ਸੀ ਅਤੇ ਵਰਕ ਵੀਜ਼ਾ ਵਿੱਚ ਜਿਸ ਕੰਪਨੀ ਦਾ ਨਾਮ ਦਿੱਤਾ ਗਿਆ ਸੀ, ਉਹ ਕੰਪਨੀ ਫਰਜ਼ੀ ਸੀ।ਇਸ ਕਾਰਨ ਦਮਨਪ੍ਰੀਤ ਨੂੰ ਡਿਪੋਰਟ ਹੋਣਾ ਪੈ ਸਕਦਾ ਹੈ ਕਿਉਂਕਿ ਉਹ ਇਸ ਵੇਲੇ ਕੋਈ ਵੀ ਕੰਮ ਨਹੀਂ ਕਰ ਰਹੀ।

ਦਮਨਪ੍ਰੀਤ ਬਹੁਤ ਮਾਯੂਸ ਹੈ ਤੇ ਉਸ ਨੇ ਆਵਾਸ ਬਾਰੇ ਸਹਾਇਕ ਮੰਤਰੀ ਕ੍ਰਿਸ ਫਾਫੋਈ ਨੂੰ ਪੱਤਰ ਲਿਖਿਆ ਤੇ ਨਾਲ ਹੀ ਇਮੀਗ੍ਰੇਸ਼ਨ ਅਧਿਕਾਰੀਆਂ ਤੋਂ ਇਨਸਾਫ਼ ਤੇ ਦੇਸ਼ ਵਿਚ ਰਹਿਣ ਦੀ ਆਗਿਆ ਮੰਗੀ ਹੈ। ਰਿਪੋਰਟ ਮੁਤਾਬਕ ਉਸ ਨੇ ਨੌਕਰੀ ਲਈ ਆਵਾਸ ਨੇਮਾਂ ਦੀ ਉਲੰਘਣਾ ਕਰਨ ਬਦਲੇ ਮੁਆਫ਼ੀ ਮੰਗੀ ਹੈ ਪਰ ਆਵਾਸ ਲਈ ਇਕ ਆਖਰੀ ਮੌਕਾ ਦੇਣ ਦੀ ਬੇਨਤੀ ਵੀ ਕੀਤੀ ਹੈ।

## 'ਸਰਦਾਰ ਜੀ ਤੁਸੀਂ ਗ੍ਰੇਟ ਹੋ'

### ਹਰਿਆਣਾ ਵਿਚ 'ਆਪ ਕੀ ਰਸੋਈ' ਚਲਾਉਂਦੇ ਨੇ ਸਿੰਘ ਸਾਹਿਬ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੋਨੀ ਟੀਵੀ ਦੇ ਮਸ਼ਹੂਰ ਕੁਇਜ਼ ਸੀਰੀਅਲ "ਕੌਨ ਬਨੇਗਾ ਕਰੋੜਪਤੀ" (ਕੇਬੀਸੀ) ਵਿਚ ਬੀਤੇ ਦਿਨੀਂ 6.40 ਲੱਖ ਰੁਪਏ ਜਿੱਤਣ ਵਾਲੇ ਇੰਜੀਨੀਅਰ ਸਰਦਾਰ ਦਵਿੰਦਰ ਸਿੰਘ ਚਰਚਾ ਵਿਚ ਹਨ। ਉਹ 6.40 ਲੱਖ ਰੁਪਏ ਜਿੱਤਣ ਨੂੰ ਲੈ ਕੇ ਘੱਟ, ਸਗੋਂ 5 ਰੁਪਏ ਨੂੰ ਲੈ ਕੇ ਮਸ਼ਹੂਰ ਹਨ। ਸਰਦਾਰ ਜੀ 'ਆਪ ਕੀ ਰਸੋਈ' ਚਲਾਉਂਦੇ ਹਨ, ਜਿਸ ਦੀ ਚਰਚਾ ਹੁਣ ਦੇਸ਼ ਭਰ ਵਿਚ ਹੈ। ਇਸ ਵਿਚ ਸਿਰਫ ਪੰਜ ਰੁਪਏ ਵਿਚ ਭਰ-ਪੇਟ ਖਾਣਾ ਮਿਲਦਾ ਹੈ। ਸਿੰਘ ਪਰਿਵਾਰ ਦੀ ਛੋਟੀ ਜਿਹੀ ਕੋਸ਼ਿਸ਼ ਦੁਨੀਆ ਨੂੰ ਮਨੁੱਖਤਾ ਦਾ ਸੰਦੇਸ਼ ਦੇਣ ਵਿਚ ਸਫਲ ਰਹੀ ਹੈ।



ਕੇਬੀਸੀ. ਵਿਚ ਅਮਿਤਾਭ ਬੱਚਨ ਦੇ ਸਾਹਮਣੇ ਹੌਟ ਸੀਟ 'ਤੇ ਬੈਠਣ ਤੋਂ ਪਹਿਲਾਂ ਵੀ ਦਵਿੰਦਰ ਨੂੰ ਹਰਿਆਣਾ ਦੇ ਫਰੀਦਾਬਾਦ ਦੇ ਲੋਕ ਜਾਣਦੇ ਸਨ। ਲੋਕਾਂ ਨੂੰ ਪਤਾ ਲੱਗਾ ਸੀ ਕਿ ਸਿੰਘ ਸਾਹਿਬ ਭੁੱਖਿਆਂ ਨੂੰ ਭਰ-ਪੇਟ ਖਾਣਾ ਖੁਆਉਂਦੇ ਹਨ। ਗਰੀਬ-ਜ਼ਰੂਰਤਮੰਦ ਲੋਕਾਂ ਲਈ ਸਰਦਾਰ ਜੀ ਦੀ ਰਸੋਈ, ਜਿਸ ਨੂੰ ਉਹ 'ਆਪ ਕੀ ਰਸੋਈ' ਕਹਿੰਦੇ ਹਨ, ਅੰਨਪੂਰਣਾ ਦੀ ਰਸੋਈ ਤੋਂ ਘੱਟ ਨਹੀਂ ਹੈ।

ਆਪਣੀ ਇਨੋਵਾ ਕਾਰ ਵਿਚ ਵੱਡੇ-ਵੱਡੇ ਬਰਤਨਾਂ ਵਿਚ ਤਾਜ਼ਾ ਬਣਿਆ ਭੋਜਨ ਸ਼ਹਿਰ ਦੇ ਕਿਸੇ ਨਾ ਕਿਸੇ ਮੋੜ 'ਤੇ ਲੋਕਾਂ ਨੂੰ ਖੁਆਉਂਦੇ ਹੋਏ ਦਵਿੰਦਰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਸਾਰਿਆਂ ਨੇ ਦੇਖਿਆ ਸੀ। 'ਕੌਨ ਬਨੇਗਾ ਕਰੋੜਪਤੀ' ਵਿਚ ਪੁੱਜਣ ਦੇ ਬਾਅਦ ਪੂਰਾ ਦੇਸ਼ ਸਿੰਘ ਪਰਿਵਾਰ ਦੇ ਕੰਮ ਨੂੰ ਸਲਾਮ ਕਰ ਰਿਹਾ ਹੈ।

ਮੁੰਬਈ ਤੋਂ ਵਾਪਸ ਆਉਣ ਤੋਂ ਬਾਅਦ ਦਵਿੰਦਰ ਨੇ ਦੱਸਿਆ ਕਿ ਬਚਪਨ ਵਿਚ ਆਪਣੇ ਮਾਤਾ-ਪਿਤਾ ਤੋਂ ਗੁਰੂਆਂ ਦੀ ਵਿਚਾਰਧਾਰਾ ਰਾਹੀਂ ਇਹ ਸਿੱਖਿਆ ਮਿਲੀ ਸੀ ਕਿ ਲੋੜਵੰਦਾਂ ਦੀ ਮਦਦ ਕਰੋ। ਇਸ ਲਈ ਮੈਂ ਇਹ ਕਾਰਜ ਕੀਤਾ ਹੈ। ਸਿੱਖ ਤਾਂ ਸਰਬੱਤ ਦੇ ਭਲੇ ਦਾ ਦੂਤ ਹੈ। ਉਸ ਲਈ ਕੋਈ ਹਿੰਦੂ-ਮੁਸਲਮਾਨ, ਇਸਾਈ ਨਹੀਂ ਹੈ। ਸਾਰੇ ਵਰਣ ਸਾਂਝੇ ਹਨ। ਕੋਈ ਭਿੰਨ-ਭੇਦ ਨਹੀਂ ਹੈ। ਗਰੀਬ ਨੂੰ ਉਪਰ ਉਠਾਉਣਾ ਹਰੇਕ ਸਿੱਖ ਦਾ ਫਰਜ਼ ਹੈ। ਇਸੇ ਲਈ ਗੁਰੂ ਸਾਹਿਬਾਨਾਂ ਵਲੋਂ ਦਸਵੰਧ ਪ੍ਰਥਾ ਚਲਾਈ ਗਈ ਹੈ। ਮੈਂ ਇਸੇ ਗੱਲ 'ਤੇ ਪਹਿਰਾ ਦੇ ਰਿਹਾ ਹਾਂ ਜੋ ਇਕ ਸਿੱਖ ਦਾ ਫਰਜ਼ ਹੈ। ਮੇਰਾ ਪਰਿਵਾਰ ਵੀ ਮੇਰੇ ਨਾਲ ਹੈ। ਮੈਂ ਇਹ ਚਾਹੁੰਦਾ ਹਾਂ ਕਿ ਇਸ ਦੇਸ਼ ਵਿਚ ਕੋਈ ਵੀ ਭੁੱਖਾ ਨਾ ਸੌਂਵੇ। ਹਰੇਕ ਸਿੱਖ ਇਸ ਨੂੰ ਆਪਣਾ ਫਰਜ਼ ਸਮਝੇ। ਅਸੀਂ ਸੱਚੀ ਸਰਕਾਰ ਅਕਾਲ ਪੁਰਖ ਦੇ ਵਜ਼ੀਰ ਹਾਂ। ਇਸੇ ਲਈ ਸਾਨੂੰ ਸੱਚੀ ਸਰਕਾਰ ਅਨੁਸਾਰ ਫਰਜ਼ ਨਿਭਾਉਣੇ ਚਾਹੀਦੇ ਹਨ। ਇਹ ਫਰਜ਼ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਸੇ ਨਾਲ ਹੀ ਸਿੱਖੀ ਦਾ ਮਾਣ ਪੂਰੇ ਵਿਸ਼ਵ ਵਿਚ ਪਸਰੇਗਾ। ਹਰੇਕ ਸਿੱਖ ਆਪਣੀ ਜ਼ਿੰਮੇਵਾਰੀ ਨਿਭਾਵੇ।

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

**Two Acres Truck Yard with small shop Available in Manteca asking for $950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

# *Thank you • Thank you • Thank you • Thank you • Thank you to Waheguru ji and sadh sangat for making Sikh Float a success*


A Sikh American Journey - I


A Sikh American Journey - II



"The Melody of Life"


"Together We Rise"


"Serving Kindness"

## A big thanks to all donors who made this possible

Donate Here

Gurmehar Foundation, Gurdip S. Malik, Beyond Borders Foundation, Robert J. Applegate, Nanak Parchar Sabha, The Sikh Spirt Foundation, Devinder S Bindra, KK Bhatia MD, Satjiv S Chahil, Daljinder S. Takhar, A&B Express Inc, Baljit S. Bhatti, Royal Market & Liquor, Future Computing Solutions Inc, Parvinder Khanuja MD, Dhindsa Group of Companies, Wraich Transport, Arinder S Chadha MD, Jagtar S Samra, Surinderapal Singh, The Blue Divinity Foundation, Manbir Singh MD, Reem Petroleum Inc., Gurpreet S Ahuja MD, Garucharan & Ranjit Singh, Surinder S Saini MD, Lynn Trucking, Damanjit Singh, Tarlochan S Rangi, Midland Oil Group, 1011 Inc, Bhatia J&J Inc, Satwinder S Sidhu, Balwinder S Bains, Brinderjit Dhillon, Devinder S Gandhi MD, Onkarjit S Marwah MD, Shoker Trading Corp. Bandana Singh, Kulmeet S Dang, Jagjit Singh Sohl, Ravinder K Sohl, Rupinder S Bindra, Khalsa Care Foundation, The Association of Sikh Professionals, GP farms Inc, Manraj Petroleum, Gurnam S Pannu, Krishan S Khurana, Prubjeet S Khurana, Satinder Singh, Amritpal S Batra, Ujjager Singh Uppal, Nachatar Singh Bhullar, Ravi Grewal, Darshan Singh Gill, Iqbal Singh Samra 7-11 Franchisee and many more community members

The Sikh Float

Dear Friends

The Sikh Float is into its 5th year, at the America's New Year Celebration in the Annual Rose Parade at Pasadena, California on the 1st of January, 2019.

The theme this year being "The Melody of Life" , we have selected the building of a giant RABAB to be displayed on the float depicting the teachings of Guru Nanak Dev ji.

The Sikh Float at the Rose Parade gives a great opportunity to the Sikh community to express itself at a local, national, and international level, of the Sikh ideals, practice, and History. The Rose Parade is televised all over the world reaching millions. It is essential for us to continue this very important annual effort / tradition.

Along with the complex designing, planning, and production of the Float, comes the time, expertise, effort, and cost of developing the Float. We appreciate all past and present contribution , and encourage ongoing contribution for helping continue this great effort.

The different levels of sponsorships is as follows:

Platinum $ 10,000+ • Diamond $ 7,500+ • Gold. $ 5,000+ • Silver. $ 2,500+ • Community

We value any and all donations to your desire and ability. A check can be made to "The Sikh Float, Rose Parade" and mailed to the address .10656 Cilantro Ave, Fontana, CA 92337

***"This is an important effort to continue for our community, our children, and the future generations"***

SIKH Float ROSE PARADE COMMITTEE

UNITED SIKH MISSION USA — BEHOLD WHOLE OF MANKIND AS ONE

Adv. Sponsored by: Dalip Singh Sethi • Auto Center Realty LLC


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE + 1-718-752-9293 | CALL TO SUBSCRIBE +1-800-246-6242
www.jusbroadcasting.com

# UNITED SPORTS CLUB CALIFORNIA, AMERICA 14TH WORLD KABADDI CUP 2018



Amolak Singh Gakhal
Chief Patron, United Sports Club

## THANKS TO ALL

United Sports Club California, America & Amolak Singh Gakhlal Thanks to all Sponsors, Kabaddi Players, Spectators, Officials, Logan High School Management and Gurdwara Managements for Contribute to Big success of 14th World KabaddiCup 2018

ਯੂਨਾਈਟਡ ਸਪੋਰਟਸ ਕਲੱਬ ਅਤੇ ਅਮੋਲਕ ਸਿੰਘ ਗਾਖਲ ਵਲੋਂ

ਸਮੂਹ ਸਪਾਂਸਰਾਂ, ਕਬੱਡੀ ਖਿਡਾਰੀਆਂ, ਦਰਸ਼ਕਾਂ, ਆਫੀਸ਼ੀਅਲਸ,ਲੋਗਨ ਹਾਈ ਸਕੂਲ ਦੀ ਮੈਨੇਜਮੈਂਟ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ 14ਵੇਂ ਵਿਸ਼ਵ ਕਬੱਡੀ ਕੱਪ ਦੀ ਸਫਲਤਾ ਵਿਚ ਯੋਗਦਾਨ ਪਾਉਣ ਲਈ **ਬਹੁਤ ਬਹੁਤ ਬਹੁਤ ਧੰਨਵਾਦ**



ਸਾਬਕਾ ਧਨੰਤਰ ਕਬੱਡੀ ਖਿਡਾਰੀ
**ਸਰਵਣ ਸਿੰਘ ਬੱਲ**





ਜਿਹੜੇ ਸਟਾਰ ਕਬੱਡੀ ਖਿਡਾਰੀ ਇਸ ਵਾਰ ਨਹੀਂ ਪਹੁੰਚ ਸਕੇ ਅਗਲੇ ਸਾਲ ਯਕੀਨੀ ਬਣਾਇਆ ਜਾਵੇਗਾ ਕਿ ਦੁਨੀਆਂ ਦੇ ਸਮੇਂ ਦੇ ਸਟਾਰ ਖਿਡਾਰੀ ਜ਼ਰੂਰ ਵਿਸ਼ਵ ਕੱਪ ਵਿਚ ਪਹੁੰਚਣ। ਟੀਮਾਂ ਵਿਚ ਸਟਾਰ ਖਿਡਾਰੀਆਂ ਦੀ ਬਰਾਬਰ ਵੰਡ ਕਰਨ ਲਈ ਵੀ ਵਿਸ਼ੇਸ਼ ਕਮੇਟੀ ਦਾ ਗਠਨ ਕੀਤਾ ਜਾਵੇਗਾ। ਕਬੱਡੀ ਦਰਸ਼ਕਾਂ ਨੂੰ ਫਸਵੇਂ ਭੇੜ ਵਿਖਾਉਣ ਲਈ ਕਲੱਬ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ।

– ਅਮੋਲਕ ਸਿੰਘ ਗਾਖਲ

## Next World Cup will be on Sunday, 15 September 2019

TUTT BROTHERS, AMAN SINGH LAKHA SINGH ATL TRUCK LINE, JASPREET S ATORNY, GN TIRE & LUBE, RANA ATWAL, TIRATH S GAKHAL, PAMMA LUDHAR. SIKH PANCHYAT, SANTOKH S. JUDGE, BOB DHILLON. MANN INSURANCE BROKERS, SURINDER S. ATWAL, S. HARWINDER SINGH ATWAL. RANDHIR S. NIJJAR. JASWANT SINGH HOTHI, KASHMIR S DHOOT, SUNRISE TRUCKING, INDERJIT S THIND, BILLA SANGHERA, KULDEEP S. DHALIWAL, SUKHJIT S SANDHU. PARGAN SINGH. OCEAN TRANSPORT. INDIAN GOURMET, BHUPINDER S PARMAR , MANJIT SINGH, MEHNGA S. SARPANCH, AVTAR S BAINS. RAM SINGH, MANJINDER SANDHU, SURJIT SINGH BAINS, RAMA BHANDAL, CHARNJIT SINGH DHALIWAL, SARBJIT SINGH DHALIWAL. AMARITPAL S. DHILLON, BALIHAR SINGH SARPANCH

MIKE BOPARAI, TARLOCHAN S. LASHAR, KULWANT S. LASHAR, JASWINDER S. LASHAR, MANNY GREWAL, NAJAR SINGH SAHOTA, DEEPA CHAUHAN, TEHAL SINGH THANDI, SAMEER S PANNU, RAJ BHANOT, BALJIT S. SAHOTA, AMARJIT S. SANGHA, MANGAL S. BHANDAL, KULWANT S. NIJJAR, SUKHDEV S. BANIWAL, PRITAM S. GREWAL, HARDEV S. TAKHAR, SUKHBIR S. NIJJAR, KULWANT S KHERA, SUKHWANT S KHERA, BAY STAR TRANSPORT, MEHFIL INDIAN RESTAURANT, SHAHID BHAGAT S CRICKET CLUB. GARRY S COMMISSIONER, RAM MURTI SAROYE, LAKHBIR S PATWARI, KARAN THIARA, AMRIK CHAND CPA, TIRATH S. SALH. PCA, DHANNA SINGH KABADI COACH, BALJINDER SINGH KLAIR, SUKHWANT SINGH KLAIR, BALRAJ SINGH. SARBJIT SABHI.

KINGS SPORTS CLUB, CENTRAL VALLEY SPORTS CLUB, SAN JOSE MELA CLUB, GURU INC. SAN JOSE, RSI INSURANCE, NATOMOUS LIQUOR. GURNAM SINGH. PUNJAB TENT HOUSE, JAGTAR SINGH, AVTAR S SRA, HARBHAJAN S GAKHAL. ALVARADO B P SERVICE. LACHHMAN S MANGAT, BILL BAINS CPA. MAJOR S GAKHAL, SOHAN S GAKHAL.JARNAIL S MANN.JASVIR S TAKHAR.SURINDER S DHANOA.SHANKAR SINGH,JASBIR S NAHAL,CAR WASH GILL ROY. JAGDEEP SINGH INSURANCE AGENCY, RANA KAHLON,BOMBY PIZZA CHICAGO PIZZA,SUCHA RAM BHARTA. SHASHI PAUL, KASHMIRI BHATIA. HARWINDER S DHALIWAL.MAJOR S GILL.JACK RAM, PAUL RAM,SEWA SINGH,JASSI SHERGILL,MALAGHAR S KHERA,BITTU RAI.BALWINDER VIRK, JASWANT UPPAL, KULDEEP S MANN, JOGA SINGH, JASSI GILL, NACHHATTAR KHABRA, H.S. BHAJAN, CHARAN SINGH BHANDAL, KIRPAL SINGH ATWAL, JAGJIT SINGH, GURBAX SINGH DHILLON.

**Also Special Thanks: Raja Sweets, Gurdwara Fremont, San Jose, Stockton and Singh Sabha Milpitas for served tea Pakoura and Guru Ke Langar**

Media In charge World Kabaddi Cup: **S. Ashok Bhaura** Phone: 510 415 3315, Email: ashokbhaura@gmail.com



# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੋਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

**ਸੰਪਰਕ:**
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana
1480 N State Road 1, Cambridge City, IN 47327. 70 Exit 137

Diesel/Gas

ਟਰੱਕਾਂ ਵਾਲੇ ਭਰਾਵਾਂ ਲਈ **ਖੁੱਲ੍ਹ ਗਿਆ**



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



**ਸਹੂਲਤਾਂ**

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons
open 6am to midnight

**Phone: 765-478-6300**

# ਸਿਆਟਲ ਵਿਰਾਸਤ ਮੇਲੇ 'ਚ ਗਿੱਧੇ-ਭੰਗੜੇ ਸਮੇਤ ਸੱਭਿਆਚਾਰਕ ਪ੍ਰੋਗਰਾਮ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ



ਸਿਆਟਲ ਵਿਰਾਸਤ ਮੇਲੇ ਦੀਆਂ ਝਲਕੀਆਂ।

**ਸਿਆਟਲ /ਗੁਰਚਰਨ ਸਿੰਘ ਢਿੱਲੋਂ**

ਸਿਆਟਲ ਦੇ ਨੌਜਵਾਨਾਂ ਦੀ ਅਗਵਾਈ ਹੇਠ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਨਵੀਂ ਪਨੀਰੀ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਨਾਲ ਜੋੜਨ ਦੇ ਮੰਤਵ ਨਾਲ ਸਿਆਟਲ ਵਿਰਾਸਤ ਮੇਲਾ ਕਰਵਾਇਆ ਗਿਆ, ਜਿਸ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆ। ਗੁਰਦੀਪ ਸਿੰਘ ਸਿੱਧੂ ਦੇ ਸਵਾਗਤੀ ਭਾਸ਼ਣ ਤੋਂ ਬਾਅਦ ਬੋਬਲ ਤੋਂ ਹਰਪਾਲ ਸਿੰਘ ਸਿੱਧੂ ਦੇ ਬੱਚਿਆਂ ਇਨਹਾਦ ਸਿੰਘ ਤੇ ਇਨਹਾਤ ਕੌਰ ਨੇ ਸ਼ਬਦ ਗਾਇਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। 'ਰੇਕ ਦਾ ਢੋਲ' ਰੋਕੀ ਵਿਰਕ ਨੇ 'ਸਭ ਨੂੰ ਜੀ ਆਇਆਂ' ਕਹਿੰਦਿਆਂ ਹੀ ਏ.ਬੀ.ਸੀ. ਦੇ ਸੀਨੀਅਰ ਗਰੁੱਪ ਨੇ ਭੰਗੜੇ ਦੀਆਂ ਧਮਾਲਾਂ ਪਾ ਦਿੱਤੀਆਂ। ਗੁਰਦੀਪ ਅਕੈਡਮੀ ਸਰੀ ਤੋਂ



ਦੋਗਾਣਾ, ਸਕਿੱਟ ਅਤੇ ਸ਼ਾਨ-ਏ-ਪੰਜਾਬ ਸਰੀ (ਕੈਨੇਡਾ) ਦੇ ਗਿੱਧੇ ਦੀਆਂ ਟੀਮਾਂ ਅਤੇ ਏ.ਬੀ.ਸੀ. ਭੰਗੜਾ ਗਰੁੱਪ ਦੇ ਸੰਚਾਲਕ ਹਰਮੀਤ ਧਾਲੀਵਾਲ, ਅਰਜਨ ਸਹੋਤਾ ਤੇ ਕੈਨੀ ਸਹੋਤਾ ਦੀ ਅਗਵਾਈ ਹੇਠ ਗਿੱਧੇ-ਭੰਗੜੇ ਦੇ ਕਲਾਕਾਰਾਂ ਨੇ ਦਰਸ਼ਕਾਂ ਨੂੰ ਝੂਮਣ ਲਾ ਦਿੱਤਾ। ਸਿਆਟਲ ਦੇ ਕਵੀਸ਼ਰੀ ਜੱਥੇ ਕਾਕਾ ਹਰਜੋਤ ਤੇ ਕਾਕਾ ਭਗੀਰਥ ਸਿੰਘ ਅਤੇ ਸਰੀ ਦੀ ਗਾਇਕ ਗੁਰਪ੍ਰੀਤ ਕੌਰ ਸਿੱਧੂ ਨੇ ਚੰਗਾ ਰੰਗ ਬੰਨ੍ਹਿਆ। ਸਟੇਜ ਦਾ ਸੰਚਾਲਨ ਕਰਦਿਆਂ ਆਸ਼ਾ ਸ਼ਰਮਾ ਨੇ ਦਰਸ਼ਕਾਂ ਦਾ ਮਨ ਪ੍ਰਚਾਈ ਰੱਖਿਆ ਤੇ ਬਾਖ਼ੂਬੀ ਨਾਲ ਸ਼ਾਨਦਾਰ ਸਟੇਜ ਦਾ ਸੰਚਾਲਨ ਕੀਤਾ। ਦਰਸ਼ਕਾਂ ਨਾਲ ਹਾਲ ਖਚਾਖਚ ਭਰਿਆ ਸੀ। ਇਸ ਮੌਕੇ ਸਿਆਟਲ ਦੇ ਗੋਰਿਆਂ ਕੈਂਟ ਦੀ ਮੇਅਰ ਡਾਨਾ ਰੈਲਫ, ਸੈਨੇਟਰ ਮਾਰਕ ਹਰਗਰੇਵ ਤੇ ਉਸ ਦੀ ਪਤਨੀ ਸੈਂਡੀ ਹਰਗਰੇਵ, ਕੈਂਟ ਕੌਂਸਲ ਮੈਂਬਰ ਬਾਂਰੈਡਾ ਤੇ ਸਤਵਿੰਦਰ ਕੌਰ ਅਤੇ ਬੈਲਗਹਿਮ ਤੋਂ ਵੱਟਸਐੱਪ ਦੇ ਕਾਊਂਟੀ ਕੌਂਸਲ ਮੈਂਬਰ ਸਤਪਾਲ ਸਿੱਧੂ ਦਾ ਵਿਸ਼ੇਸ਼ ਸਵਾਗਤ ਤੇ ਸਨਮਾਨ ਕੀਤਾ ਗਿਆ। ਪੰਜਾਬੀ ਭਾਈਚਾਰੇ ਦੇ ਸਾਂਝੇ ਕਾਰਜਾਂ ਵਿਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਸਿੱਖ ਸੇਵਾ ਫਾਊਂਡੇਸ਼ਨ ਅਮਰੀਕਾ ਦੇ ਚੇਅਰਮੈਨ ਬਹਾਦਰ ਸਿੰਘ (ਸੈਲਮ), ਉਪ ਚੇਅਰਮੈਨ ਜਗਮੋਹਨ ਸਿੰਘ (ਸੈਲਮ), ਆਲ ਇੰਡੀਆ ਡੀ.ਏ.ਵੀ. ਕਾਲਜਾਂ ਦੇ ਡਾਇਰੈਕਟਰ ਸਤੀਸ਼ ਸ਼ਰਮਾ, ਸਪੋਕੇਨ ਤੋਂ ਅਜੀਤ ਸਿੰਘ ਨਾਗਰਾ, ਪਬਲਿਕ ਸਪੀਕਰ ਵਿਸ਼ਵਾਜੀਤ ਸਿੰਘ, ਐਕਸਪੀਡੀਆ ਦੇ ਮੁਖੀ ਅਮਨ ਭੂਟਾਨੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਿਆਟਲ ਵਿਰਾਸਤ ਮੇਲੇ ਦੇ ਸਹਿਯੋਗੀਆਂ, ਸਪਾਂਸਰਾਂ ਨੂੰ ਵੀ ਸਨਮਾਨਤ ਕੀਤਾ ਗਿਆ। ਸਿਆਟਲ ਦੇ ਨੌਜਵਾਨਾਂ ਦੀ ਕਾਰਗੁਜ਼ਾਰੀ ਤਸੱਲੀਬਖਸ਼ ਰਹੀ, ਜਿਨ੍ਹਾਂ ਨੂੰ ਅਖੀਰ ਵਿਚ ਸਨਮਾਨਿਤ ਕੀਤਾ ਗਿਆ। ਐੱਸ.ਏ. ਟਰੈਵਲ ਵੱਲੋਂ ਇੰਡੀਆ ਦੀ ਮੁਫਤ ਟਿਕਟ ਲਈ ਲਾਟਰੀ ਕੱਢੀ ਗਈ, ਜੋ ਓਂਕਾਰ ਭੰਡਾਲ ਦੀ ਨਿਕਲੀ। ਸਿਆਟਲ ਵਿਰਾਸਤ ਮੇਲਾ ਬਹੁਤ ਹੀ ਕਾਮਯਾਬ ਰਿਹਾ, ਜੋ ਅਮਿੱਟ ਯਾਦਾਂ ਛੱਡ ਗਿਆ।

ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ ਹੋਲਸੇਲਰ 1



ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ

Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com

## ਵੋਟਾਂ ਰਜਿਸਟਰਡ ਕਰਾਉਣ ਲਈ ਬੇਨਤੀ




ਜੈਕਾਰਾ ਜਥੇਬੰਦੀ ਦੇ ਵਲੰਟੀਅਰਾਂ ਨੇ ਅਮਰੀਕਨ ਸਿਟੀਜ਼ਨਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀਆਂ ਵੋਟਾਂ ਰਜਿਸਟਰਡ ਕਰਾਉਣ। ਗੁਰਦੁਆਰਾ ਸਾਹਿਬ ਫਰੀਮਾਂਟ ਵਿਚ ਬੀਤੇ ਐਤਵਾਰ ਵੋਟਾਂ ਰਜਿਸਟਰਡ ਕੀਤੀਆਂ ਗਈਆਂ। ਹੁਣ ਰਜਿਸਟਰਡ ਹੋਏ ਵੋਟਰ ਵੀ ਅਗਾਮੀ ਨਵੰਬਰ ਵਾਲ਼ੀਆਂ ਚੋਣਾਂ ਵਿਚ ਵੋਟਾਂ ਪਾ ਸਕਣਗੇ

Personalized Service-Committed To Quality
Solutions Financial Mortgage Company
Purchase & Refinance Your Home Loans



Call: 312-608-0006
2700 Patriot Blvd., Suite 110
Glenview IL 60026.
Office: 847-834-0100, Fax: 847-834-0106
AMRIK P. SINGH
Mortgage Loan Originator
NMLS # 232904
Illinois Residential Mortgage Licensee.
Email: asingh@gosfmc.com
Web: www.gosfmc.com




SAVE UPTO 24¢
PER GALLON ON DIESEL




FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING
Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves Travel Stops & Country Stores

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

## ਨਵੰਬਰ-84 ਦੇ ਦਿੱਲੀ ਸਿੱਖ ਕਤਲੇਆਮ ਦੀ ਅਹਿਮ ਗਵਾਹ ਨੂੰ ਧਮਕੀਆਂ

**ਨਵੀਂ ਦਿੱਲੀ/ਬਿਊਰੋ ਨਿਊਜ਼** : ਸੰਨ 1984 ਦੇ ਦਿੱਲੀ ਸਿੱਖ ਕਤਲੇਆਮ ਦੀ ਪ੍ਰਮੁੱਖ ਗਵਾਹ ਨੂੰ ਪਹਿਲਾਂ ਲਾਲਚ ਦੇਣ ਤੇ ਫਿਰ ਡਰਾਉਣ-ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਖ਼ਿਲਾਫ਼ ਗਵਾਹ ਚਾਮ ਕੌਰ ਨੂੰ ਗਵਾਹੀ ਨਾ ਦੇਣ ਬਦਲੇ 10 ਲੱਖ ਰੁਪਏ ਦੇਣ ਦੀ ਪੇਸ਼ਕਸ਼ ਕੀਤੀ ਗਈ। ਪੇਸ਼ਕਸ਼ ਨਾ ਮੰਨਣ 'ਤੇ ਅੰਜਾਮ ਭੁਗਤਣ ਦੀ ਧਮਕੀ ਵੀ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਸੰਨ 1984 'ਚ ਸੁਲਤਾਨਪੁਰੀ 'ਚ ਮਾਰੇ ਗਏ 300 ਸਿੱਖਾਂ ਵਿਚੋਂ ਇੱਕ ਮਾਮਲੇ 'ਚ ਬੀਬੀ ਚਾਮ ਕੌਰ ਦੀ ਪਟਿਆਲਾ ਹਾਊਸ ਕੋਰਟ 'ਚ ਗਵਾਹੀ ਹੋਣੀ ਹੈ। ਗਵਾਹੀ ਤੋਂ ਪਹਿਲਾਂ ਚਾਮ ਕੌਰ ਦੀ ਜਾਣਕਾਰ ਮਹਿਲਾ ਨੇ ਉਸ ਨੂੰ ਸੁਲਤਾਨਪੁਰੀ 'ਚ ਕਿਸੇ ਤੋਂ ਉਸ ਦੀ ਪੋਤਰੀ ਦੇ ਵਿਆਹ ਲਈ ਸਹਾਇਤਾ ਦਿਵਾਉਣ ਦੀ ਗੱਲ ਕੀਤੀ। ਜਦੋਂ ਚਾਮ ਕੌਰ ਤਿਲਕ ਵਿਹਾਰ ਤੋਂ ਆਪਣੀ ਲੜਕੀ ਦੇ ਘਰ ਸੁਲਤਾਨਪੁਰੀ ਗਈ ਤਾਂ ਉਕਤ ਮਹਿਲਾ ਨੇ ਚਾਮ ਕੌਰ ਨੂੰ ਪੈਸੇ ਬਦਲੇ ਗਵਾਹੀ ਨਾ ਦੇਣ ਦੀ ਪੇਸ਼ਕਸ਼ ਕੀਤੀ। ਚਾਮ ਕੌਰ ਵੱਲੋਂ ਇਨਕਾਰ ਕਰਨ ਮਗਰੋਂ ਉਸ ਨੇ ਬਾਹਰ ਗੱਡੀ 'ਚ ਬੈਠੇ ਸੁਲਤਾਨਪੁਰੀ ਤੋਂ ਕਾਂਗਰਸ ਦੇ ਸਾਬਕਾ ਵਿਧਾਇਕ ਜੈ ਕਿਸ਼ਨ ਨਾਲ ਮੁਲਾਕਾਤ ਕਰਨ ਲਈ ਜ਼ੋਰ ਦਿੱਤਾ ਪਰ ਚਾਮ ਕੌਰ ਨੇ ਇਨਕਾਰ ਕਰ ਦਿੱਤਾ। ਚਾਮ ਕੌਰ ਨੂੰ ਧਮਕਾਉਣ ਅਤੇ ਲਾਲਚ ਦੇਣ ਦੀ ਪੇਸ਼ਕਸ਼ ਕਰਨ ਵਾਲੀ ਮਹਿਲਾ ਜੈ ਕਿਸ਼ਨ ਦੀ ਕਥਿਤ ਸਮਰਥਕ ਦੱਸੀ ਜਾਂਦੀ ਹੈ। ਉਸ ਨੇ ਚਾਮ ਕੌਰ ਦੇ ਨਾਲ ਹੀ ਸੰਨ 1984 ਦੀ ਲੜਾਈ ਲੜ ਰਹੇ ਗੁਰਦੁਆਰਾ ਕਮੇਟੀ ਦੇ ਪੈਰੋਕਾਰਾਂ ਸਣੇ ਵਕੀਲਾਂ ਨੂੰ ਵੀ ਵੇਖ ਲੈਣ ਦੀ ਧਮਕੀ ਦਿੱਤੀ ਹੈ। ਇਸ ਘਟਨਾ ਮਗਰੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਕਤ 'ਚ ਆ ਗਈ ਹੈ। ਕਮੇਟੀ ਵੱਲੋਂ ਪਟਿਆਲਾ ਹਾਊਸ ਕੋਰਟ 'ਚ ਬੀਬੀ ਚਾਮ ਕੌਰ ਦੀ ਸੁਰੱਖਿਆ ਲਈ ਅਰਜ਼ੀ ਦਾਇਰ ਕੀਤੀ ਗਈ ਹੈ ਪਰ ਜੱਜ ਦੇ ਛੁੱਟੀ 'ਤੇ ਹੋਣ ਕਰਕੇ ਚਾਮ ਕੌਰ ਦੀ ਗਵਾਹੀ ਨਹੀਂ ਹੋ ਸਕੀ।

ਇਸ ਬਾਰੇ ਅਦਾਲਤ ਕੰਪਲੈਕਸ 'ਚ ਮੌਜੂਦ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਚੇਅਰਮੈਨ ਜਸਵਿੰਦਰ ਸਿੰਘ ਜੌਲੀ ਨੇ ਜਾਣਕਾਰੀ ਦਿੰਦੇ ਹੋਏ ਸੱਜਣ ਕੁਮਾਰ ਤੇ ਉਸ ਦੇ ਸਾਥੀਆਂ 'ਤੇ 3 ਗਵਾਹਾਂ ਨੂੰ ਧਮਕਾਉਣ ਦਾ ਦੋਸ਼ ਲਗਾਇਆ। ਸ੍ਰੀ ਜੌਲੀ ਨੇ ਕਿਹਾ ਕਿ ਜੋਗਿੰਦਰ ਸਿੰਘ, ਪੋਪਰੀ ਕੌਰ ਤੋਂ ਬਾਅਦ ਹੁਣ ਚਾਮ ਕੌਰ ਨੂੰ ਧਮਕਾਉਣ ਦਾ ਮਾਮਲਾ ਸਾਹਮਣੇ ਆਇਆ ਹੈ।

## ਦਿੱਲੀ ਵਿਚ ਤਿੰਨ ਸਿੱਖ ਜਰਨੈਲਾਂ ਦੇ ਲੱਗਣਗੇ ਬੁੱਤ



ਦਿੱਲੀ 'ਚ ਸਥਾਪਤ ਕਰਨ ਲਈ ਬਣਾਏ ਜਾ ਰਹੇ ਤਿੰਨ ਸਿੱਖ ਜਰਨੈਲਾਂ ਦੇ ਬੁੱਤ (ਇਨਸੈੱਟ) ਬੁੱਤ ਬਣਾਉਣ ਵਾਲੇ ਕੇਂਦਰ ਦਾ ਮੁਖੀ ਪ੍ਰਭਾਤ ਰਾਏ।

**ਚੰਡੀਗੜ੍ਹ/ਬਿਊਰੋ ਨਿਊਜ਼** : ਸਿੱਖ ਫ਼ੌਜਾਂ ਨੇ ਸੰਨ 1783 'ਚ ਮੁਗਲ ਬਾਦਸ਼ਾਹ ਸ਼ਾਹ ਆਲਮ-ਦੂਜੇ ਨੂੰ ਹਰਾ ਕੇ ਦਿੱਲੀ 'ਤੇ ਕਬਜ਼ਾ ਕੀਤਾ ਸੀ ਤੇ ਲਾਲ ਕਿਲ੍ਹੇ 'ਤੇ ਨਿਸ਼ਾਨ ਸਾਹਿਬ ਝੁਲਾਇਆ ਸੀ।ਸਿੱਖ ਇਤਿਹਾਸ ਦੇ ਇਸ ਸ਼ਾਨਾਮੱਤੇ ਅਧਿਆਏ ਬਾਰੇ ਦਿੱਲੀ ਦੇ ਲੋਕਾਂ ਨੂੰ ਜਾਣੂ ਕਰਾਉਣ ਲਈ ਗਵਾਲੀਅਰ ਆਧਾਰਤ ਪ੍ਰਭਾਤ ਮੂਰਤੀ ਕਲਾ ਕੇਂਦਰ ਵੱਲੋਂ ਤਿੰਨ ਸਿੱਖ ਜਰਨੈਲਾਂ ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ ਕਾਂਸੀ ਦੇ ਬੁੱਤਾਂ ਨੂੰ ਆਖਰੀ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਇਨ੍ਹਾਂ ਤਿੰਨਾਂ ਜਰਨੈਲਾਂ ਦੀ ਅਗਵਾਈ ਹੇਠਲੀਆਂ ਸਿੱਖ ਫ਼ੌਜਾਂ ਵੱਲੋਂ ਉਸ ਵੇਲੇ ਦੀ ਮੁਗਲ ਸਲਤਨਤ ਦੀ ਰਾਜਧਾਨੀ ਦਿੱਲੀ ਨੂੰ ਕਬਜ਼ੇ ਵਿਚ ਕਰਨ ਦਾ ਮਤਲਬ ਪੂਰੇ ਹਿੰਦੁਸਤਾਨ ਉਤੇ ਬਾਦਸ਼ਾਹਤ ਦਾ ਦਾਅਵਾ ਕਰਨਾ ਮੰਨਿਆ ਜਾਂਦਾ ਸੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਡੀਐੱਸਜੀਐੱਮਸੀ) ਵੱਲੋਂ ਇਹ ਬੁੱਤ ਬਣਾਉਣ ਦਾ ਆਰਡਰ ਦਿੱਤਾ ਗਿਆ ਹੈ ਤੇ ਕਮੇਟੀ ਵੱਲੋਂ ਪਿਛਲੇ ਚਾਰ ਸਾਲਾਂ ਤੋਂ ਦਿੱਲੀ ਫਤਹਿ ਦਿਵਸ ਸਮਾਗਮ ਵੀ ਮਨਾਏ ਜਾਂਦੇ ਹਨ।

ਤਿੰਨਾਂ ਬੁੱਤਾਂ 'ਚੋਂ ਹਰ ਇੱਕ ਦੀ ਉਚਾਈ 12 ਫੁੱਟ ਤੇ ਭਾਰ 1200 ਤੋਂ 1400 ਕਿਲੋ ਹੈ। ਇਹ ਬੁੱਤ ਅਗਲੇ ਮਹੀਨੇ ਪੱਛਮੀ ਦਿੱਲੀ ਦੇ ਸੁਭਾਸ਼ ਨਗਰ ਮੈਟਰੋ ਸਟੇਸ਼ਨ ਅਤੇ ਨਜਫਗੜ੍ਹ ਰੋਡ ਦੇ ਸਾਹਮਣੇ ਪਾਰਕ 'ਚ ਸਥਾਪਤ ਕੀਤੇ ਜਾਣਗੇ। ਇੱਥੋਂ ਰੋਜ਼ਾਨਾ 20 ਲੱਖ ਦੇ ਕਰੀਬ ਲੋਕ ਲੰਘਦੇ ਹਨ। ਦਿੱਲੀ ਦੇ ਬਹੁਤੇ ਲੋਕ ਸਿੱਖ ਵਿਰਾਸਤ ਤੋਂ ਅਣਜਾਣ ਹਨ। 'ਤੀਸ ਹਜ਼ਾਰੀ ਅਦਾਲਤ' ਦਾ ਨਾਂ ਬਾਬਾ ਬਘੇਲ ਸਿੰਘ ਦੇ 30 ਹਜ਼ਾਰ ਜਵਾਨਾਂ ਦੀ ਫੌਜ ਵੱਲੋਂ ਇਸ ਇਲਾਕੇ 'ਚ ਠਹਿਰਾਅ ਕਰਨ ਕਾਰਨ ਪਿਆ ਸੀ। 'ਪੁਲ ਮਿਠਾਈ' ਉਹ ਥਾਂ ਹੈ ਜਿੱਥੇ ਸਿੱਖ ਫੌਜੀ ਲੋਕਾਂ ਨੂੰ ਮਠਿਆਈ ਵੰਡਦੇ ਸੀ ਤੇ ਮੋਰੀ ਗੇਟ ਦਾ ਨਾਂ ਸਿੱਖ ਫੌਜੀਆਂ ਵੱਲੋਂ ਲਾਲ ਕਿਲ੍ਹੇ ਅੰਦਰ ਦਾਖਲ ਹੋਣ ਲਈ ਕੰਧ 'ਚ ਲਾਈ ਗਈ ਸੰਨ੍ਹ ਕਾਰਨ ਪਿਆ ਸੀ। ਜ਼ਿਕਰਯੋਗ ਹੈ ਕਿ ਪ੍ਰਭਾਤ ਮੂਰਤੀ ਕਲਾ ਕੇਂਦਰ ਦੇਸ਼ ਦੀਆਂ ਸਭ ਤੋਂ ਮੋਹਰੀ ਬੁੱਤਘਾੜ ਸੰਸਥਾਵਾਂ 'ਚੋਂ ਇੱਕ ਹੈ ਤੇ ਇਸ ਕੇਂਦਰ ਵੱਲੋਂ ਪਹਿਲਾਂ ਵੀ ਸਿੱਖ ਇਤਿਹਾਸ ਨਾਲ ਸਬੰਧਤ ਵਿਸ਼ਿਆਂ 'ਤੇ ਬੁੱਤ ਬਣਾਏ ਜਾਂਦੇ ਹਨ। ਕੇਂਦਰ ਦੇ ਮੁੱਖ ਬੁੱਤਘਾੜੇ ਪ੍ਰਭਾਤ ਰਾਏ ਵੱਲੋਂ ਹੁਣ ਤਕ ਛੇ ਸਿੱਖ ਸ਼ਖ਼ਸੀਅਤਾਂ ਦੇ ਬੁੱਤ ਬਣਾਏ ਜਾ ਚੁੱਕੇ ਹਨ, ਜੋ ਪੰਜਾਬ ਦੇ ਮੁਹਾਲੀ ਜ਼ਿਲ੍ਹੇ ਦੇ ਪਿੰਡ ਚੱਪੜਚਿੜੀ 'ਚ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰ 'ਚ ਸਥਾਪਤ ਹਨ। ਸ੍ਰੀ ਰਾਏ ਵੱਲੋਂ ਸੰਨ 2016 'ਚ ਬਣਾਇਆ ਗਿਆ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਮਹਾਰਾਜਾ ਦੇ ਫਰਾਂਸੀਸੀ ਮਦਦਗਾਰ ਜਨਰਲ ਜਾਂ ਫਰੈਂਕੋਇਸ ਐਲਰਡ ਦੇ ਜਨਮ ਸਥਾਨ ਸੇਂਟ ਟਰੋਪਜ਼ 'ਚ ਸਥਾਪਤ ਹੈ।

## ਵਟਸਐਪ ਵੱਲੋਂ ਭਾਰਤ 'ਚ ਸ਼ਿਕਾਇਤ ਨਿਵਾਰਨ ਅਧਿਕਾਰੀ ਨਿਯੁਕਤ

**ਨਵੀਂ ਦਿੱਲੀ/ਬਿਊਰੋ ਨਿਊਜ਼** :

ਫਰਜ਼ੀ ਸੰਦੇਸ਼ਾਂ 'ਤੇ ਸ਼ਿਕੰਜਾ ਕੱਸਣ ਨੂੰ ਲੈ ਕੇ ਸਰਕਾਰ ਦਾ ਦਬਾਅ ਝੱਲ ਰਹੇ ਮੈਸੇਂਜਰ ਐਪ ਵੱਟਸਐਪ ਨੇ ਭਾਰਤ ਲਈ ਸ਼ਿਕਾਇਤ ਨਿਵਾਰਨ ਅਧਿਕਾਰੀ ਦੀ ਨਿਯੁਕਤੀ ਕੀਤੀ ਹੈ। ਅਧਿਕਾਰੀ ਨੇ ਉਪਭੋਗਤਾਵਾਂ ਦੀ ਫਰਜ਼ੀ ਖ਼ਬਰਾਂ ਸਮੇਤ ਹੋਰ ਸ਼ਿਕਾਇਤਾਂ ਦੂਰ ਕਰਨ ਦੀ ਜ਼ਿੰਮੇਵਾਰੀ ਲਈ ਹੈ। ਜ਼ਿਕਰਯੋਗ ਹੈ ਕਿ ਦੇਸ਼ ਦੇ ਕਈ ਹਿੱਸਿਆਂ ਵਿੱਚ ਭੀੜ ਵੱਲੋਂ ਕੁੱਟ ਕੁੱਟ ਕੇ ਹੱਤਿਆ ਕਰਨ ਦੀਆਂ ਘਟਨਾਵਾਂ ਸਾਹਮਣੇ ਆਉਣ ਤੋਂ ਬਾਅਦ ਵਟਸਐਪ ਨੂੰ ਫਰਜ਼ੀ ਸੰਦੇਸ਼ਾਂ ਦੇ ਪ੍ਰਚਾਰ ਪ੍ਰਸਾਰ ਨੂੰ ਰੋਕਣ ਲਈ ਜ਼ਰੂਰੀ ਕਦਮ ਉਠਾਉਣ ਲਈ ਕਿਹਾ ਗਿਆ ਸੀ। ਫੇਸਬੁੱਕ ਦੀ ਮੈਸੇਜ਼ਿੰਗ ਕੰਪਨੀ ਨੇ ਆਪਣੀ ਵੈੱਬਸਾਈਟ 'ਤੇ 'ਭਾਰਤ ਲਈ ਸ਼ਿਕਾਇਤ ਨਿਵਾਰਣ ਅਧਿਕਾਰੀ' ਨਿਯੁਕਤ ਕਰਨ ਦੀ ਜਾਣਕਾਰੀ ਦਿੱਤੀ ਹੈ।

## ਬਰਤਾਨੀਆ : ਮਿਡਲੈਂਡ 'ਚ ਸਿੱਖਾਂ ਦੇ ਘਰਾਂ 'ਤੇ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਛਾਪੇਮਾਰੀ

### ਮਾਮਲਾ ਪੰਜਾਬ 'ਚ ਹਿੰਦੂ ਆਗੂਆਂ ਦੇ ਕਤਲ ਦਾ

**ਲੰਡਨ/ਬਿਊਰੋ ਨਿਊਜ਼** : ਮਿਡਲੈਂਡਜ਼ ਸ਼ਹਿਰ ਵਿਚ ਪੁਲਿਸ ਦੀਆਂ ਅੱਤਵਾਦ-ਵਿਰੋਧੀ ਟੀਮਾਂ ਵੱਲੋਂ ਮਾਰੇ ਗਏ ਛਾਪਿਆਂ ਦਾ ਸਬੰਧ ਕਥਿਤ ਤੌਰ 'ਤੇ ਪੰਜਾਬ ਵਿਚ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਗ੍ਰਿਫ਼ਤਾਰੀ ਨਾਲ ਜੋੜਿਆ ਜਾ ਰਿਹਾ ਹੈ। ਚਰਚਾ ਹੈ ਕਿ ਇਹ ਛਾਪੇ ਭਾਰਤ ਸਰਕਾਰ ਦੇ ਇਸ਼ਾਰੇ 'ਤੇ ਮਾਰੇ ਗਏ ਸਨ। ਇਹ ਦਾਅਵਾ 'ਸਿੱਖ ਫ਼ੈਡਰੇਸ਼ਨ (ਯੂਕੇ)' ਨਾਂ ਦੀ ਜੱਥੇਬੰਦੀ ਵੱਲੋਂ ਕੀਤਾ ਗਿਆ ਹੈ।

ਵੈਸਟ ਮਿਡਲੈਂਡਜ਼ ਤੇ ਲੈਸਟਰ ਵਿਚ ਅੱਤਵਾਦ-ਵਿਰੋਧੀ ਇਕਾਈਆਂ ਵੱਲੋਂ ਮਾਰੇ ਗਏ ਛਾਪਿਆਂ ਦਾ ਸਬੰਧ 'ਭਾਰਤ ਵਿਚ ਹੋਈਆਂ ਕੁਝ ਅੱਤਵਾਦੀ ਗਤੀਵਿਧੀਆਂ ਨਾਲ ਦੱਸਿਆ ਗਿਆ ਹੈ। ਇਸ ਮਾਮਲੇ ਵਿਚ ਇੱਥੇ ਕੋਈ ਗ੍ਰਿਫ਼ਤਾਰੀ ਤਾਂ ਨਹੀਂ ਹੋਈ ਪਰ ਕੁਝ ਇਲੈਕਟ੍ਰੌਨਿਕ ਉਪਕਰਨ ਜ਼ਰੂਰ ਬਰਾਮਦ ਕੀਤੇ ਗਏ ਸਨ। ਜਗਤਾਰ ਸਿੰਘ ਜੌਹਲ ਨੂੰ ਪਿਛਲੇ ਨਵੰਬਰ ਵਿਚ ਆਰਐੱਸਐੱਸ ਆਗੂ ਰਵਿੰਦਰ ਗੋਸਾਈਂ ਦੇ ਕਤਲ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਤੋਂ ਬਾਅਦ ਇੰਗਲੈਂਡ ਵਿਚ ਉਸ ਦੀ ਰਿਹਾਈ ਲਈ ਵੀ ਇੱਕ ਮੁਹਿੰਮ ਛੇੜੀ ਗਈ




ਸੀ। ਦੋਸ਼ ਇਹ ਲਾਇਆ ਜਾ ਰਿਹਾ ਹੈ ਕਿ ਹਿਰਾਸਤ ਦੌਰਾਨ ਜੌਹਲ 'ਤੇ ਕਥਿਤ ਤੌਰ 'ਤੇ ਤਸ਼ੱਦਦ ਢਾਹਿਆ ਜਾ ਰਿਹਾ ਹੈ। ਮਿਡਲੈਂਡਜ਼ ਪੁਲਿਸ ਨੇ ਇਨ੍ਹਾਂ ਛਾਪਿਆਂ ਦੇ ਵੇਰਵੇ ਜੱਗ ਜ਼ਾਹਿਰ ਨਹੀਂ ਕੀਤੇ ਪਰ 'ਸਿੱਖ ਫ਼ੈਡਰੇਸ਼ਨ ਦਾ ਕਹਿਣਾ ਹੈ ਕਿ ਇਹ ਛਾਪੇ ਬਰਮਿੰਘਮ, ਕਾਵੈਂਟਰੀ, ਲੈਸਟਰ ਤੇ ਲੰਦਨ ਵਿਚ ਰਹਿੰਦੇ ਛੇ ਸਿੱਖ ਕਾਰਕੁੰਨਾਂ ਦੀਆਂ ਰਿਹਾਇਸ਼ਗਾਹਾਂ 'ਤੇ ਮਾਰੇ ਗਏ ਹਨ। ਇਹ ਸਾਰੇ ਜੌਹਲ ਦੀ ਰਿਹਾਈ ਦੀ ਮੁਹਿੰਮ ਨਾਲ ਸਬੰਧਿਤ ਰਹੇ ਹਨ। ਇਸ ਜੱਥੇਬੰਦੀ ਨੇ ਦਾਅਵਾ ਕੀਤਾ ਹੈ ਕਿ 70 ਦੇ ਲਗਭਗ ਪੁਲਿਸ ਅਧਿਕਾਰੀਆਂ ਨੇ 12 ਤੋਂ 36 ਘੰਟਿਆਂ ਤੱਕ ਛਾਪੇ ਮਾਰੇ। ਉਨ੍ਹਾਂ ਦਾ ਨਿਸ਼ਾਨਾ ਸਿਰਫ਼ ਸਿੱਖ ਕਾਰਕੁੰਨ ਹੀ ਨਹੀਂ ਸਨ, ਸਗੋਂ ਉਨ੍ਹਾਂ ਦੇ ਬਜ਼ੁਰਗ, ਅੰਗਹੀਣ ਮਾਪੇ ਤੇ ਨਿੱਕੇ ਬੱਚੇ ਵੀ ਸਨ। ਇਹ ਛਾਪੇ ਕਿਸੇ ਖ਼ੁਫ਼ੀਆ ਜਾਣਕਾਰੀ ਜਾਂ ਸਬੂਤ ਦੇ ਆਧਾਰ 'ਤੇ ਨਹੀਂ ਮਾਰੇ ਗਏ, ਇਹ ਸਿਰਫ਼ ਭਾਰਤੀ ਅਧਿਕਾਰੀਆਂ ਨੂੰ ਇਹ ਵਿਖਾਉਣ ਲਈ ਕੀਤਾ ਗਿਆ ਕਿ ਇੰਗਲੈਂਡ ਸਿੱਖ ਕਾਰਕੁੰਨਾਂ ਖ਼ਿਲਾਫ਼ ਕਾਰਵਾਈ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੁੰਦਾ ਹੈ। ਇਸ ਦੌਰਾਨ ਦੋ ਸਿੱਖ ਵੈਬਸਾਈਟਾਂ ਨੇਵਰਫੋਰਗੈਟ ੮੪ ਡੌਟ ਕੌਮ ਅਤੇ ੧੯੮੪ ਟ੍ਰਿਬਿਊਟ ਡੌਟ ਕੌਮ ਵੀ ਬੰਦ ਹੋਈਆਂ ਹਨ। ਸੂਤਰਾਂ ਮੁਤਾਬਕ ਇਹਨਾਂ ਵੈਬਸਾਈਟਾਂ 'ਤੇ ਭਾਰਤੀ ਕਬਜ਼ੇ ਤੋਂ ਪੰਜਾਬ ਨੂੰ ਆਜ਼ਾਦ ਕਰਾਉਣ ਲਈ ਬੀਤੇ ਸਮੇਂ ਵਿਚ ਚੱਲੇ ਸਿੱਖ ਸੰਘਰਸ਼ ਨਾਲ ਸਬੰਧਤ ਜਾਣਕਾਰੀ

ਬਾਕੀ ਸਫ਼ਾ 28 'ਤੇ

## ਪ੍ਰਕਾਸ਼ ਸਿੰਘ ਬਾਦਲ ਨੂੰ ਮਿਲੇਗੀ ਹਰ ਮਹੀਨੇ ਸਵਾ ਪੰਜ ਲੱਖ ਤੋਂ ਵੱਧ ਪੈਨਸ਼ਨ

**ਬਠਿੰਡਾ/ਬਿਊਰੋ ਨਿਊਜ਼** :

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦਸ ਵਾਰੀ ਵਿਧਾਇਕ ਰਹਿ ਚੁੱਕੇ ਹਨ ਅਤੇ ਮੌਜੂਦਾ ਵਿਧਾਇਕ ਵੀ ਹਨ। ਸਿਆਸਤ ਤੋਂ ਸੇਵਾਮੁਕਤ ਹੋਣ ਦੀ ਸੂਰਤ ਵਿਚ ਪ੍ਰਕਾਸ਼ ਸਿੰਘ ਬਾਦਲ ਨੂੰ ਪ੍ਰਤੀ ਮਹੀਨਾ 5.26 ਲੱਖ ਰੁਪਏ ਪੈਨਸ਼ਨ ਮਿਲੇਗੀ, ਜੋ ਆਪਣੇ ਆਪ ਵਿਚ ਰਿਕਾਰਡ ਹੋਵੇਗੀ। ਇਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਦਾ ਸਿਆਸਤ ਤੋਂ ਸੇਵਾਮੁਕਤ ਹੋਣਾ ਜਾਂ ਸਿਆਸੀ ਸੰਨਿਆਸ ਵੀ ਪੰਜਾਬ ਦੇ ਖ਼ਜ਼ਾਨੇ ਨੂੰ ਬਹੁਤ ਮਹਿੰਗਾ ਪਵੇਗਾ।



ਸਿਆਸਤਦਾਨਾਂ ਨੇ ਸਰਕਾਰੀ ਖ਼ਜ਼ਾਨਿਆਂ ਦੇ ਮੂੰਹ ਆਪਣੇ ਲਈ ਕੁਝ ਜ਼ਿਆਦਾ ਹੀ ਖੁੱਲ੍ਹੇ ਰੱਖੇ ਹੋਏ ਹਨ। ਪੰਜਾਬ ਦੇ ਸਾਬਕਾ ਵਿਧਾਇਕਾਂ ਵੱਲੋਂ ਸਰਕਾਰੀ ਖ਼ਜ਼ਾਨੇ ਨੂੰ ਪੈਨਸ਼ਨਾਂ ਤੇ ਹੋਰ ਭੱਤਿਆਂ ਦੇ ਰੂਪ ਵਿਚ ਖ਼ੂਬ ਮਾਂਜਿਆਂ ਜਾ ਰਿਹਾ ਹੈ। ਹੈ। ਉਨ੍ਹਾਂ ਦੇ ਘਰਾਂ ਵਿੱਚ ਪੈਨਸ਼ਨ ਦੇ ਰੂਪ 'ਚ ਨੋਟਾਂ ਦਾ ਮੀਂਹ ਵਰ੍ਹਦਾ ਹੈ। ਦੂਸਰੀ ਤਰਫ਼ ਪੰਜਾਬ ਦੇ ਬਜ਼ੁਰਗਾਂ ਦਾ ਮਾਮੂਲੀ ਪੰਜ ਸੌ ਰੁਪਏ ਦੀ ਬੁਢਾਪਾ ਪੈਨਸ਼ਨ ਨੇ ਬੁਢਾਪਾ ਰੋਲ ਰੱਖਿਆ ਹੈ। ਇਧਰ ਸਾਬਕਾ ਵਿਧਾਇਕਾਂ ਦੇ ਪੈਨਸ਼ਨ ਨੇ ਹੀ ਵਾਰੇ ਨਿਆਰੇ ਕਰ ਰੱਖੇ ਹਨ। ਪੰਜਾਬ ਦੇ ਕਰੀਬ ਸਵਾ ਦੋ ਸੌ ਸਾਬਕਾ ਵਿਧਾਇਕ ਪੈਨਸ਼ਨ ਲੈ ਰਹੇ ਹਨ। ਹੁਣ ਪੈਨਸ਼ਨ ਰਾਸ਼ੀ ਏਨੀ ਹੈ ਕਿ ਇੱਕ ਵਾਰੀ ਵਿਧਾਇਕ ਬਣਨ ਵਾਲੇ ਨੇਤਾ ਦੀ ਉਮਰ ਭਰ ਲਈ ਲਾਟਰੀ ਲੱਗ ਜਾਂਦੀ ਹੈ। ਸਿਰਫ਼ ਇੱਕ ਦਫ਼ਾ ਜੋ ਵਿਧਾਇਕ ਰਹੇ ਹਨ, ਉਨ੍ਹਾਂ ਨੂੰ ਬਤੌਰ ਸਾਬਕਾ ਵਿਧਾਇਕ ਹੁਣ ਸਭ ਭੱਤਿਆਂ ਸਮੇਤ 75,150 ਰੁਪਏ ਪੈਨਸ਼ਨ ਮਿਲਦੀ ਹੈ, ਜੋ ਬਾਕੀ ਸਹੂਲਤਾਂ ਹਨ, ਉਹ ਵੱਖਰੀਆਂ ਹਨ। ਸਰਕਾਰੀ ਵੇਰਵਿਆਂ ਅਨੁਸਾਰ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਨੂੰ ਬਤੌਰ ਸਾਬਕਾ ਵਿਧਾਇਕਾ ਇਸ ਵੇਲੇ 3.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ, ਜਦੋਂਕਿ ਹੁਣ ਪਲੈਨਿੰਗ ਬੋਰਡ ਦੀ ਵਾਈਸ ਚੇਅਰਮੈਨ ਵਜੋਂ ਵੱਖਰੀ ਤਨਖ਼ਾਹ ਤੇ ਭੱਤੇ ਮਿਲਣਗੇ। ਬੀਬੀ ਭੱਠਲ ਛੇ ਵਾਰ ਵਿਧਾਇਕ ਬਣੇ ਹਨ। ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਵੀ ਛੇ ਵਾਰ ਵਿਧਾਇਕ ਰਹੇ ਹਨ ਅਤੇ ਉਨ੍ਹਾਂ ਨੂੰ ਵੀ ਸਵਾ ਤਿੰਨ ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਸਾਬਕਾ ਮੰਤਰੀ ਸਰਵਨ ਸਿੰਘ ਫਿਲੌਰ ਵੀ 3.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ ਜਦੋਂ ਕਿ ਬਲਵਿੰਦਰ ਸਿੰਘ ਭੂੰਦੜ ਪੰਜ ਵਾਰ ਵਿਧਾਇਕ ਰਹਿਣ ਕਰਕੇ ਇਸ ਵੇਲੇ 2.75 ਲੱਖ ਰੁਪਏ ਪ੍ਰਤੀ ਮਹੀਨਾ ਲੈ ਰਹੇ ਹਨ। ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਪੰਜਾਬ ਦੇ ਖ਼ਜ਼ਾਨੇ 'ਚੋਂ 2.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ। ਭੂੰਦੜ ਤੇ ਢੀਂਡਸਾ ਨੂੰ ਬਤੌਰ ਰਾਜ ਸਭਾ ਮੈਂਬਰ ਵੱਖਰੀ ਤਨਖ਼ਾਹ ਤੇ ਭੱਤੇ ਮਿਲ ਰਹੇ ਹਨ। ਸਾਬਕਾ ਵਿਧਾਇਕ ਹਰੀ ਸਿੰਘ ਜ਼ੀਰਾ, ਗੁਲਜ਼ਾਰ ਸਿੰਘ ਰਣੀਕੇ ਅਤੇ ਰਣਜੀਤ ਸਿੰਘ ਬ੍ਰਹਮਪੁਰਾ ਵੀ ਪ੍ਰਤੀ ਮਹੀਨਾ 2.25 ਲੱਖ ਰੁਪਏ ਪੈਨਸ਼ਨ ਲੈ ਰਹੇ ਹਨ। ਕਾਂਗਰਸ ਦੇ ਸਾਬਕਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਤਿੰਨ ਵਾਰ ਵਿਧਾਇਕ ਰਹੇ ਹਨ ਜਿਸ ਕਰਕੇ ਉਨ੍ਹਾਂ ਨੂੰ ਪ੍ਰਤੀ ਮਹੀਨਾ 1.75 ਲੱਖ ਰੁਪਏ ਪੈਨਸ਼ਨ ਮਿਲਦੀ ਹੈ ਜਦੋਂ ਕਿ ਐਮਪੀ ਵਜੋਂ ਤਨਖ਼ਾਹ ਤੇ ਭੱਤੇ ਵੱਖਰੇ ਮਿਲਦੇ ਹਨ। ਜੋ ਵਿਧਾਇਕ ਇੱਕ ਵਾਰ ਐਮਪੀ ਵੀ ਰਹਿ ਜਾਂਦੇ ਹਨ, ਉਨ੍ਹਾਂ ਨੂੰ ਡਬਲ ਗੱਫਾ ਮਿਲਦਾ ਹੈ। ਪੰਜਾਬ ਦੇ ਨੌਂ ਸਾਬਕਾ ਵਿਧਾਇਕ ਅਜਿਹੇ ਹਨ, ਜੋ ਲੋਕ ਸਭਾ ਅਤੇ ਰਾਜ ਸਭਾ ਤੋਂ ਵੀ ਪੈਨਸ਼ਨ ਲੈ ਰਹੇ ਹਨ ਤੇ ਸਾਬਕਾ ਵਿਧਾਇਕ ਵਾਲੀ ਪੈਨਸ਼ਨ ਵੀ ਲੈ ਰਹੇ ਹਨ। ਸਰਕਾਰੀ ਸੂਚਨਾ ਅਨੁਸਾਰ ਵਿਧਾਨ ਸਭਾ ਵੱਲੋਂ ਹਰ ਸਾਬਕਾ ਵਿਧਾਇਕ ਦੀ ਪੈਨਸ਼ਨ ਫਿਕਸ ਕੀਤੀ ਗਈ ਹੈ ਅਤੇ ਉਹ ਖ਼ਜ਼ਾਨੇ ਜਾਂ ਬੈਂਕ 'ਚੋਂ ਪ੍ਰਾਪਤ ਕਰਦੇ ਹਨ। ਪੰਜਾਬ ਰਾਜ ਵਿਧਾਨ ਮੰਡਲ ਮੈਂਬਰਜ਼ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਐਕਟ 1977 ਅਤੇ ਪੰਜਾਬ ਰਾਜ ਵਿਧਾਨ ਮੰਡਲ ਮੈਂਬਰਜ਼ (ਪੈਨਸ਼ਨ ਅਤੇ ਡਾਕਟਰੀ ਸਹੂਲਤਾਂ ਵਿਨਿਯਮ) ਨਿਯਮ, 1984 ਦੀ ਧਾਰਾ 3(1 ਅਧੀਨ ) ਪੈਨਸ਼ਨ ਨਿਸ਼ਚਿਤ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਨੇ 26 ਅਕਤੂਬਰ 2016 ਨੂੰ ਪੈਨਸ਼ਨ ਵਿੱਚ ਵਾਧਾ ਕਰਕੇ ਹਰ ਸਾਬਕਾ ਵਿਧਾਇਕ ਨੂੰ ਪਹਿਲੀ ਟਰਮ ਲਈ 15 ਹਜ਼ਾਰ ਰੁਪਏ ਮੁੱਢਲੀ ਤਨਖ਼ਾਹ, 50 ਫ਼ੀਸਦੀ ਮਰਜ਼ੀ ਡੀ.ਏ ਅਤੇ 234 ਫ਼ੀਸਦੀ (ਮੌਜੂਦਾ) ਮਹਿੰਗਾਈ ਭੱਤੇ ਮੁਤਾਬਕ ਬਣਦੀ ਪੈਨਸ਼ਨ ਦਿੱਤੀ ਜਾ ਰਹੀ ਹੈ। ਇੱਕ ਤੋਂ ਜ਼ਿਆਦਾ ਦਫ਼ਾ ਵਿਧਾਇਕ ਬਣਨ ਵਾਲਿਆਂ ਨੂੰ ਪ੍ਰਤੀ ਟਰਮ 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਮੁੱਢਲੀ ਪੈਨਸ਼ਨ ਸਮੇਤ ਭੱਤੇ ਵੱਖਰੀ ਦਿੱਤੀ ਜਾਂਦੀ ਹੈ। ਇਸ ਲਿਹਾਜ਼ ਨਾਲ ਦੋ ਵਾਰ ਵਿਧਾਇਕ ਬਣਨ ਵਾਲਾ ਵਿਅਕਤੀ ਸਵਾ ਲੱਖ ਰੁਪਏ ਅਤੇ ਤਿੰਨ ਵਾਰ ਵਿਧਾਇਕ ਬਣਨ ਵਾਲਾ ਪੌਣੇ ਦੋ ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦਾ ਹੱਕਦਾਰ ਬਣਦਾ ਹੈ। ਚਾਰ ਵਾਰ ਵਿਧਾਇਕ ਬਣਨ ਵਾਲਿਆਂ ਨੂੰ ਸਵਾ ਦੋ ਲੱਖ, ਪੰਜ ਵਾਰੀ ਦੇ ਸਾਬਕਾ ਵਿਧਾਇਕ ਨੂੰ ਪੌਣੇ ਤਿੰਨ ਲੱਖ, ਛੇ ਵਾਰੀ ਦੇ ਨੂੰ 3.25 ਲੱਖ, ਸੱਤ ਵਾਰੀ ਦੇ ਨੂੰ 3.75 ਲੱਖ, ਅੱਠ ਵਾਰੀ ਦੇ ਨੂੰ 4.25 ਲੱਖ ਅਤੇ ਨੌਂ ਵਾਰੀ ਵਿਧਾਇਕ ਬਣਨ ਵਾਲੇ ਨੇਤਾ ਨੂੰ 4.75 ਲੱਖ ਰੁਪਏ ਪੈਨਸ਼ਨ ਮਿਲਦੀ ਹੈ। ਜਦੋਂ ਕਿਤੇ ਪੈਨਸ਼ਨ ਵਿੱਚ ਵਾਧਾ ਹੋਵੇਗਾ ਤਾਂ ਇਹ ਪੈਨਸ਼ਨ ਹੋਰ ਵਧੇਗੀ। ਪੰਜਾਬ ਦੇ ਦਰਜਨਾਂ ਸਾਬਕਾ ਵਿਧਾਇਕ ਤਿੰਨ ਤਿੰਨ ਵਾਰੀ ਐੱਮਐੱਲਏ ਰਹੇ ਹਨ। ਦੋ ਦੋ ਵਾਰ ਵਿਧਾਇਕ ਰਹਿਣ ਵਾਲੇ ਨੇਤਾ ਤਾਂ ਕਾਫ਼ੀ ਗਿਣਤੀ ਵਿੱਚ ਹਨ। ਸਾਬਕਾ ਵਿਧਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਜੀਵਨ ਭਰ ਲਈ ਸਿਹਤ ਸਹੂਲਤ ਦਿੱਤੀ ਜਾਂਦੀ ਹੈ ਜੋ ਅਨਲਿਮਟਿਡ ਹੈ। ਪੰਜਾਬ ਸਰਕਾਰ ਹਰ ਵਰ੍ਹੇ ਔਸਤਨ ਕਰੀਬ ਇੱਕ ਕਰੋੜ ਰੁਪਏ ਸਾਬਕਾ ਵਿਧਾਇਕਾਂ ਦੇ ਇਲਾਜ 'ਤੇ ਖ਼ਰਚ ਕਰਦੀ ਹੈ। ਸਾਬਕਾ ਵਿਧਾਇਕਾਂ ਦਾ ਤਰਕ ਹੈ ਕਿ ਉਹ ਨਿਯਮਾਂ ਅਨੁਸਾਰ ਹੀ ਪੈਨਸ਼ਨ ਲੈ ਰਹੇ ਹਨ ਅਤੇ ਸਿਆਸੀ ਜੀਵਨ ਵਿਚ ਨਿੱਤ ਦੇ ਖ਼ਰਚਿਆਂ ਦੇ ਸਾਹਮਣੇ ਇਹ ਪੈਨਸ਼ਨ ਵੱਡੀ ਨਹੀਂ ਹੈ।

# ਮਨਮਰਜ਼ੀਆਂ : ਤਾਪਸੀ ਪੰਨੂ ਦਾ ਸਿੱਖ ਵਿਰੋਧੀ ਬਿਆਨ ਤੇ ਹੰਕਾਰ ਦੀ ਅਦਾਕਾਰੀ

*• ਸਿੱਖਾਂ ਵਿਚ ਫੈਲਿਆ ਰੋਸ, ਫ਼ਿਲਮ ਦੇ ਬਾਈਕਾਟ ਦਾ ਐਲਾਨ • ਸੀਨ ਕੱਟਣ ਨਾਲ ਸਿੱਖ ਸਿਗਰਟ, ਸ਼ਰਾਬ ਤੇ ਨਸ਼ਿਆਂ ਤੋਂ ਹਟ ਜਾਣਗੇ : ਤਾਪਸੀ ਪੰਨੂ*

## ਦ੍ਰਿਸ਼ ਕੱਟਣ 'ਤੇ ਫ਼ਿਲਮ ਡਾਇਰੈਕਟਰ ਅਨੁਰਾਗ ਕਸ਼ਯਪ ਨਾਰਾਜ਼

**ਜਲੰਧਰ/ਬਿਊਰੋ ਨਿਊਜ਼ :** ਹਿੰਦੀ ਫਿਲਮ "ਮਨਮਰਜ਼ੀਆਂ" ਵਿੱਚ ਅਭਿਸ਼ੇਕ ਬੱਚਨ ਨੂੰ ਸਿੱਖ ਦੇ ਕਿਰਦਾਰ ਵਿਚ ਸਿਗਰਟ ਪੀਂਦਿਆਂ ਦਿਖਾਏ ਜਾਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਤਰਾਜ਼ ਕੀਤੇ ਜਾਣ ਤੋਂ ਬਾਅਦ ਨਿਰਮਾਤਾ ਨੇ ਫਿਲਮ ਵਿਚੋਂ ਤਿੰਨ ਸੀਨ ਹਟਾਉਣ ਦਾ ਐਲਾਨ ਕੀਤਾ ਹੈ। ਫਿਲਮ ਨਿਰਮਾਤਾਵਾਂ ਨੇ ਸੀਨ ਹਟਾਉਣ ਲਈ ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਕੋਲ ਪਹੁੰਚ ਕੀਤੀ ਹੈ। ਸੈਂਸਰ ਬੋਰਡ ਦੀ ਇਕ ਕਾਪੀ ਮੁਤਾਬਕ ਜਿਹੜੇ ਤਿੰਨ ਸੀਨ ਕੱਢੇ ਗਏ ਹਨ ਉਨ੍ਹਾਂ ਵਿੱਚ ਅਭਿਸ਼ੇਕ ਬੱਚਨ ਵੱਲੋਂ ਸਿਗਰਟਨੋਸ਼ੀ ਦਾ 29 ਸੈਕਿੰਡ ਦਾ ਸੀਨ, ਇਕ ਗੁਰਦੁਆਰੇ ਵਿਚ ਤਾਪਸੀ ਪੰਨੂ ਤੇ ਅਭਿਸ਼ੇਕ ਦੇ ਦਾਖ਼ਲ ਹੋਣ ਦਾ ਇਕ ਮਿੰਟ ਦਾ ਸੀਨ ਤੇ ਤਾਪਸੀ ਦੇ ਸਿਗਰਟਨੋਸ਼ੀ ਦਾ 11 ਸੈਕਿੰਡ ਦਾ ਸੀਨ ਸ਼ਾਮਲ ਹਨ। ਫ਼ਿਲਮ ਵਿਚ ਅਭਿਸ਼ੇਕ ਬੱਚਨ ਲੰਡਨ ਤੋਂ ਅੰਮ੍ਰਿਤਸਰ ਵਿਆਹ ਕਰਵਾਉਣ ਪਰਤੇ ਇੱਕ ਪਤਿਤ ਸਿੱਖ, ਰੌਬੀ, ਦਾ ਕਿਰਦਾਰ ਨਿਭਾ ਰਹੇ ਹਨ। ਜਦੋਂ ਰੂਮੀ ਨਾਂ ਦੀ ਸਿੱਖ ਕੁੜੀ (ਤਾਪਸੀ ਪੰਨੂ) ਇਕ ਦ੍ਰਿਸ਼ ਵਿੱਚ ਰੌਬੀ ਨੂੰ ਆਖਦੀ ਹੈ ਕਿ ਉਹ ਉਸ ਨਾਲ ਵਿਆਹ ਨਹੀਂ ਕਰਵਾਏਗੀ ਤਾਂ ਰੌਬੀ ਦੁਖੀ ਹੋ ਜਾਂਦਾ ਹੈ। ਇੱਥੇ ਰੌਬੀ ਆਪਣੀ ਪੱਗ ਲਾਹ ਕੇ ਨੌਕਰ ਨੂੰ ਫੜਾ ਦਿੰਦਾ ਹੈ ਅਤੇ ਸਿਗਰਟ ਪੀਂਦਾ ਹੈ। ਕਰੀਬ ਇਕ ਮਿੰਟ ਦਾ ਤੀਜਾ ਦ੍ਰਿਸ਼ ਉਸ ਵੇਲੇ ਦਾ ਹੈ, ਜਦੋਂ ਰੌਬੀ ਤੇ ਰੂਮੀ ਵਿਆਹ ਲਈ ਗੁਰਦੁਆਰੇ ਅੰਦਰ ਜਾ ਰਹੇ ਹੁੰਦੇ ਹਨ ਅਤੇ ਰੂਮੀ ਨੂੰ ਆਪਣੇ ਪ੍ਰੇਮੀ ਵਿੱਕੀ ਸੰਧੂ (ਵਿੱਕੀ ਕੌਸ਼ਲ) ਦੇ ਖ਼ਿਆਲ ਆਉਂਦੇ ਹਨ। ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮਨਜੀਤ ਸਿੰਘ ਜੀਕੇ. ਨੇ ਇਸ ਬਾਰੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਤੇ ਸੈਂਸਰ ਬੋਰਡ ਦੇ ਮੁਖੀ ਨੂੰ ਚਿੱਠੀ ਲਿਖੀ ਸੀ, ਜਿਸ ਵਿਚ ਕਿਹਾ ਸੀ ਕਿ ਸੈਂਸਰ ਬੋਰਡ ਕਈ ਸਾਲਾਂ ਤੋਂ ਸਿੱਖ ਵਿਰੋਧੀ ਫਿਲਮਾਂ ਨੂੰ ਪ੍ਰਦਰਸ਼ਨ ਕਰਨ ਦੀ ਮਨਜ਼ੂਰੀ ਦੇ ਰਿਹਾ ਹੈ, ਜਿਸ ਵਿਚ 'ਮਨਮਰਜ਼ੀਆਂ', 'ਡਿਸ਼ੂਮ', 'ਸੰਤਾ-ਬੰਤਾ' ਤੇ 'ਨਾਨਕਸ਼ਾਹ ਫ਼ਕੀਰ' ਵਰਗੀਆਂ ਵਿਵਾਦਿਤ ਫਿਲਮਾਂ ਨੂੰ ਸੈਂਸਰ ਬੋਰਡ ਵਲੋਂ ਪਾਸ ਕਰਨਾ ਸਿਨੇਮੈਟੋਗ੍ਰਾਫ ਐਕਟ ਤੇ ਉਸ ਦੇ ਨਿਯਮਾਂ ਦੀ ਉਲੰਘਣਾ ਹੈ। ਸੈਂਸਰ ਬੋਰਡ ਵਲੋਂ ਫਿਲਮ ਨੂੰ ਪਾਸ ਕਰਨ ਵੇਲੇ ਇਸ ਗੱਲ ਨੂੰ ਜ਼ਰੂਰੀ ਤੌਰ 'ਤੇ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਫਿਲਮ ਸਮਾਜ ਪ੍ਰਤੀ ਜੁਆਬਦੇਹ ਤੇ ਸਮਾਜ ਦੀਆਂ ਭਾਵਨਾਵਾਂ ਨੂੰ ਕਾਇਮ ਰੱਖਣ ਵਿਚ ਸਮਰੱਥ ਹੋਵੇ।



**ਦ੍ਰਿਸ਼ ਹਟਾਉਣ 'ਤੇ ਡਾਇਰੈਕਟਰ ਨਰਾਜ਼ :** ਫਿਲਮ ਵਿੱਚੋਂ ਸਿਗਰਟਨੋਸ਼ੀ ਨਾਲ ਸਬੰਧਿਤ ਤਿੰਨ ਦ੍ਰਿਸ਼ ਕੱਟਣ ਤੋਂ ਬਾਅਦ ਫਿਲਮ ਦੇ ਨਿਰਦੇਸ਼ਕ ਅਨੁਰਾਗ ਕਸ਼ਯਪ ਨੇ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਇਹ ਫੈਸਲਾ ਕਰਨ ਸਮੇਂ ਉਸ ਨਾਲ ਵਿਚਾਰ ਵਟਾਂਦਰਾ ਨਹੀਂ ਕੀਤਾ ਗਿਆ। ਅਨੁਰਾਗ ਨੇ ਟਵਿੱਟਰ ਉੱਤੇ ਕਿਹਾ ਕਿ ਮੇਰੇ ਵੱਲੋਂ ਕੀਤੇ ਟਵੀਟ ਨੂੰ ਹਟਾਉਣ ਤੋਂ ਪਹਿਲਾਂ ਵਧਾਈਆਂ। ਪੰਜਾਬ ਨਾਲ ਸਬੰਧਿਤ ਸਾਰੀਆਂ ਸਮੱਸਿਆਵਾਂ ਦੂਰ ਕਰ ਦਿੱਤੀਆਂ ਗਈਆਂ ਹਨ ਤੇ ਸਿੱਖ ਨੌਜਵਾਨ ਸੁਰੱਖਿਅਤ ਹਨ ਤੇ ਨਸ਼ੇ ਨਹੀਂ ਕਰਦੇ। ਜੇ ਭਵਿੱਖ ਵਿੱਚ ਤੁਹਾਨੂੰ ਕਿਸੇ ਫਿਲਮ ਤੋਂ ਖਤਰਾ ਜਾਪਿਆ ਤਾਂ ਸੈਂਸਰ ਬੋਰਡ ਨੂੰ ਸਿੱਧੇ ਹੀ ਮਿਲ ਲਿਓ। ਫਿਲਮ ਦੇ ਦ੍ਰਿਸ਼ ਕੱਟਣ ਤੋਂ ਪਤਾ ਚੱਲਦਾ ਹੈ ਕਿ ਮਿੰਟਾਂ ਵਿੱਚ ਮਸਲੇ ਕਿਵੇਂ ਨਿਬੇੜ ਦਿੱਤੇ ਜਾਂਦੇ ਹਨ।

## ਤਾਪਸੀ ਪੰਨੂ ਦਾ ਸਿੱਖ ਧਰਮ ਵਿਰੁਧ ਭੌਂਡਾ ਤਰਕ :

ਫਿਲਮ ਸਭਿਆਚਾਰ ਨਾਲ ਜੁੜੇ ਲੋਕ ਕਿਸੇ ਧਰਮ ਨਾਲ ਜੁੜੇ ਨਹੀਂ ਹੁੰਦੇ। ਕਿਸੇ ਨਾਲ ਇਹਨਾਂ ਦੇ ਸੈਕਸ ਸਬੰਧ ਹੋ ਸਕਦੇ ਹਨ ਤੇ ਕੋਈ ਵੀ ਨਸ਼ਾ ਇਹ ਪੀ ਸਕਦੇ ਹਨ, ਜਿਸ ਨੂੰ ਇਹ ਮਾਡਰਨ ਦੁਨੀਆ ਕਹਿੰਦੇ ਹਨ। ਅਸਲ ਵਿਚ ਇਹ ਦੁਨੀਆ ਪ੍ਰਦੂਸ਼ਣ ਨਾਲ ਭਰ ਦੁਨੀਆ ਹੁੰਦੀ ਹੈ ਜਿਥੇ ਸਾਡੇ ਵਰਗੇ ਸਾਧਾਰਨ ਪਰਿਵਾਰਾਂ ਦੀ ਤਰ੍ਹਾਂ ਰਿਸ਼ਤੇ ਨਹੀਂ ਹੁੰਦੇ। ਸਿੱਖ ਧਰਮ ਦਾ ਰਿਸ਼ਤਾ ਗੁਰੂ ਤੇ ਸਿੱਖ ਮਰਿਯਾਦਾ ਨਾਲ ਹੈ। ਗੁਰੂ ਨੇ ਹਰ ਨਸ਼ੇ ਤੋਂ ਸਿੱਖ ਨੂੰ ਵਰਜਿਆ ਹੈ। ਤੁਸੀਂ ਦੇਖ ਸਕਦੇ ਹੋ ਕਈ ਸਿੱਖ ਟਰੱਕ ਡਰਾਈਵਰ ਸ਼ਰਾਬ, ਤੰਮਾਕੂ ਵੀ ਪੀਂਦੇ ਹਨ ਪਰ ਇਸ ਦਾ ਅਰਥ ਇਹ ਨਹੀਂ ਕਿ ਇਹ ਨਸ਼ੇ ਸਿੱਖ ਲਈ ਵਰਜਿਤ ਨਹੀਂ। ਸਿੱਖ ਪੰਥ ਦਾ ਰੋਲ ਮਾਡਲ ਗੁਰੂ ਸਾਹਿਬਾਨ ਹਨ, ਟਰੱਕ ਡਰਾਈਵਰ ਜਾਂ ਫਿਲਮੀ ਕਲਾਕਾਰ ਨਹੀਂ। ਜੇਕਰ ਕੋਈ ਪੁਲੀਸ ਅਫਸਰ ਡਿਊਟੀ ਟਾਈਮ ਨਸ਼ਾ ਕਰਦਾ ਹੈ ਜਾਂ ਕਿਸੇ ਬਲਾਤਕਾਰ ਵਿਚ ਸ਼ਾਮਲ ਹੁੰਦਾ ਹੈ, ਕੀ ਉਸ ਨੂੰ ਅਜਿਹਾ ਕਰਨ ਦੀ ਭਾਰਤੀ ਕਾਨੂੰਨ ਇਜਾਜ਼ਤ ਦਿੰਦਾ? ਜੇ ਨਹੀਂ ਦਿੰਦਾ ਤਾਂ ਫਿਰ ਭਾਰਤੀ ਕਾਨੂੰਨ ਠੀਕ ਹੈ ਜਾਂ ਪੁਲੀਸ ਅਫਸਰ? ਜੇ ਕੋਈ ਪੁਲੀਸ ਅਫਸਰ ਅਜਿਹਾ ਕਰਦਾ ਵੀ ਹੈ ਤਾਂ ਕੀ ਸਭ ਪੁਲੀਸ ਅਫਸਰਾਂ ਨੂੰ ਅਜਿਹਾ ਕਰਨਾ ਚਾਹੀਦਾ? ਜੇਕਰ ਕੋਈ ਫਿਲਮੀ ਕਲਾਕਾਰ ਸਮੈਕ ਲੈਂਦੀ ਹੈ ਤੇ ਡੌਨ ਨਾਲ ਮਿਲ ਕੇ ਕਰਾਈਮ ਕਰਦੀ ਹੈ, ਤਾਂ ਕੀ ਤਾਪਸੀ ਪੰਨੂੰ ਲਈ ਉਹ ਰੋਲ ਮਾਡਲ ਬਣ ਜਾਣੀ ਚਾਹੀਦੀ ਹੈ? ਜੇ ਕਿਸੇ ਫਿਲਮੀ ਕਲਾਕਾਰ ਬੀਬੀ ਨੇ ਇਕ ਦਰਜਨ ਫਰੈਂਡ ਰੱਖੇ ਹਨ ਤੇ ਉਹ ਰੰਗੀਨ ਨਜ਼ਾਰੇ ਵੀ ਪਰਾਏ ਮਰਦਾਂ ਨਾਲ ਮਾਣਦੀ ਹੈ, ਤਾਂ ਕੀ ਤਾਪਸੀ ਪੰਨੂ ਨੂੰ ਵੀ ਅਜਿਹਾ ਕਰ ਲੈਣਾ ਚਾਹੀਦਾ? ਜਿਹੋ ਜਿਹੀਆਂ ਬੇਹੂਦਾ ਗੱਲਾਂ ਤਾਪਸੀ ਕਰ ਰਹੀ ਹੈ, ਉਹੋ ਜਿਹੇ ਅਨੇਕਾਂ ਤਰਕ ਉਸ ਦੇ ਜੁਆਬ ਵਿਚ ਘੜੇ ਜਾ ਸਕਦੇ ਹਨ। ਇਹ ਕੋਈ ਔਖੀ ਗੱਲ ਨਹੀਂ। ਅਸਲ ਵਿਚ ਇਹ ਫਿਲਮੀ ਸੰਸਾਰ ਜਾਣ-ਬੁੱਝ ਕੇ ਅਜਿਹੇ ਵਿਵਾਦ ਖੜ੍ਹੇ ਕਰਕੇ ਆਪਣੀਆਂ ਫਿਲਮਾਂ ਪਰਮੋਟ ਕਰਦਾ ਹੈ। ਪੰਜਾਬੀ ਸਾਹਿਤ ਵਿਚ ਵੀ ਅਜਿਹੇ ਲੋਕ ਮਿਲ ਜਾਣਗੇ ਪਰ ਸਾਰਾ ਪੰਜਾਬੀ ਸਾਹਿਤ ਸੰਸਾਰ ਗਲਤ ਨਹੀਂ ਕਿਹਾ ਜਾ ਸਕਦਾ। ਅਸਲ ਵਿਚ ਇਹ ਫਿਲਮੀ ਸੰਸਾਰ ਮਨੂੰਵਾਦੀ ਸਿਸਟਮ ਤੇ ਨਾਗਪੁਰੀ ਸੱਭਿਆਚਾਰ ਅਨੁਸਾਰ ਚੱਲ ਰਿਹਾ ਹੈ ਤਾਂ ਜੋ ਗੁਰੂ ਦਾ ਦਿੱਤਾ ਸੱਭਿਆਚਾਰ ਬਦਲ ਕੇ ਫਿਲਮੀ ਬਾਕੀ ਸਫ਼ਾ 28 'ਤੇ

**ਤਾਪਸੀ ਪੰਨੂ ਨੇ ਨਵਾਂ ਵਿਵਾਦ ਛੇੜਿਆ:** 'ਮਨਮਰਜ਼ੀਆਂ' ਫਿਲਮ ਦਾ ਸੀਨ ਕਟਾਉਣ ਤੋਂ ਬਾਅਦ ਤਾਪਸੀ ਨੇ ਇਹ ਟਵੀਟ ਲਿਖਿਆ, "ਮੈਨੂੰ ਯਕੀਨ ਹੈ ਕਿ ਸੀਨ ਹਟਾਉਣ ਤੋਂ ਬਾਅਦ ਸਿੱਖ ਸਿਗਰੇਟ ਨਹੀਂ ਪੀਣਗੇ। ਕੋਈ ਔਰਤ ਗੁਰਦੁਆਰੇ ਵਿਚ ਵਿਆਹ ਕਰਦੇ ਸਮੇਂ ਕਿਸੇ ਹੋਰ ਬਾਰੇ ਨਹੀਂ ਸੋਚੇਗੀ। ਇਸ ਨਾਲ ਜ਼ਰੂਰ ਵਾਹਿਗੁਰੂ ਨੂੰ ਮਾਣ ਹੋਵੇਗਾ ਤੇ ਸਾਡਾ ਧਰਮ ਸਭ ਤੋਂ ਪਵਿੱਤਰ ਬਣ ਜਾਵੇਗਾ।"

## *ਸ਼ੋਸ਼ਲ ਮੀਡੀਆ 'ਤੇ ਛਿੜੀ ਬਹਿਸ*

ਪ੍ਰਸਿੱਧ ਕਲਾਕਾਰ ਜਗਦੀਸ਼ ਸਚਦੇਵਾ ਨਾਟਕਕਾਰ ਕਹਿੰਦੇ ਹਨ ਕਿ ਬਿਨਾ ਕਿਸੇ ਧਰਮ ਕਿਸੇ ਸੂਬੇ ਦੇ ਕਲਚਰ ਤੇ ਸਭਿਆਚਾਰ ਨੂੰ ਸਮਝੇ ਬਿਨਾਂ ਫੁਕਰੇ ਜਿਹੇ ਫਿਲਮਕਾਰ ਪੰਗੇ ਕਿਉਂ ਲੈਂਦੇ ਫਿਰਦੇ ਹਨ?

ਸੁਖਵੀਰ ਢਿੱਲੋਂ ਕਹਿੰਦੇ ਹਨ ਕਿ ਇਹ ਲੋਕ ਆਪਣੀਆਂ ਫ਼ਿਲਮਾਂ ਚਮਕਾਉਣ ਲਈ ਵਾਦ-ਵਿਵਾਦ ਵਾਲੇ ਸੀਨ 'ਤੇ ਜ਼ੋਰ ਦਿੰਦੇ ਹਨ ਤਾਂ ਜੋ ਲੋਕਾਂ ਵਿਚ ਆਪਣੀ ਫ਼ਿਲਮ ਨੂੰ ਹਰਮਨ-ਪਿਆਰਾ ਬਣਾਇਆ ਜਾ ਸਕੇ। ਇਹ ਲੋਕ ਕਿਸੇ ਵੀ ਹੱਦ ਤਕ ਡਿੱਗ ਸਕਦੇ ਹਨ, ਕਿਉਂਕਿ ਇਨ੍ਹਾਂ ਵਿਚ ਨੈਤਿਕਤਾ ਨਹੀਂ ਹੈ।

ਅਮਰੀਕਾ ਤੋਂ ਸਿੱਖ ਵਿਦਵਾਨ ਇੰਦਰਜੀਤ ਸਿੰਘ ਉਮਰਪੁਰੀ ਲਿਖਦੇ ਹਨ ਕਿ ਸਿੱਖ ਧਰਮ ਤੇ ਸਭਿਆਚਾਰ ਉਪਰ ਹਰ ਪਾਸਿਓਂ ਸ਼ਾਜਿਸ਼ੀ ਲੋਕ ਹਮਲੇ ਕਰ ਰਹੇ ਹਨ। ਹੁਣ ਸਮਾਂ ਆ ਗਿਆ ਹੈ ਕਿ ਕੌਮ ਜਾਗਰੂਕ ਹੋ ਕੇ ਆਪਣੀਆਂ ਸੰਸਥਾਵਾਂ ਨੂੰ ਅਜ਼ਾਦ ਕਰਵਾਏ ਤੇ ਦ੍ਰਿੜਤਾ ਨਾਲ ਅਜਿਹੇ ਸ਼ਾਜਿਸ਼ੀ ਲੋਕਾਂ ਨੂੰ ਮੂੰਹ-ਤੋੜ ਜਵਾਬ ਦੇਵੇ।

ਕੈਨੇਡਾ ਤੋਂ ਇਕ ਗੁਰਦੁਆਰੇ ਦੇ ਪ੍ਰਬੰਧਕ ਗੁਲਜ਼ਾਰ ਸਿੰਘ ਨਿਰਮਾਣ ਕਹਿੰਦੇ ਹਨ ਕਿ ਸਾਡੇ ਲਈ ਯੋਗ ਗੱਲ ਹੈ ਕਿ ਇਸ ਫਿਲਮ ਨੂੰ ਦੇਖਿਆ ਨਾ ਜਾਵੇ। ਆਰਥਿਕ ਘਾਟਾ ਪਵੇਗਾ, ਕੋਈ ਨੈਗਟਿਵ ਫਿਲਮਾਂ ਨਹੀਂ ਬਣਾ ਸਕੇਗਾ।

ਜਸਵੰਤ ਸਿੰਘ ਸੈਣੀ ਦਾ ਕਹਿਣਾ ਹੈ ਕਿ ਸਿੱਖ ਅਜਿਹੀ ਫਿਲਮ ਨਾ ਵੇਖਣ। ਇਹ ਆਪਣੇ ਆਪ ਲੋਟ ਆ ਬਾਕੀ ਸਫ਼ਾ 28 'ਤੇ

# ਮੋਹਨ ਭਾਗਵਤ ਦੇ ਭਾਸ਼ਣ ਵਿਚਲੀ ਡਰਾਮੇਬਾਜ਼ੀ ਤੇ ਸਵਾਮੀ ਵਿਵੇਕਾਨੰਦ

**ਰਜਿੰਦਰ ਸਿੰਘ ਪੁਰੇਵਾਲ**

ਆਰਐੱਸਐੱਸ ਦੇ ਮੁਖੀ ਮੋਹਨ ਭਾਗਵਤ ਵੱਲੋਂ ਦਿੱਲੀ ਵਿਖੇ ਭਵਿੱਖ ਦੇ ਭਾਰਤ ਬਾਰੇ ਭਗਵੇਂਵਾਦੀ ਦ੍ਰਿਸ਼ਟੀਕੋਣ ਤੋਂ ਦਿੱਤੇ ਭਾਸ਼ਣ ਵਿਚ ਕਾਫ਼ੀ ਕੁਝ ਗ਼ੌਰ ਕਰਨ ਵਾਲਾ ਹੈ। ਇਸ 'ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ। ਯਾਦ ਰਹੇ ਕਿ ਵਿਗਿਆਨ ਭਵਨ ਵਿੱਚ ਸਿਆਸੀ ਆਗੂਆਂ, ਫ਼ਿਲਮੀ ਕਲਾਕਾਰਾਂ, ਵਿਦੇਸ਼ੀ ਰਾਜਦੂਤਾਂ ਅਤੇ ਪੱਤਰਕਾਰ ਸਰੋਤਿਆਂ ਨਾਲ ਤਿੰਨ ਰੋਜ਼ਾ ਕਾਨਫ਼ਰੰਸ ਦੇ ਪਹਿਲੇ ਦਿਨ ਭਾਗਵਤ ਨੇ ਆਪਣੇ ਚਮਤਕਾਰੀ ਭਾਸ਼ਣ ਵਿਚ ਆਪਣੇ ਆਪ ਨੂੰ ਮਨੁੱਖਤਾ ਦਾ ਨਾਇਕ ਪੇਸ਼ ਕਰਨ ਦੀ ਕੋਸ਼ਿਸ ਕੀਤੀ ਕਿ ਸੰਘ ਵੰਨ ਸੁਵੰਨਤਾ ਦੇ ਹੱਕ ਵਿਚ ਹੈ ਤੇ ਉਹ ਮੁਸਲਮਾਨਾਂ 'ਤੇ ਜ਼ੁਲਮ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਹੋਣ ਦੇਣਾ ਚਾਹੁੰਦਾ ਹੈ। ਭਾਗਵਤ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਸੰਗਠਨ ਹਿੰਦੂ ਸਮਾਜ ਨੂੰ ਇਕਜੁੱਟ ਕਰਨ ਅਤੇ ਚਰਿੱਤਰ ਨਿਰਮਾਣ ਵਿਚ ਜੁਟਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਸੰਘ ਦੇਸ਼ ਦੇ ਹਰ ਪਿੰਡ ਅਤੇ ਗਲੀ ਵਿੱਚ ਚੰਗੇ ਸਵੈਮ ਸੇਵਕ ਬਣਾਉਣਾ ਚਾਹੁੰਦਾ ਹੈ। ਇਸ ਮੌਕੇ ਉਨ੍ਹਾਂ ਕਾਂਗਰਸ ਪਾਰਟੀ ਪ੍ਰਤੀ ਆਪਣੀ ਸੁਰ ਨਰਮ ਰੱਖੀ। ਸੰਘ ਦੇ ਬਾਨੀ ਡਾ. ਹੇਡਗੇਵਾਰ ਦੇ ਵਿਚਾਰਾਂ ਦਾ ਜ਼ਿਕਰ ਕਰਦਿਆਂ ਸ੍ਰੀ ਭਾਗਵਤ ਨੇ ਕਿਹਾ ਕਿ ਸੰਘ ਇਕ ਪ੍ਰਣਾਲੀ ਵਿਗਿਆਨ ਹੈ। ਉਨ੍ਹਾਂ ਸੰਘ ਨੂੰ ਲੋਕਤੰਤਰਿਕ ਸੰਗਠਨ ਦਸਦਿਆਂ ਕਿਹਾ ਕਿ ਇਥੇ ਹਰ ਵਰਕਰ ਦੀ ਗੱਲ ਸੁਣੀ ਜਾਂਦੀ ਹੈ। ਇਥੇ ਰਿਮੋਟ ਕੰਟਰੋਲ ਵਰਗਾ ਕੁਝ ਨਹੀਂ ਹੈ। ਇਹ ਸਮਾਗਮ ਕੌਮੀ ਰਾਜਧਾਨੀ ਦਿੱਲੀ ਵਿੱਚ ਕਰਵਾਏ ਜਾਣ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸੰਸਥਾ ਚਾਹੁੰਦੀ ਹੈ ਕਿ ਲੋਕ ਉਸ ਦੇ ਕੰਮ ਨੂੰ ਸਮਝਣ। ਸੰਘ ਵੱਲੋਂ ਕੀਤੇ ਕੰਮ ਦੀ ਕਿਸੇ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਆਰ ਐਸ ਐਸ ਦਾ ਮੁੱਖ ਉਦੇਸ਼ ਸਮਾਜ ਦਾ ਸੁਧਾਰ ਕਰਨਾ ਹੈ। ਸੰਘ ਸਾਰਿਆਂ ਨੂੰ ਨਾਲ ਲੈ ਕੇ ਚੱਲਣਾ ਚਾਹੁੰਦਾ ਹੈ।

ਜੇਕਰ ਭਾਗਵਤ ਦੇ ਹੁਣ ਤੱਕ ਦੇ ਸਮੁੱਚੇ ਭਾਸ਼ਣ ਦੀ ਚੀਰ ਫਾੜ ਕਰੀਏ ਤਾਂ ਉਹ ਅੱਜ ਇਕ ਦਮ ਕਿਵੇਂ ਬਦਲ ਗਏ? ਯਾਦ ਰਹੇ ਕਿ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਉਸ ਨੇ ਕਿਹਾ ਸੀ ਕਿ ਭਾਰਤ ਵਿਚ ਰਹਿਣ ਵਾਲੇ ਸਾਰੇ ਹਿੰਦੂ ਹਨ। ਸਿੱਖ ਹਿੰਦੂ ਧਰਮ ਦਾ ਅੰਗ ਹਨ। ਜੇਕਰ ਆਰ ਐਸ ਐਸ ਦੀ ਵਿਚਾਰਧਾਰਾ ਦਾ ਅਧਿਐਨ ਕਰੀਏ ਤਾਂ ਇਹ ਬਹੁਤ ਹੀ ਜ਼ਾਲਮ ਤੇ ਫਾਸ਼ੀਵਾਦੀ ਵਿਚਾਰਧਾਰਾ ਹੈ, ਜਿੱਥੇ ਉਚ ਜਾਤੀ ਦੇ ਹਿੰਦੂ ਤੋਂ ਸਿਵਾਏ ਇਨ੍ਹਾਂ ਲਈ ਕੋਈ ਮਨੁੱਖ ਨਹੀਂ ਹੈ। ਇਸੇ ਤਹਿਤ ਮੁਸਲਮਾਨਾਂ, ਸਿੱਖਾਂ ਤੇ ਦਲਿਤਾਂ ਉੱਪਰ ਹਮਲੇ ਜਾਰੀ ਹਨ। ਗਊ ਨੂੰ ਮਾਤਾ ਬਣਾ ਕੇ ਮਨੁੱਖਾਂ ਦਾ ਭਾਰਤ ਵਿਚ ਘਾਣ ਕੀਤਾ ਜਾ ਰਿਹਾ ਹੈ। ਅਮਰੀਕੀ ਕਾਂਗਰਸ ਦੀ ਇਕ



ਰਿਪੋਰਟ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਿਛਲੇ ਇਕ ਦਹਾਕੇ ਦੌਰਾਨ ਭਾਰਤ ਵਿਚ ਹਿੰਦੂ ਰਾਸ਼ਟਰਵਾਦ ਦਾ ਉਭਾਰ ਹੋ ਰਿਹਾ ਹੈ ਜਿਸ ਕਾਰਨ ਮੁਲਕ ਦੇ ਧਰਮ ਨਿਰਪੱਖ ਕਿਰਦਾਰ ਨੂੰ ਢਾਹ ਲੱਗ ਰਹੀ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸੋਸ਼ਲ ਮੀਡੀਆ ਮੁਲਕ ਵਿਚ ਬਹੁ ਗਿਣਤੀ ਹਿੰਸਾ ਦੀਆਂ ਘਟਨਾਵਾਂ ਲਈ ਮੰਚ ਪ੍ਰਦਾਨ ਕਰ ਰਿਹਾ ਹੈ। ਆਪਣੀ ਰਿਪੋਰਟ ਵਿਚ ਕਾਂਗਰਸ ਖੋਜ ਸੇਵਾ (ਸੀਆਰਐਸ) ਨੇ ਗਊ ਰਾਖਿਆਂ, ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਹਮਲਿਆਂ ਸਮੇਤ ਧਰਮ ਨਾਲ ਪ੍ਰੇਰਿਤ ਹਿੰਸਾ ਦਾ ਜ਼ਿਕਰ ਕੀਤਾ ਹੈ। ਖੋਜੀ ਵਿੰਗ ਮੁਤਾਬਕ ਗ਼ੈਰ ਸਰਕਾਰੀ ਜਥੇਬੰਦੀਆਂ ਵੱਲੋਂ ਕੀਤੀਆਂ ਜਾਂਦੀਆਂ ਕਾਰਵਾਈਆਂ ਭਾਰਤ ਦੀ ਧਰਮਨਿਰਪੱਖ ਰਵਾਇਤ ਲਈ ਨੁਕਸਾਨਦੇਹ ਮੰਨੀਆਂ ਜਾਂਦੀਆਂ ਹਨ।

ਜੇਕਰ ਸੰਘ ਦੇ ਇਤਿਹਾਸ 'ਤੇ ਝਾਤੀ ਮਾਰੀ ਜਾਵੇ ਤਾਂ ਸੰਘ ਦੇ ਕਈ ਸਮਰਥਕਾਂ 'ਤੇ ਮਹਾਤਮਾ ਗਾਂਧੀ ਨੂੰ ਗੋਲੀ ਮਾਰਨ ਵਾਲੇ ਨੱਥੂ ਰਾਮ ਗੌਡਸੇ ਦੀ ਹਮਾਇਤ ਦੇ ਦੋਸ਼ ਵੀ ਲੱਗਦੇ ਰਹੇ ਹਨ। ਸੰਘ ਨੇ ਸ਼ਰੇਆਮ ਐਲਾਨ ਕੀਤਾ ਹੋਇਆ ਹੈ ਕਿ ਉਹ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦਾ ਹੈ। ਹੁਣੇ ਜਿਹੇ ਮਨੁੱਖੀ ਅਧਿਕਾਰਾਂ ਅਤੇ ਆਰਥਿਕ ਤੇ ਸਮਾਜਿਕ ਤੌਰ ਉੱਤੇ ਪਿਛੜੇ ਲੋਕਾਂ ਦੀ ਆਵਾਜ਼ ਬਣਨ ਵਾਲੇ ਬਹੁਤ ਸਾਰੇ ਬੁੱਧੀਜੀਵੀਆਂ ਉੱਤੇ 'ਸ਼ਹਿਰੀ ਨਕਸਲੀ' ਦੇ ਦੋਸ਼ ਲਾ ਕੇ ਉਨ੍ਹਾਂ ਨੂੰ ਜੇਲ੍ਹ ਵਿਚ ਧੱਕ ਦਿੱਤਾ ਗਿਆ ਹੈ ਤੇ ਹੁਣ ਸ਼ੋਸ਼ਲ ਮੀਡੀਆ 'ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ। ਯੂਨੀਵਰਸਿਟੀਆਂ 'ਤੇ ਹਥਿਆਰਾਂ ਤੇ ਹਿੰਸਾ ਨਾਲ ਹਮਲੇ ਕੀਤੇ ਜਾ ਰਹੇ ਹਨ। ਪਹਿਲਾਂ ਇਹ ਪੰਜਾਬ ਯੂਨੀਵਰਸਿਟੀ ਵਿਚ ਫੇਲ੍ਹ ਹੋਏ ਜਿੱਥੇ ਕਾਮਰੇਡ ਜਿੱਤੇ, ਹੁਣ ਇਹ ਜੀਐਨਯੂ ਵਿਚ ਫੇਲ੍ਹ ਹੋ ਗਏ ਹਨ। ਕਨੱਈਆ ਦਾ ਖੱਬੇਪੱਖੀ ਗਰੁੱਪ ਫਿਰ ਜਿੱਤ ਗਿਆ ਹੈ। ਇਹ ਸਭ ਵਰਤਾਰਾ ਆਰਐਸਐਸ ਕਾਰਨ ਵਾਪਰ ਰਿਹਾ ਹੈ। ਲਵ-ਜੇਹਾਦ ਵਰਗੀਆਂ ਖਤਰਨਾਕ ਮੁਹਿੰਮਾਂ, ਭਗਵੀਆਂ ਭੀੜਾਂ ਦੀ ਹਿੰਸਾ ਭੜਕਾਉਣ ਲਈ ਜਾਰੀ ਹਨ।

ਸੰਘ ਦੇ ਇਤਿਹਾਸ ਨੂੰ ਫਰੋਲਦਿਆਂ ਤੁਹਾਨੂੰ ਦਸ ਦੇਈਏ ਕਿ ਆਰ ਐਸ ਐਸ ਦੀ ਸਥਾਪਨਾ 1925 ਵਿਚ ਨਾਗਪੁਰ ਵਿਚ ਹੋਈ ਸੀ। ਕੇਸ਼ਵ ਬਲੀਰਾਮ ਹੇਡਗੇਵਾਰ ਆਰ ਐਸ ਐਸ ਦੇ ਸੰਸਥਾਪਕ ਸਨ। ਆਰ ਐਸ ਐਸ ਅਰਥਾਤ ਰਾਸ਼ਟਰੀ ਸਵੈ ਸੇਵਕ ਸੰਘ ਖੁਦ ਨੂੰ ਇਕ ਸੱਭਿਆਚਾਰਕ ਸੰਗਠਨ ਤੇ ਸੱਚੇ ਦੇਸ਼ ਭਗਤਾਂ ਦਾ ਸੰਗਠਨ ਦੱਸਦਾ ਹੈ। ਉਸ ਦਾ ਦਾਅਵਾ ਸੀ ਕਿ ਉਸ ਦੀ ਵਿਚਾਰਧਾਰਾ ਹਿੰਦੂਤਵ ਤੇ ਰਾਸ਼ਟਰਵਾਦ ਹੈ। ਉਸ ਦੇ ਰਾਸ਼ਟਰ ਦੀ ਪਰਿਭਾਸ਼ਾ ਕੀ ਹੈ, ਇਹ ਆਰ ਐਸ ਐਸ ਦੀਆਂ ਸ਼ਖ਼ਾਵਾਂ ਵਿਚ ਪ੍ਰਚਲਿਤ ਪ੍ਰਾਰਥਨਾ ਤੇ ਪ੍ਰਤਿੱਗਿਆ ਵਿਚ ਸਾਫ਼ ਹੋ ਜਾਂਦਾ ਹੈ। ਆਪਣੀ ਪ੍ਰਾਰਥਨਾ ਤੇ ਪ੍ਰਤਿੱਗਿਆ ਵਿਚ ਸੰਘੀ ਹਿੰਦੂ, ਧਰਮ, ਹਿੰਦੂ ਸੰਸਕ੍ਰਿਤੀ ਤੇ ਹਿੰਦੂ ਸਮਾਜ ਦੀ ਰੱਖਿਆ ਦੀ ਗੱਲ ਕਰਦੇ ਹਨ। ਸਪੱਸ਼ਟ ਹੈ ਕਿ ਧਰਮ ਨਿਰਪੱਖਤਾ ਤੇ ਸਰਬੱਤ ਦੇ ਭਲੇ ਵਿਚ ਇਨ੍ਹਾਂ ਦਾ ਕੋਈ ਯਕੀਨ ਨਹੀਂ। ਸੰਘੀ ਮਨੂੰਸਮ੍ਰਿਤੀ ਨੂੰ ਭਾਰਤ ਦੇ ਸੰਵਿਧਾਨ ਦੇ ਰੂਪ ਵਿਚ ਲਾਗੂ ਕਰਨਾ ਚਾਹੁੰਦੇ ਨੇ, ਕਿਉਂਕਿ ਸੰਘ ਦਾ ਸੰਵਿਧਾਨ ਤੇ ਵਿਚਾਰਧਾਰਾ ਅਸਲ ਵਿਚ ਮਨੂੰਸਮ੍ਰਿਤੀ 'ਤੇ ਆਧਾਰਿਤ ਹੈ। ਸੰਘ ਦੇ ਹਿੰਦੂ ਰਾਸ਼ਟਰ ਦੀ ਮੈਂਬਰਸ਼ਿਪ ਉੱਚ ਵਰਨਾਂ ਦੇ ਹਿੰਦੂ ਪੁਰਸ਼ਾਂ ਦੇ ਲਈ ਹੀ ਖੁੱਲ੍ਹੀ ਹੈ। ਬਾਕੀ ਜਾਤਾਂ ਤੇ ਧਰਮਾਂ ਸਿੱਖ, ਇਸਾਈ, ਮੁਸਲਮਾਨ ਆਦਿ ਨੂੰ ਜਥੇਬੰਦੀ ਵਿਚ ਦੁਜੇਲਾ ਦਰਜਾ ਦਿੱਤਾ ਜਾਂਦਾ ਹੈ। ਆਰ ਐਸ ਐਸ ਦੇ ਸੰਘ ਚਾਲਕ ਗੋਲਵਲਕਰ ਅਜਿਹੇ ਸਮਾਜ ਦੇ ਪੱਖ ਵਿਚ ਹਨ, ਜਿਸ ਵਿਚ ਸ਼ੂਦਰਾਂ ਨੂੰ ਪਸ਼ੂਆਂ ਤੋਂ ਵੀ ਮਾੜੀ ਥਾਂ ਦਿੱਤੀ ਜਾਵੇ ਤੇ ਉਨ੍ਹਾਂ ਦੇ ਲਈ ਬਰਾਬਰੀ ਤੇ ਅਜ਼ਾਦੀ ਦਾ ਕੋਈ ਅਰਥ ਨਾ ਹੋਵੇ। ਇਸ ਤਰ੍ਹਾਂ ਗੋਲਵਲਕਰ ਜਾਤੀ ਵਾਦੀ ਸਿਸਟਮ ਦੇ ਹੱਕ ਵਿਚ ਖਲੋਤੇ ਹਨ। ਉਹ ਸਿਰਫ਼ ਉੱਚ ਜਾਤੀ ਹਿੰਦੂ ਰਾਸ਼ਟਰ ਚਾਹੁੰਦੇ ਹਨ। ਗੋਲਵਲਕਰ ਦੀ ਤਰ੍ਹਾਂ ਵੀਡੀ ਸਾਵਰਕਰ ਦੇ ਮਨ ਵਿਚ ਮਨੂੰਸਮ੍ਰਿਤੀ ਪ੍ਰਤੀ ਆਦਰਯੋਗ ਥਾਂ ਸੀ। ਉਹ ਕਹਿੰਦੇ ਹਨ ਕਿ ਮਨੂੰਸਮ੍ਰਿਤੀ ਉਹ ਪਵਿੱਤਰ ਪੁਸਤਕ ਹੈ, ਜੋ ਵੇਦਾਂ ਦੇ ਬਾਅਦ ਸਾਡੇ ਹਿੰਦੂ ਰਾਸ਼ਟਰ ਵਿਚ ਬਹੁਤ ਜ਼ਿਆਦਾ ਪੂਜਨੀਕ ਹੈ। ਇਸ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਆਪਣੀ ਵਿਚਾਰਧਾਰਾ ਤੇ ਆਪਣੀ ਫਾਸ਼ੀਵਾਦੀ ਫਿਲਾਸਫ਼ੀ ਨੂੰ ਰੱਦ ਨਹੀਂ ਕਰਨਾ ਚਾਹੁੰਦੀ ਤੇ ਭਾਗਵਤ ਦੇ ਇਹ ਭਾਸ਼ਣ ਸਿਰਫ਼ ਡਰਾਮੇਬਾਜ਼ੀ ਹਨ। ਲੋਕਾਂ ਨੂੰ ਇਸ 'ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ। ਇਨ੍ਹਾਂ ਦੇ ਮਨਾਂ ਵਿਚੋਂ ਹਿੰਸਾ ਨਹੀਂ ਜਾ ਸਕਦੀ। ਭਾਰਤ ਵਿਚ ਇਹ ਲੋਕ ਆਪਣੀ ਨਫ਼ਰਤ ਵਾਲੀ ਭਾਸ਼ਾ ਤੇ ਵਿਹਾਰ ਕਾਰਨ ਨਕਾਰੇ ਜਾ ਰਹੇ ਹਨ। ਕੋਈ ਵੀ ਇਨ੍ਹਾਂ ਉਤੇ ਵਿਸ਼ਵਾਸ ਨਹੀਂ ਕਰ ਸਕਦਾ। ਸੁਆਮੀ ਵਿਵੇਕਾਨੰਦ ਵਰਗੇ ਮਹਾਂਪੁਰਖ ਜਿਨ੍ਹਾਂ ਦੀ ਇਹ ਗੱਲ ਕਰਦੇ ਹਨ , ਉਨ੍ਹਾਂ ਨੇ ਸਾਫ ਕਿਹਾ ਸੀ ਕਿ ਜਾਤ-ਪਾਤ ਤੋਂ ਮੁਕਤ ਹੋ ਜਾਓ ਤੇ ਗੁਰੂ ਗੋਬਿੰਦ ਸਿੰਘ ਜੀ ਨੂੰ ਅਪਨਾ ਲਵੋ, ਜਿਨ੍ਹਾਂ ਨੇ ਅੰਮ੍ਰਿਤ ਛਕਾ ਕੇ ਲੋਕਾਂ ਨੂੰ ਸਿੰਘ ਸਜਾ ਕੇ ਸਵਾ ਲੱਖ ਦੁਸ਼ਮਣਾਂ ਨਾਲ ਲੜਨ ਦਾ ਬਲ ਬਖਸ਼ਿਆ। ਅਸਲ ਵਿਚ ਉਹੀ ਸਾਡੇ ਰੋਲ ਮਾਡਲ ਹਨ ਤੇ ਹਿੰਦੂ ਭਾਈਚਾਰੇ ਨੂੰ ਉਨ੍ਹਾਂ ਦੇ ਕਦਮਾਂ ਉਤੇ ਚਲਣਾ ਚਾਹੀਦਾ ਹੈ ਤੇ ਸਭ ਨਾਲ ਬਰਾਬਰੀ ਦਾ ਸਲੂਕ ਕਰਨਾ ਚਾਹੀਦਾ ਹੈ। ਇਹ ਭਾਸ਼ਣ ਭਾਵੇਂ ਆਰ ਐਸ ਐਸ ਨੇ ਲੁਕਾ ਦਿੱਤਾ ਹੈ, ਪਰ ਵੈਬਸਾਈਟਾਂ ਤੋਂ ਇਹ ਭਾਸ਼ਣ ਤੁਹਾਨੂੰ ਜ਼ਰੂਰ ਮਿਲ ਜਾਵੇਗਾ। ਜੇਕਰ ਭਾਰਤ ਬਚ ਸਕਦਾ ਹੈ ਤਾਂ ਉਹ ਮੋਹਨ ਭਾਗਵਤ ਦੀ ਡਰਾਮੇਬਾਜ਼ੀ ਕਾਰਨ ਨਹੀਂ, ਉਹ ਤਾਂ ਸੱਚੇ ਹਿੰਦੂ ਮਹਾਂਪੁਰਸ਼ ਸਵਾਮੀ ਵਿਵੇਕਾਨੰਦ ਦੀ ਵਿਚਾਰਧਾਰਾ ਕਾਰਨ ਹੀ ਬਚੇਗਾ।

# 'ਰਾਮ ਮੰਦਰ ਦੀ ਉਸਾਰੀ ਹੋਵੇ'

### ਹਿੰਦੂ ਪ੍ਰੀਸ਼ਦ ਦੇ ਆਗੂ ਪ੍ਰਵੀਨ ਤੋਗੜੀਆ ਨਾਲ ਇਕ ਮੁਲਾਕਾਤ
### ਗਊ ਹੱਤਿਆ ਬਾਰੇ ਪ੍ਰਧਾਨ ਮੰਤਰੀ ਮੋਦੀ ਦਾ ਬਿਆਨ ਹਿੰਦੂ ਵਿਰੋਧੀ

ਆਪਣੇ ਬਿਆਨਾਂ ਰਾਹੀਂ ਹਮੇਸ਼ਾਂ ਸੁਰਖੀਆਂ ਵਿੱਚ ਬਣੇ ਰਹਿਣ ਵਾਲੇ ਵਿਸ਼ਵ ਹਿੰਦੂ ਪਰੀਸ਼ਦ ਦੇ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ ਡਾ. ਪ੍ਰਵੀਨ ਭਾਈ ਤੋਗੜੀਆ ਘੱਟ ਗਿਣਤੀਆਂ ਵਿਰੋਧੀ ਖ਼ਾਸ ਕਰਕੇ ਮੁਸਲਮਾਨਾਂ ਵਿਰੁੱਧ ਭੜਕਾਊ ਤੇ ਫਿਰਕੂ ਬਿਆਨ ਦੇਣ ਲਈ ਪ੍ਰਸਿੱਧ ਹਨ। ਹਿੰਦੂ ਸਮਾਜ ਦੀ ਗੱਲ ਹੋਵੇ, ਅਯੁੱਧਿਆ 'ਚ ਰਾਮ ਮੰਦਰ ਨਿਰਮਾਣ ਦੀ ਗੱਲ ਹੋਵੇ। ਉਹ ਹਮੇਸ਼ਾਂ ਫਿਰਕੂਵਾਦ ਫੈਲਾਉਣ ਲਈ ਚਰਚਾ ਵਿੱਚ ਰਹੇ ਹਨ। ਉਨ੍ਹਾਂ ਉੱਪਰ ਦੰਗੇ ਭੜਕਾਉਣ ਦੇ ਵੀ ਦੋਸ਼ ਲੱਗੇ ਹਨ। ਪੇਸ਼ ਹੈ, ਉਨ੍ਹਾਂ ਨਾਲ ਇੱਕ ਮੁਲਾਕਾਤ ਦੇ ਕੁਝ ਅੰਸ਼-

*** ਵਿਸ਼ਵ ਹਿੰਦੂ ਪਰੀਸ਼ਦ ਦੇ ਅਸ਼ੋਕ ਸਿੰਘਲ ਨਹੀਂ ਰਹੇ। ਰਾਮ ਮੰਦਰ ਅੰਦੋਲਨ ਦਾ ਕੀ ਹੋਵੇਗਾ? ਕੀ ਅਯੁੱਧਿਆ 'ਚ ਰਾਮ ਮੰਦਰ ਬਣੇਗਾ?**

-ਰਾਮ ਮੰਦਰ ਬਣਨ ਵਿੱਚ ਕਿਸੇ ਤਰ੍ਹਾਂ ਦੀ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਅਸ਼ੋਕ ਸਿੰਘਲ ਦਾ ਅਕਾਲ ਚਲਾਣਾ ਪੂਰੇ ਹਿੰਦੂ ਸਮਾਜ ਲਈ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਸ ਦੀ ਭਰਪਾਈ ਨਹੀਂ ਹੋ ਸਕਦੀ। ਉਨ੍ਹਾਂ ਦੇ ਪ੍ਰਤੀ ਸਾਡੀ ਅਤੇ ਪੂਰੇ ਦੇਸ ਦੀ ਸੱਚੀ ਸ਼ਰਧਾਂਜਲੀ ਇਹੀ ਹੋਵੇਗੀ ਕਿ ਅਸੀਂ ਅਯੁੱਧਿਆ ਵਿੱਚ ਰਾਮ ਮੰਦਰ



ਦੀ ਉਸਾਰੀ ਕਰਵਾਈਏ।

*** ਕੀ ਸਰਕਾਰ 'ਤੇ ਇਸ ਲਈ ਤੁਸੀਂ ਦਬਾਅ ਬਣਾਓਗੇ?**

-ਅਸ਼ੋਕ ਸਿੰਘਲ ਨੇ ਸੁੰਦਰ ਰਾਮ ਮੰਦਰ ਦੇ ਦਰਸ਼ਨ ਬਿਨਾਂ ਹੀ ਸਰੀਰ ਤਿਆਗ ਦਿੱਤਾ। ਸੰਸਦ ਵਿੱਚ ਕਾਨੂੰਨ ਬਣਾ ਕੇ ਰਾਮ ਮੰਦਰ ਦੀ ਉਸਾਰੀ ਹੀ ਅਸ਼ੋਕ ਸਿੰਘਲ ਦੇ ਸੁਫ਼ਨੇ ਨੂੰ ਪੂਰਾ ਕਰੇਗੀ। ਅਸੀਂ ਕੋਰਟ ਦਾ ਸਨਮਾਨ ਕਰਦੇ ਹਾਂ। ਕੋਰਟ ਨੇ ਆਪਣੇ ਹੁਕਮ 'ਤੇ ਮੰਦਰ ਬਣਨ ਦਾ ਪੱਧਰਾ ਕੀਤਾ ਹੈ। ਸਰਕਾਰ ਨੂੰ ਲੋਕ ਭਾਵਨਾ ਦੀ ਕਦਰ ਕਰਨੀ ਚਾਹੀਦੀ ਹੈ। ਲੋੜ ਪਈ, ਤਾਂ ਅਸੀਂ ਸਿੰਘਲ ਜੀ ਦੇ ਦੱਸੇ ਰਸਤਿਆਂ ਦਾ ਪਾਲਣ ਕਰਦੇ ਹੋਏ ਅੰਦੋਲਨ ਵੀ ਕਰ ਸਕਦੇ ਹਾਂ।

*** ਅੰਦੋਲਨ ਨਾਲ ਕੀ ਵਾਕਿਆ ਹੀ ਰਾਮ ਦੀ ਉਸਾਰੀ ਹੋ ਜਾਵੇਗੀ?**

-ਰਾਮ ਮੰਦਰ ਬਣਨ ਦਾ ਇੱਕ ਰਸਤਾ ਹੈ-ਜਿਵੇਂ ਸੋਮਨਾਥ ਦਾ ਮੰਦਰ ਬਣਿਆ ਸੀ। ਉਦੋਂ ਸਰਦਾਰ ਪਟੇਲ ਨੇ ਕਿਸੇ ਤੋਂ ਸਹਿਮਤੀ ਨਹੀਂ ਲਈ ਸੀ, ਨਾ ਹੀ ਅਦਾਲਤ ਤੋਂ ਪੁੱਛਿਆ ਸੀ। ਭਾਰਤ ਦੀ ਕੈਬਿਨਟ ਨੇ ਫ਼ੈਸਲਾ ਕੀਤਾ ਸੀ। ਹੁਣ ਰਾਮ ਮੰਦਰ ਲਈ ਭਾਰਤ ਦੀ ਸੰਸਦ ਵਿੱਚ ਕਾਨੂੰਨ ਬਣੇ, ਇਹੀ ਇਕੱਲਾ ਤੇ ਸਹੀ ਰਸਤਾ ਹੈ। ਭਾਜਪਾ ਦੇ ਕੋਲ ਲੋਕ ਸਭਾ ਵਿੱਚ ਸਪੱਸ਼ਟ ਬਹੁਮਤ ਹੈ।

*** ਕੀ ਵਿਸ਼ਵ ਹਿੰਦੂ ਪਰੀਸ਼ਦ ਨੇ ਰਾਮ ਮੰਦਰ ਦਾ ਮੁੱਦਾ ਛੱਡ ਦਿੱਤਾ ਹੈ?**

-ਨਹੀਂ। ਵਿਸ਼ਵ ਹਿੰਦੂ ਪਰੀਸ਼ਦ ਜਿਸ ਵੀ ਨਿਸ਼ਾਨੇ ਨੂੰ ਇੱਕ ਵਾਰ ਧਾਰ ਲੈਂਦਾ ਹੈ, ਉਸ ਨੂੰ ਪੂਰਾ ਕਰਕੇ ਹੀ ਦਮ ਲੈਂਦਾ ਹੈ। ਅਸੀਂ ਨਾ ਤਾਂ ਰਾਮ ਮੰਦਰ ਦਾ ਮੁੱਦਾ ਕਦੇ ਛੱਡਿਆ ਤੇ ਨਾ ਛੱਡਾਂਗੇ। ਭਗਵਾਨ ਸ਼੍ਰੀਰਾਮ ਦਾ ਮੰਦਰ ਆਪਣੇ ਸਹੀ ਸਥਾਨ 'ਤੇ ਬਣ ਕੇ ਰਹੇਗਾ। *

ਫਿਰਕੂਵਾਦ ਨੂੰ ਲੈ ਕੇ ਦੇਸ ਵਿੱਚ ਵਿਵਾਦ ਮਚਿਆ ਹੈ। ਇਸ ਸੰਬੰਧ ਵਿੱਚ ਤੁਹਾਡੇ ਕੀ ਵਿਚਾਰ ਹਨ?

-ਜਿਹੜੇ ਲੋਕ ਇਸ 'ਤੇ ਵਿਵਾਦ ਕਰ ਰਹੇ ਹਨ, ਉਨ੍ਹਾਂ ਤੋਂ ਪੁੱਛੋ ਕਿ ਉਹ ਕੀ ਹਨ? ਹਿੰਦੂ ਸਮਾਜ ਸਦਾ ਤੋਂ ਅਹਿੰਸਕ ਰਿਹਾ ਹੈ। ਕੌਣ ਹਿੰਸਕ ਹੈ, ਇਹ ਪੂਰਾ ਦੇਸ ਜਾਣਦਾ ਹੈ।

*** ਗਊ ਹੱਤਿਆ ਸੰਬੰਧੀ ਮੋਦੀ ਦੇ ਬਿਆਨਾਂ ਬਾਰੇ ਤੁਹਾਡੀ ਕੀ ਰਾਏ ਹੈ?**

- ਪ੍ਰਧਾਨ ਮੰਤਰੀ ਮੋਦੀ ਨੇ ਦਲਿਤਾਂ 'ਤੇ ਅਤਿਆਚਾਰ ਅਤੇ ਗਊ ਰੱਖਿਅਕ ਅੰਦੋਲਨ ਨੂੰ ਆਪਸ ਵਿਚ ਜੋੜ ਕੇ ਹਿੰਦੂ ਸਮਾਜ ਨੂੰ ਵੰਡਣ ਅਤੇ ਗਊਆਂ ਦੀ ਹੱਤਿਆ ਕਰਨ ਵਾਲੇ ਕਸਾਈਆਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਗਊ ਰੱਖਿਅਕਾਂ ਬਾਰੇ ਪ੍ਰਧਾਨ ਮੰਤਰੀ ਦੇ ਭਾਸ਼ਣ ਪਿੱਛੋਂ ਦੇਸ਼ ਦੇ ਹਿੰਦੂ ਰੋ ਰਹੇ ਹਨ। ਵੱਡੀ ਗਿਣਤੀ ਵਿਚ ਲੋਕਾਂ ਨੇ ਰੋਟੀ ਖਾਣੀ ਛੱਡ ਦਿੱਤੀ ਹੈ। ਦੇਸ਼ ਭਰ ਦੇ ਸਾਧੂ, ਸੰਤ ਗੁੱਸੇ ਵਿਚ ਹਨ। ਲੋਕਾਂ ਨੂੰ ਲੱਗ ਰਿਹਾ ਹੈ ਕਿ ਦੇਸ਼ ਵਿਚ ਗਊ ਵੰਸ਼ ਦੀ ਰੱਖਿਆ ਹੁਣ ਹੋਰ ਵੀ ਔਖੀ ਹੋ ਗਈ ਹੈ। ਪ੍ਰਧਾਨ ਮੰਤਰੀ ਨੇ ਗਊ ਰੱਖਿਅਕਾਂ ਦੇ ਦਮਨ ਦਾ ਹੁਕਮ ਦਿੱਤਾ ਹੈ, ਜਿਸ ਨਾਲ ਕਸਾਈਆਂ ਨੂੰ ਕਲੀਨ ਚਿੱਟ ਮਿਲ ਗਈ ਹੈ ਅਤੇ ਹੁਣ ਉਹ ਹੋਰ ਵਧੇਰੇ ਗਊ ਹੱਤਿਆਵਾਂ ਕਰਨਗੇ। ਚੰਗਾ ਹੁੰਦਾ ਕਿ ਪ੍ਰਧਾਨ ਮੰਤਰੀ ਸਮੱਸਿਆ ਦੀ ਡੂੰਘਾਈ ਵਿਚ ਜਾਂਦੇ ਅਤੇ ਗਊ ਹੱਤਿਆ ਰੁਕਵਾਉਣ ਲਈ ਠੋਸ ਕਦਮ ਚੁੱਕਦੇ। ਕਈ ਸੂਬਿਆਂ ਵਿਚ ਗਊ ਹੱਤਿਆ ਦੀ ਮਨਾਹੀ ਬਾਰੇ ਕਾਨੂੰਨ ਹੈ ਪਰ ਫਿਰ ਵੀ ਗਊਆਂ ਦੀ ਹੱਤਿਆ ਹੋ ਰਹੀ ਹੈ। ਜੇ ਗਊਆਂ ਦੀ ਗੈਰ-ਕਾਨੂੰਨੀ ਢੰਗ ਨਾਲ ਹੱਤਿਆ ਨਾ ਹੁੰਦੀ ਅਤੇ ਕਾਨੂੰਨ ਆਪਣਾ ਕੰਮ ਕਰਦਾ ਤਾਂ ਗਊ ਰੱਖਿਅਕਾਂ ਦਾ ਕੋਈ ਕੰਮ ਹੀ ਨਹੀਂ ਰਹਿ ਜਾਣਾ ਸੀ। ਦੇਸ਼ ਵਿਚ ਆਜ਼ਾਦੀ ਦੇ ਸਮੇਂ ਪ੍ਰਤੀ ਹਜ਼ਾਰ ਆਬਾਦੀ ਪਿੱਛੇ 444 ਗਊਆਂ ਸਨ, ਜੋ ਹੁਣ ਸਿਰਫ 40 ਰਹਿ ਗਈਆਂ ਹਨ। ਇਹ ਸਬੂਤ ਹੈ ਕਿ ਗਊਆਂ ਦੀ ਸਮੱਗਲਿੰਗ ਅਤੇ ਗੈਰ-ਕਾਨੂੰਨੀ ਢੰਗ ਨਾਲ ਉਨ੍ਹਾਂ ਦੀ ਹੱਤਿਆ ਹੋਣ ਕਾਰਨ ਗਊ ਵੰਸ਼ ਖਤਮ ਹੋਣ ਵਲ ਹੈ। ਰਾਜਗ ਸਰਕਾਰ ਦੇ ਕੇਂਦਰ ਵਿਚ ਸੱਤਾ ਵਿਚ ਆਉਣ ਤੋਂ ਦੋ ਸਾਲ ਅੰਦਰ ਗਊ ਮਾਸ ਦੀ ਬਰਾਮਦ ਵਿਚ 44 ਫੀਸਦੀ ਦਾ ਵਾਧਾ ਹੋਇਆ ਹੈ। ਲੋਕ ਪੁਛਦੇ ਹਨ ਕਿ ਕੀ ਮੋਦੀ ਜੀ ਦੱਸਣਗੇ ਕਿ ਗਊ ਹੱਤਿਆ ਰੋਕਣ ਲਈ ਕਾਨੂੰਨ ਕਦੋਂ ਬਣੇਗਾ। ਪ੍ਰਧਾਨ ਮੰਤਰੀ ਜੇ ਪਾਕਿਸਤਾਨ ਨਾਲ ਗੱਲਬਾਤ ਕਰਨ ਦੇ ਹਮਾਇਤੀ ਹਨ ਤਾਂ ਗਊ ਰੱਖਿਅਕਾਂ ਨਾਲ ਵੀ ਗੱਲਬਾਤ ਕਰਨ। ਜਿਨ੍ਹਾਂ ਗਊ ਰੱਖਿਅਕਾਂ ਨੇ ਚੋਣਾਂ ਵਿਚ ਉਨ੍ਹਾਂ ਨੂੰ ਜਿਤਾਉਣ ਲਈ ਜੀ ਜਾਨ ਲਾ ਦਿੱਤੀ, ਅੱਜ ਉਹ ਬਹੁਤ ਦੁਖੀ ਹਨ।

*** ਹੁਣੇ ਜਿਹੇ ਦਿਨਾਂ 'ਚ ਵਿਸ਼ਵ ਹਿੰਦੂ ਪਰੀਸ਼ਦ ਦੇ ਛੂਆਛੂਤ ਦੇ ਵਿਰੋਧ 'ਚ ਮੁਹਿੰਮ ਚਲਾਈ। ਇਸ ਦੀ ਲੋੜ ਕਿਉਂ?**

-ਇਹ ਅਚਾਨਕ ਨਹੀਂ ਹੋਇਆ ਹੈ। ਤੁਸੀਂ ਸਥਾਪਨਾ ਕਾਲ ਤੋਂ ਹੀ ਵਿਸ਼ਵ ਹਿੰਦੂ ਪਰੀਸ਼ਦ ਸਾਮਾਜਿਕ ਤਬਦੀਲੀ ਤੇ ਏਕਤਾ ਦੀ ਗੱਲ ਕਰਦਾ ਰਿਹਾ ਹੈ। ਅਜਿਹਾ ਨਹੀਂ ਹੈ ਕਿ ਅਸੀਂ ਪਹਿਲੀ ਵਾਰ ਇਸ ਕੰਮ ਨੂੰ ਸ਼ੁਰੂ ਕੀਤਾ ਹੈ। ਲਗਾਤਾਰ ਅਸੀਂ ਇਸ ਨੂੰ ਲੈ ਕੇ ਕੰਮ ਕਰਦੇ ਰਹੇ ਹਾਂ। ਮੈਂ ਤੁਹਾਨੂੰ ਦੱਸ ਦੇਵਾਂ ਕਿ ਅਯੁੱਧਿਆ ਰਾਮ ਮੰਦਰ ਦੇ ਨੀਂਹ ਪੱਥਰ ਦੀ ਪਹਿਲੀ ਇੱਟ ਸਾਡੇ ਦਲਿਤ ਭਾਈਚਾਰੇ ਦੇ ਕਾਮੇਸ਼ਵਰ ਹੱਥੋਂ ਮਾਣਯੋਗ ਅਸ਼ੋਕ ਸਿੰਗਲ ਨੇ ਰੱਖਵਾਈ ਸੀ। ਵਿਸ਼ਵ ਹਿੰਦੂ ਪਰੀਸ਼ਦ ਨੇ ਭਾਰਤ ਤੋਂ ਛੂਆਛੂਤ ਹੱਲ ਦੇ ਸੰਕਲਪ ਨੂੰ ਦੁਹਰਾਉਂਦੇ ਹੋਏ ਵਿਸ਼ੇਸ਼ ਕੰਮ ਵਿੱਚ ਇੱਕ ਸੰਕਲਪ ਕੀਤਾ ਸੀ ਕਿ ਸਾਰੇ ਹਿੰਦੂ ਆਪਸ 'ਚ ਭਾਈ-ਭਾਈ ਹਨ। ਇਸ ਦਾ ਪਾਲਣ ਕਰਦੇ ਹੋਏ ਸ਼ੰਕਰਾਚਾਰੀਆ ਤੇ ਹੋਰ ਸਾਧੂ-ਸੰਤਾਂ ਨੇ ਭਾਰਤ ਦੀਆਂ ਵੱਖ-ਵੱਖ ਥਾਵਾਂ 'ਤੇ ਜਾ ਕੇ ਇਹ ਸੁਨੇਹਾ ਦਿੱਤਾ ਕਿ ਛੂਆਛੂਤ ਭਿਆਨਕ ਸਰਾਪ ਰੂਪੀ ਸੰਕਟ ਹੈ। ਕਾਸ਼ੀ ਦੇ ਸ਼ੰਕਰਾਚਾਰੀਆ ਮਹਾਰਾਜ ਨੇ ਡੋਮ ਰਾਜਾ ਦੇ ਨਾਲ ਭੋਜਨ ਕਰਕੇ ਛੂਆਛੂਤ ਦਾ ਹੱਲ ਕਰਕੇ ਲੋਕਾਂ ਨੂੰ ਸੁਨੇਹਾ ਦਿੱਤਾ। 1989 ਵਿੱਚ ਭਗਵਾਨ ਸ਼੍ਰੀਰਾਮ ਮੰਦਰ ਦੀ ਉਸਾਰੀ ਲਈ ਅਯੁੱਧਿਆ ਵਿੱਚ ਦਲਿਤ ਜਾਤ ਦੇ ਪ੍ਰਤੀਨਿਧੀ ਕਾਮੇਸ਼ਵਰ ਚੌਪਾਲ (ਬਿਹਾਰ) ਦੇ ਹੱਥੋਂ ਨੀਂਹ ਪੱਥਰ ਦੀ ਇੱਟ ਰੱਖਵਾਈ ਗਈ।

*** ਅੱਜਕੱਲ੍ਹ ਅੰਤਰ-ਜਾਤੀ ਵਿਆਹ ਨੂੰ ਲੈ ਕੇ ਚਰਚਾ ਹੁੰਦੀ ਹੈ। ਆਨਰ ਕਿਲਿੰਗ, ਘਰ ਵਾਪਸੀ ਜਿਹੇ ਸ਼ਬਦ ਆ ਗਏ ਹਨ। ਤੁਸੀਂ ਇਸ ਨੂੰ ਕਿਸ ਤਰ੍ਹਾਂ ਦੇਖਦੇ ਹੋ?**

-ਮੇਰੀ ਵਿਅਕਤੀਗਤ ਸੋਚ ਇਹੀ ਹੈ ਕਿ ਹਿੰਦੂਆਂ ਦੇ ਵਿੱਚ ਅੰਤਰਜਾਤੀ ਵਿਆਹ ਹੋਣੇ ਚਾਹੀਦੇ ਹਨ, ਪਰ ਹਿੰਦੂ ਧਰਮ ਤੋਂ ਬਾਹਰ ਨਹੀਂ। ਕਿਸੇ ਵੀ ਦੇਸ ਵਿੱਚ ਉਸ ਦੀ ਪਰੰਪਰਾ ਤੇ ਸੰਸਕ੍ਰਿਤੀ ਦੀ ਰੱਖਿਆ ਹੋਣੀ ਚਾਹੀਦੀ ਹੈ। ਜੇਕਰ ਕੋਈ ਇਸ ਨੂੰ ਤੋੜਦਾ ਹੈ, ਤਾਂ ਜ਼ਾਹਿਰ ਹੈ ਕਿ ਇਸ ਦਾ ਭਿਅੰਕਰ ਪ੍ਰਤੀਕਰਮ ਹੋਵੇਗਾ। ਮੈਂ ਇੱਕ ਵਾਰ ਨਹੀਂ, ਵਾਰ-ਵਾਰ ਆਖਾਂਗਾ ਕਿ ਧਰਮ ਤਬਦੀਲੀ ਰੋਕਣ ਲਈ ਸਾਰੇ ਹਿੰਦੂ ਇਕਜੁੱਟ ਹੋਣ। ਖ਼ਾਸ ਤੌਰ 'ਤੇ ਹਿੰਦੂ ਲੜਕੀਆਂ ਨੂੰ ਚੌਕਸ ਰਹਿਣਾ ਹੋਵੇਗਾ। ਅਜਿਹੇ ਨੌਜਵਾਨਾਂ ਤੋਂ ਦੂਰ ਰਹਿਣ, ਜਿਹੜੇ ਹਿੰਦੂ ਹੋਣ ਦਾ ਢੌਂਗ ਕਰਕੇ ਉਨ੍ਹਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਲਵ ਜਿਹਾਦ ਰਾਹੀਂ ਕੱਟੜਵਾਦੀ ਮੁਸਲਮਾਨ ਹਿੰਦੂ ਲੜਕੀਆਂ ਨੂੰ ਗੁੰਮਰਾਹ ਕਰਕੇ ਆਪਣੇ ਜਾਲ ਵਿਚ ਫਸਾਉਂਦੇ ਹਨ ਤੇ ਉਨ੍ਹਾਂ ਦਾ ਸ਼ੋਸ਼ਣ ਕਰਕੇ ਛੱਡ ਦਿੰਦੇ ਹਨ ਤੇ ਧਰਮ ਤਬਦੀਲੀ ਵੀ ਕਰਦੇ ਹਨ। ਇਨ੍ਹਾਂ ਗੱਲਾਂ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਮਿਸ਼ਨ 2019 : ਕੌਣ ਬਣੇਗਾ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ?



**ਦਲੀਪ ਸਿੰਘ ਵਾਸਨ, ਐਡਵੋਕੇਟ**
(ਵਿਕਾਸ ਕਾਲੋਨੀ, ਪਟਿਆਲਾ, ਪੰਜਾਬ)

ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਕੌਣ ਬਣੇਗਾ, ਭਾਵੇਂ ਇਸ ਦਾ ਫੈਸਲਾ ਹੁਣੇ ਨਹੀਂ ਹੋ ਰਿਹਾ ਤੇ ਇਸ ਸਵਾਲ ਦਾ ਜਵਾਬ ਵੀ ਭਾਰਤ ਦੇ ਵੋਟਰ 2019 ਦੀਆਂ ਆਮ ਚੋਣਾਂ ਵਿਚ ਦੇਣਗੇ ਪਰ ਸਾਡੇ ਸਾਹਮਣੇ ਇਸ ਸਵਾਲ ਦਾ ਜਵਾਬ ਲੱਭਣ ਜਾਂ ਵਿਚਾਰ ਕਰਨ ਲਈ ਕਾਫੀ ਮਸੌਦਾ ਹੈ। ਇਸ ਵਕਤ ਤਿੰਨ ਰਾਜਸੀ ਪਾਰਟੀਆਂ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਇਸ ਬਾਰੇ ਮੀਡੀਆ ਵਿਚ ਸਭ ਤੋਂ ਸਰਗਰਮ ਹਨ। ਕਾਂਗਰਸ ਤੇ ਭਾਜਪਾ ਦੀ ਦਾਅਵੇਦਾਰੀ ਤਾਂ ਪੱਕੀ ਮੰਨੀ ਹੀ ਜਾਂਦੀ ਹੈ ਪਰ ਆਮ ਆਦਮੀ ਪਾਰਟੀ ਬਾਰੇ ਹਾਲ ਦੀ ਘੜੀ ਕੋਈ ਭਵਿੱਖਬਾਣੀ ਕਰਨੀ ਔਖੀ ਹੈ। ਚੌਥਾ ਗਰੁੱਪ ਖੱਬੇ ਪੱਖੀਆਂ ਦਾ ਹੈ, ਪਰ ਪਤਾ ਨਹੀਂ ਕਿਉਂ ਹਾਲਾਂ ਤਕ ਖੱਬੀਆਂ ਪਾਰਟੀਆਂ ਆਪਣਾ ਕੋਈ ਪ੍ਰੋਗਰਾਮ ਲੋਕਾਂ ਨਾਲ ਸਾਂਝਾ ਕਰਨ ਤੋਂ ਕਤਰਾ ਰਹੀਆਂ ਹਨ।

ਪਹਿਲੀਆਂ ਤਿੰਨ ਪਾਰਟੀਆਂ ਵਿਚੋਂ ਜੇਕਰ ਕੋਈ ਵੀ ਜਿੱਤ ਜਾਂਦੀ ਹੈ ਤਾਂ ਉਸ ਦਾ ਮੁਖੀ ਕੌਣ ਹੋਵੇਗਾ, ਉਸ ਦਾ ਨਾਮ ਦੱਸਣ ਦੀ ਲੋੜ ਨਹੀਂ ਜਾਪਦੀ ਹੈ। ਹਰ ਕੋਈ ਜਾਣਦਾ ਹੈ ਕਿ ਕਾਂਗਰਸ ਕਿਸ ਨੂੰ ਪ੍ਰਧਾਨ ਮੰਤਰੀ ਬਣਾਏਗੀ, ਭਾਜਪਾ ਦਾ ਮੁਖੀ ਕੌਣ ਹੋਵੇਗਾ ਅਤੇ ਇਸੇ ਤਰ੍ਹਾਂ ਹਰ ਕੋਈ ਜਾਣਦਾ ਹੈ ਕਿ ਜੇ ਖ਼ੁਦਾ ਨਾ ਖਾਸਤਾ ਆਮ ਆਦਮੀ ਪਾਰਟੀ ਜਿੱਤ ਜਾਂਦੀ ਹੈ ਤਾਂ ਉਸ ਵੱਲੋਂ ਪ੍ਰਧਾਨ ਮੰਤਰੀ ਕੌਣ ਬਣੇਗਾ। ਕੋਈ ਵੀ ਅਜੇ ਤਕ ਇਹ ਨਹੀਂ ਜਾਣਦਾ, ਇਸ ਵਾਰੀ ਜਿੱਤੇਗਾ ਕੌਣ? ਇਹ ਪ੍ਰਸ਼ਨ ਲੋਕਾਂ ਸਾਹਮਣੇ ਹੀ ਨਹੀਂ ਸਗੋਂ ਰਾਜਸੀ ਪਾਰਟੀਆਂ ਵਿਚੋਂ ਵੀ ਕਿਸੇ ਨੂੰ ਇਹ ਪੱਕੀ ਉਮੀਦ ਨਹੀਂ ਲਗਦੀ ਕਿ ਉਨ੍ਹਾਂ ਵਿਚੋਂ ਇਸ ਵਾਰੀ ਜਿੱਤ ਕਿਸ ਦੀ ਹੋ ਜਾਵੇਗੀ। ਕਾਂਗਰਸ ਕੋਲ ਆਪਣਾ ਇਤਿਹਾਸ ਤਾਂ ਹੈ ਪਰ ਹਾਲਾਤ ਰਾਹੁਲ ਗਾਂਧੀ ਦੇ ਕਾਬੂ ਵਿਚ ਨਹੀਂ ਆ ਰਹੇ। ਭਾਜਪਾ ਕੋਲ ਵੀ ਆਪਣੇ ਕੀਤੇ ਦੀ ਸੂਚੀ ਹੈ, ਜੋ ਬਹੁਤੀ ਉਸੇ ਦੇ ਖਿਲਾਫ ਭੁਗਤ ਰਹੀ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਹਾਲਾਂ ਤਕ ਆਪਣੀ ਪਾਰਟੀ ਵਿੱਚ ਹੀ ਏਕਤਾ ਨਹੀਂ ਬਣਾ ਸਕੀ ਹੈ ਅਤੇ ਇਸ ਪਾਰਟੀ ਦਾ ਮੁਖੀ ਵੀ ਹਾਲਾਂ ਡਾਂਵਾਂਡੋਲ ਸਥਿਤੀ ਵਿਚ ਹੈ। ਖੱਬੀਆਂ ਪਾਰਟੀਆਂ ਨੇ ਹਾਲਾਂ ਤਕ ਲੋਕਾਂ ਨਾਲ ਆਪਣੇ ਖਿਆਲਾਤ ਹੀ ਸਾਂਝੇ ਨਹੀਂ ਕੀਤੇ। ਅਜਿਹੇ ਹਾਲਾਤ ਵਿਚ ਕੁਝ ਖੇਤਰੀ ਪਾਰਟੀਆਂ ਦੇ ਪ੍ਰਮੁੱਖ ਜੇ ਕੁਲੀਸ਼ਨ ਸਰਕਾਰ ਵਿਚ ਆਪਣੇ ਲਈ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਸੁਪਨਾ ਸਜਾ ਲੈਣ ਤਾਂ ਕੋਈ ਅਤਿਕਥਨੀ ਨਹੀਂ ਆਖੀ ਜਾ ਸਕਦੀ। ਪਹਿਲਾਂ ਅਜਿਹਾ ਵਾਪਰਿਆ ਵੀ ਹੈ। ਇਸ ਲਈ ਉਹ ਸਾਰੇ ਭਾਵੇਂ ਇਸ ਅਹੁਦੇ ਲਈ ਖੁੱਲ੍ਹਕੇ ਮੈਦਾਨ ਵਿੱਚ ਉਤਰਨ ਲਈ ਤਿਆਰ ਨਹੀਂ ਹਨ ਅਤੇ ਕਿਸੇ ਖਾਸ ਵਕਤ ਦੀ ਉਡੀਕ ਕਰਦੇ ਹਨ ਪਰ ਆਪੋ-ਆਪਣੀਆਂ ਲੋਕ ਸਭਾ ਸੀਟਾਂ ਵਿਚ ਵਾਧਾ ਕਰਨ ਲਈ ਗੈਰ-ਸਿਧਾਂਤਕ ਗੱਠਜੋੜ ਕਰਨ ਦੇ ਰਾਹ ਪਏ ਹੋਏ ਹਨ। ਬਹੁਜਨ ਸਮਾਜ ਪਾਰਟੀ ਦੀ ਮੁਖੀ ਕੁਮਾਰੀ ਮਾਇਆਵਤੀ ਇਸ ਦੌੜ ਵਿਚ ਸਭ ਤੋਂ ਮੂਹਰੇ ਤੇ ਸਭ ਤੋਂ ਕਾਹਲੇ ਹਨ। ਛੱਤੀਸਗੜ੍ਹ ਵਿਚ ਭਾਜਪਾ ਦਾ ਮੋਹਰਾ ਬਣੇ ਅਜੀਤ ਜੋਗੀ ਨਾਲ ਬਸਪਾ ਦਾ ਗੱਠਜੋੜ ਇਸੇ ਕਾਹਲੀ ਵਿਚੋਂ ਨਿਕਲਿਆ ਮੰਨਿਆ ਜਾ ਰਿਹਾ ਹੈ।

ਇਸ ਤਰ੍ਹਾਂ ਇਸ ਮੁਲਕ ਵਿਚ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਕਈ ਨੇਤਾ ਹਨ ਜੋ ਆਪੋ ਆਪਣੀਆਂ ਖੇਤਰੀ ਪਾਰਟੀਆਂ ਦੇ ਨਿੱਕੇ-ਮੋਟੇ ਗੱਠਜੋੜ ਬਣਾ ਕੇ ਡਟੇ ਹਨ। ਇਹ ਉਮੀਦ ਲਗਾਈ ਬੈਠੇ ਹਨ ਕਿ ਸ਼ਾਇਦ ਕਦੀ ਨਾ ਕਦੀ ਉਨ੍ਹਾਂ ਦੀ ਵੀ ਦੇਵੇਗੌੜਾ, ਚੰਦਰ ਸ਼ੇਖਰ ਜਾਂ ਆਈਕੇ ਗੁਜਰਾਲ ਵਾਂਗ ਵਾਰੀ ਆ ਸਕਦੀ ਹੈ। ਉਹ ਸਮੇਂ-ਸਮੇਂ ਉਤੇ ਇਹ ਦੱਸਣ ਤੋਂ ਨਹੀਂ ਉਕਦੇ ਕਿ ਲਿਆਕਤ ਵਿੱਚ ਉਹ ਕਿਸੇ ਤੋਂ ਘੱਟ ਨਹੀਂ ਹਨ ਅਤੇ ਅਕਸਰ ਇਹ ਵੀ ਆਖਦੇ ਰਹਿੰਦੇ ਹਨ ਕਿ ਉਹ ਲੋਕਾਂ ਵਿੱਚ ਹਰਮਨ-ਪਿਆਰੇ ਹਨ।

ਭਾਰਤ ਦੇ ਲੋਕੀਂ ਕਿਸ ਆਗੂ ਜਾਂ ਪਾਰਟੀ ਦੇ ਹੱਥ ਦੇਸ਼ ਦੀ ਵਾਗਡੋਰ ਦੇਣਗੇ, ਇਹ ਹਾਲਾਂ ਸਮੇਂ ਦੇ ਗਰਭ ਵਿਚ ਹੈ। ਦੇਸ਼ ਦੀਆਂ ਇਨ੍ਹਾਂ ਹਸਤੀਆਂ ਵਿੱਚੋਂ ਅੱਜ ਤੱਕ ਕਿਸੇ ਨੇ ਵੀ ਕੋਈ ਅਜਿਹਾ ਕੰਮ ਕਰਕੇ ਨਹੀਂ ਦਿਖਾਇਆ, ਜਿਸ ਨਾਲ ਇਹ ਅੰਦਾਜ਼ਾ ਲਗਾਇਆ ਜਾ ਸਕੇ ਕਿ ਇਹ ਆਦਮੀ ਜਾਂ ਦਲ ਲੋਕਾਂ ਦੀਆਂ ਮੁਸ਼ਕਲਾਂ ਹੱਲ ਕਰ ਸਕਦਾ ਹੈ। ਇਸ ਮੁਲਕ ਦੇ ਲੋਕਾਂ ਨੇ ਸਦੀਆਂ ਤਕ ਦੀ ਗੁਲਾਮੀ ਭੋਗੀ ਹੈ। ਆਜ਼ਾਦੀ ਤੋਂ ਬਾਅਦ ਇਹ ਉਮੀਦਾਂ ਲਗਾਈ ਬੈਠੇ ਸਨ ਕਿ ਇਨ੍ਹਾਂ ਦੀਆਂ ਸਾਰੀਆਂ ਤਕਲੀਫ਼ਾਂ ਅਤੇ ਮੁਸ਼ਕਲਾਂ ਹੱਲ ਹੋ ਜਾਣਗੀਆਂ ਪਰ ਪਿਛਲੇ ਸੱਤ ਦਹਾਕਿਆਂ ਵਿੱਚ ਇਸ ਮੁਲਕ ਦੀ ਤਕਦੀਰ ਨਹੀਂ ਬਦਲ ਸਕੀ। ਹਾਂ, ਇਥੋਂ ਦੇ ਆਗੂਆਂ ਦੀਆਂ ਕਈ-ਕਈ ਪੀੜ੍ਹੀਆਂ ਦੀ ਤਕਦੀਰ ਵੀ ਰੌਸ਼ਨ ਹੋ ਗਈ ਹੈ। ਵਧਦੀ ਆਬਾਦੀ ਦੀ ਸਮੱਸਿਆ, ਅਨਪੜ੍ਹਤਾ ਬੇਰੁਜ਼ਗਾਰੀ, ਗਰੀਬੀ ਨੇ ਵਿਗਿਆਨ ਅਤੇ ਤਕਨਾਲੋਜੀ ਦੇ ਯੁੱਗ ਵਿਚ ਵੀ ਭਾਰਤੀਆਂ ਦਾ ਖਹਿੜਾ ਨਹੀਂ ਛੱਡਿਆ ਹੈ। ਹਾਂ ਸਾਡੇ ਕਿਸਾਨਾਂ ਨੇ ਜ਼ਰੂਰ ਸਾਡੇ ਮੁਲਕ ਵਿੱਚ ਵੀ ਵੱਡੀ ਤਬਦੀਲੀ ਲਿਆਂਦੀ ਹੈ ਅਤੇ ਅੱਜ ਸਾਡੇ ਪਾਸ ਵਾਧੂ ਅਨਾਜ ਹੈ।

ਜਿੰਨੀਆਂ ਵੀ ਸਿਆਸੀ ਪਾਰਟੀਆਂ ਸਾਡੇ ਸਾਹਮਣੇ ਹਨ, ਇਨ੍ਹਾਂ ਵਿਚੋਂ ਕੋਈ ਵੀ ਪਾਰਟੀ ਜਾਂ ਆਗੂ ਕੋਲ ਲੋਕਾਂ ਦਾ ਜੀਵਨ ਪੱਧਰ ਉੱਪਰ ਚੁੱਕਣ ਦਾ ਸਾਰਥਕ ਪ੍ਰੋਗਰਾਮ ਨਹੀਂ ਹੈ। ਸਭ ਆਪੋ-ਆਪਣੀ ਡਫਲੀ ਵਜਾ ਰਹੇ ਹਨ। ਕਾਂਗਰਸ ਤੇ ਬੀਜੇਪੀ ਕੋਲ ਸੱਤਾ ਹਾਸਲ ਕਰਨ ਦੇ ਝੂਠੇ ਜੁਮਲੇ ਹਨ। ਖੱਬੀਆਂ ਪਾਰਟੀਆਂ, ਜਿਹੜੀਆਂ ਇਨਕਲਾਬ ਦੀ ਅਤੇ ਕਦੇ ਸਮਾਜਵਾਦ ਦੀ ਗੱਲ ਕਰਦੀਆਂ ਹਨ। ਇਹ ਸਮਾਜਵਾਦ ਹੈ ਕੀ ਅਤੇ ਕਿਵੇਂ ਲਿਆਂਦਾ ਜਾਵੇਗਾ, ਇਹ ਗੱਲ ਹਾਲਾਂ ਤੱਕ ਨਾ ਕਿਸੇ ਦੇ ਸਮਝ ਪਈ ਹੈ, ਨਾ ਸਮਝਾਈ ਹੀ ਗਈ ਹੈ।

ਇਸ ਮੁਲਕ ਵਿੱਚ ਧਨਾਢਾਂ ਤੇ ਬਾਹੂਬਲੀਆਂ ਦਾ ਰਾਜ ਚਲਦਾ ਆ ਰਿਹਾ ਹੈ। ਜਿਹੜਾ ਵੀ ਜਿੱਤਕੇ ਆ ਜਾਂਦਾ ਹੈ, ਲੋਕ ਉਸ ਨੂੰ ਸਲਾਮਾਂ ਕਰਨ ਲੱਗ ਜਾਂਦੇ ਹਨ। ਭਾਰਤ ਦੀਆਂ ਰਾਜਸੀ ਪਾਰਟੀਆਂ ਜਿਹੜੇ ਉਮੀਦਵਾਰ ਖੜ੍ਹੇ ਕਰਦੀਆਂ ਹਨ, ਇਹ ਕਿਸ ਆਧਾਰ ਉਤੇ ਚੁਣਦੀਆਂ ਹਨ, ਇਹ ਗੱਲ ਹਾਲਾਂ ਤਕ ਕਿਸੇ ਦੇ ਸਮਝ ਵਿੱਚ ਨਹੀਂ ਆਈ ਹੈ ਅਤੇ ਨਾ ਹੀ ਵਿਧਾਨ ਲਿਖਣ ਲੱਗਿਆਂ ਇਸ ਪਾਸੇ ਵੱਲ ਧਿਆਨ ਦਿੱਤਾ ਗਿਆ ਹੈ। ਜਦੋਂ ਪ੍ਰਸ਼ਾਸਨ ਵਿੱਚ ਚੰਗੀ ਯੋਗਤਾ, ਸਿਖਲਾਈ, ਤਜਰਬੇ ਅਤੇ ਮੁਹਾਰਤ

ਬਾਕੀ ਸਫ਼ਾ 28 'ਤੇ

# ਆਰਐੈਸਐੈਸ ਦੀ ਨਵੀਂ ਸਿਆਸਤ ਤੇ 2019 ਦੀਆਂ ਚੋਣਾਂ

- ਮੋਹਨ ਭਾਗਵਤ ਦੀ ਮੁਸਲਮਾਨਾਂ ਪ੍ਰਤੀ ਹਮਦਰਦੀ ਇਕ ਨਵਾਂ ਡਰਾਮਾ
- ਨਿਰਪੱਖ ਹਿੰਦੂਆਂ ਵਲੋਂ ਵਿਰੋਧ, ਖੱਬੇ ਪੱਖੀਆਂ, ਦਲਿਤਾਂ ਤੇ ਘੱਟ ਗਿਣਤੀਆਂ ਦਾ ਗੱਠਜੋੜ ਭਾਜਪਾ ਤੇ ਆਰਐੈਸਐੈਸ ਚੈਲਿੰਜ ਬਣਿਆ
- ਜੇਐੈਨਯੂ 'ਚ ਆਰਐੈਸਐੈਸ ਨੂੰ ਪ੍ਰਣਾਈ ਵਿਦਿਆਰਥੀ ਜਥੇਬੰਦੀ ਏਬੀਵੀਪੀ ਸਰਕਾਰੀ ਮਦਦ ਦੇ ਬਾਵਜੂਦ ਖੱਬੇ ਪੱਖੀਆਂ ਤੋਂ ਬੁਰੀ ਤਰ੍ਹਾਂ ਹਾਰੀ



**ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਰਾਸ਼ਟਰੀ ਸਵੈਮ ਸੇਵਕ ਸੰਘ ਦੇ ਤਿੰਨ ਦਿਨਾ ਪ੍ਰੋਗਰਾਮ ਵਿਚ ਆਰਐੈਸਐੈਸ ਦੇ ਸਰਸੰਘ ਚਾਲਕ ਮੋਹਨ ਭਾਗਵਤ ਨੇ ਬਹੁਤ ਕੁਝ ਅਜਿਹਾ ਕਿਹਾ ਜਿਸ ਤੋਂ ਇਹ ਜਾਪਦਾ ਹੈ ਕਿ ਸੰਘ ਵਿਚ ਤਬਦੀਲੀ ਆ ਰਹੀ ਹੈ। ਉਹ ਆਪਣੀਆਂ ਪਰੰਪਰਿਕ ਮੂਲ ਧਾਰਨਾਵਾਂ ਵਿਚ ਪਰਿਵਰਤਨ ਕਰ ਰਿਹਾ ਹੈ। ਉਹ ਹੁਣ ਉਹ ਨਹੀਂ ਰਿਹਾ, ਜਿਸ ਨੂੰ ਲੈ ਕੇ ਇਹ ਕਿਹਾ ਜਾਂਦਾ ਹੈ ਕਿ ਸੰਘ ਇਕ ਕੱਟੜ ਫਿਰਕਾਪ੍ਰਸਤ ਜਥੇਬੰਦੀ ਹੈ। ਉਹ ਮੁਸਲਮਾਨਾਂ, ਇਸਾਈਆਂ, ਘੱਟ ਗਿਣਤੀਆਂ, ਮੂਲਨਿਵਾਸੀਆਂ ਤੇ ਖੱਬੇ ਪੱਖੀਆਂ ਨਾਲ ਨਫ਼ਰਤ ਨਹੀਂ ਕਰਦੀ। ਉਹ ਹੁਣ ਸਭ ਨੂੰ ਨਾਲ ਲੈ ਕੇ ਚੱਲਣਾ ਚਾਹੁੰਦੀ ਹੈ। ਸੁਆਲ ਇਹ ਹੈ ਕਿ ਮੋਹਨ ਭਾਗਵਤ ਜੀ ਨੂੰ ਇਹ ਸਭ ਕੁਝ ਕਹਿਣ ਦੀ ਲੋੜ ਕਿਉਂ ਪਈ। ਸੰਘ ਦੀਆਂ ਧਾਰਨਾਵਾਂ ਉੱਤੇ ਸਾਨੂੰ ਵਿਸ਼ਵਾਸ ਕਿਉਂ ਨਹੀਂ ਹੋ ਰਿਹਾ। ਅਸਲ ਵਿਚ ਆਰਐੈਸਐੈਸ ਦਾ ਆਧਾਰ ਹਿੰਦੂ ਰਾਸ਼ਟਰਵਾਦ ਹੈ। ਇਹ ਅੱਜ ਦਾ ਨਹੀਂ, ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਦਾ ਹੈ। ਹਿੰਦੂ ਮਹਾਂਸਭਾ ਦੇ ਸੁਪਰੀਮੋ ਮੂੰਜੇ, ਆਰਐੈਸਐੈਸ ਦੇ ਸਰਸੰਘ ਚਾਲਕ ਸਾਵਰਕਰ, ਗੁਰੂ ਗੋਲਵਲਕਰ ਇਹੋ ਕੁਝ ਕਹਿੰਦੇ ਰਹੇ ਹਨ। ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ ਵਿਚਾਰਧਾਰਾ ਤੇ ਨੀਤੀਆਂ ਵਿਚ ਤਬਦੀਲੀ ਸਿਆਸਤਦਾਨ ਕਦੇ ਵੀ ਨਹੀਂ ਕਰਦੇ। ਇਹ ਇਕ ਤਰ੍ਹਾਂ ਦੀ ਪੈਂਤੜੇਬਾਜ਼ੀ ਹੁੰਦੀ ਹੈ।

ਇਤਿਹਾਸ ਗਵਾਹ ਹੈ ਕਿ ਸੰਨ 1939 ਵਿਚ ਹਿਟਲਰ ਤੇ ਸਟਾਲਿਨ ਨੇ ਇਕ ਦੂਸਰੇ ਨਾਲ ਸੰਧੀ ਕੀਤੀ ਸੀ ਤੇ ਦੋਹਾਂ ਨੇ ਸਮਝੌਤਾ ਕੀਤਾ ਸੀ ਕਿ ਉਹ ਇਕ ਦੂਜੇ ਉਪਰ ਹਮਲਾ ਨਹੀਂ ਕਰਨਗੇ। ਪਰ ਦੋਵੇਂ ਇਕ ਦੂਸਰੇ ਦੇ ਕੱਟੜ ਵਿਰੋਧੀ ਸਨ। ਬਾਅਦ ਵਿਚ ਹਿਟਲਰ ਨੇ ਸੋਵੀਅਨ ਸੰਘ ਉਤੇ ਹਮਲਾ ਕੀਤਾ। ਸਟਾਲਨ ਦੀ ਫੌਜ ਦੀ ਤਬਾਹੀ ਕਰਦੇ ਹੋਏ ਮਾਸਕੋ ਦੀ ਸੀਮਾ ਤੱਕ ਹਿਟਲਰ ਪਹੁੰਚ ਗਿਆ ਪਰ ਬਰਫਬਾਰੀ ਕਾਰਨ ਉਸ ਨੂੰ ਬਾਅਦ ਵਿਚ ਹਾਰ ਮੰਨਣੀ ਪਈ। ਸਰਸੰਘ ਚਾਲਕ ਭਾਗਵਤ ਦਾ ਪੈਂਤੜਾ ਹਿਟਲਰ ਤੋਂ ਵੱਖਰਾ ਨਹੀਂ ਜਾਪਦਾ।

ਸੰਘ ਪਰਿਵਾਰ ਮੁਸਲਮਾਨਾਂ ਪ੍ਰਤੀ ਹਮਦਰਦੀ ਦਿਖਾਉਣ ਲੱਗ ਜਾਵੇ ਤਾਂ ਹਰੇਕ ਦੇ ਮਨ ਵਿਚ ਸ਼ੱਕ ਹੋਵੇਗਾ ਕਿ ਇਕਦਮ ਮੁਸਲਮਾਨਾਂ ਨਾਲ ਨਫ਼ਰਤ ਕਰਨ ਵਾਲਾ ਸੰਘ ਪਰਿਵਾਰ ਕਿੰਝ ਬਦਲ ਗਿਆ? ਰਾਜਨੀਤਕ ਮਾਹਿਰ ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਆਰਐੈਸਐੈਸ ਵਿਚ ਆਈ ਤਬਦੀਲੀ ਦਾ ਕਾਰਨ ਸੰਨ 20 19 ਦੀਆਂ ਚੋਣਾਂ ਹਨ। ਅੱਜ ਦੀ ਤਰੀਕ ਵਿਚ ਮੋਦੀ ਤੇ ਭਾਜਪਾ ਦਾ ਅਕਸ ਡਿੱਗ ਰਿਹਾ ਹੈ ਤੇ ਭੀੜਾਂ ਦੀ ਹਿੰਸਾ ਉਨ੍ਹਾਂ ਦੇ ਲੋਕ ਆਧਾਰ ਨੂੰ ਖੋਰਾ ਲਗਾ ਰਹੀ ਹੈ। ਮੋਦੀ ਅੱਜ ਪਹਿਲਾਂ ਦੀ ਤਰ੍ਹਾਂ ਲੋਕਨਾਇਕ ਵਜੋਂ ਨਹੀਂ ਜਾਣੇ ਜਾਂਦੇ ਜਿਵੇਂ ਉਹ ਸੰਨ 2014 ਦੀਆਂ ਚੋਣਾਂ ਦੌਰਾਨ ਉਭਰੇ ਸਨ ਤੇ ਹੁਣ ਉਹ ਬਿਲਕੁਲ ਕਮਜ਼ੋਰ ਦਿਖਾਈ ਦੇ ਰਹੇ ਹਨ।

ਪਿਛਲੇ ਸਵਾ ਚਾਰ ਸਾਲਾਂ ਵਿਚ ਮੁਸਲਮਾਨਾਂ ਨਾਲ ਜਿਸ ਤਰ੍ਹਾਂ ਦਾ ਵਿਹਾਰ ਹੋਇਆ ਹੈ, ਉਹ ਗੁਲਾਮਾਂ ਵਾਲਾ ਵਿਹਾਰ ਸੀ। ਸੰਘ ਨੂੰ ਤੇ ਮੋਦੀ ਨੂੰ ਮੁਸਲਮਾਨਾਂ ਦੀ ਚਿੰਤਾ ਨਹੀਂ। ਹਿੰਦੂਆਂ ਦਾ ਇਕ ਵੱਡਾ ਹਿੱਸਾ ਮੋਦੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧੀ ਹੈ, ਜੋ ਭੀੜਾਂ ਦੀ ਹਿੰਸਾ ਨੂੰ ਕੰਟਰੋਲ ਨਹੀਂ ਕਰ ਸਕੇ, ਉਹ ਘੱਟ ਗਿਣਤੀਆਂ 'ਤੇ ਹੋ ਰਹੇ ਹਮਲਿਆਂ ਤੋਂ ਬਹੁਤ ਨਰਾਜ਼ ਹੈ। ਇਹ ਨਰਾਜ਼ਗੀ ਮੋਦੀ ਸਰਕਾਰ ਨੂੰ ਮਹਿੰਗੀ ਪੈ ਸਕਦੀ ਹੈ। ਇਹੀ ਕਾਰਨ ਹੈ ਕਿ ਭਾਗਵਤ ਆਪਣੇ ਭਾਸ਼ਣ ਰਾਹੀਂ ਹਿੰਦੂਆਂ ਦੇ ਇਸ ਵੱਡੇ ਗਰੁੱਪ ਨੂੰ ਇਹ ਸੁਨੇਹਾ ਦੇ ਰਹੇ ਹਨ ਕਿ ਜੋ ਪਿੱਛੇ ਵਾਪਰ ਗਿਆ, ਉਹ ਹੁਣ ਨਹੀਂ ਵਾਪਰੇਗਾ। ਅਸਲ ਵਿਚ ਇਹ ਇਕ ਚੋਣਾਵੀ ਰਾਜਨੀਤੀ ਹੈ। ਸੰਘ ਵੀ ਜਾਣਦਾ ਹੈ ਕਿ ਪਿਛਲੇ ਚਾਰ ਸਾਲਾਂ ਵਿਚ ਜੋ ਰਾਜਨੀਤਕ ਲਾਭ ਮਿਲਿਆ, ਉਹ ਹੁਣ ਮਿੱਟੀ ਵਿਚ ਮਿਲ ਸਕਦਾ ਹੈ। ਇਸ ਲਈ ਉਨ੍ਹਾਂ ਨੇ ਆਪਣਾ ਪੈਂਤੜਾ ਬਦਲ ਲਿਆ ਹੈ।

ਭਾਗਵਤ ਨੇ ਕਿਹਾ ਕਿ ਹਿੰਦੂਇਜ਼ਮ ਗਲਤ ਸ਼ਬਦ ਹੈ। ਸੱਚ ਦੀ ਲਗਾਤਾਰ ਖੋਜ ਦਾ ਨਾਮ ਹਿੰਦੂਤਵ ਹੈ। ਹਿੰਦੂਤਵ ਹੀ ਹੈ ਜੋ ਸਾਰਿਆਂ ਨਾਲ ਤਾਲਮੇਲ ਦਾ ਆਧਾਰ ਹੋ ਸਕਦਾ ਹੈ। ਭਾਰਤ ਵਿਚ ਰਹਿਣ ਵਾਲੇ ਲੋਕ ਹਿੰਦੂ ਹੀ ਹਨ। ਸੰਘ ਮੁਖੀ ਦਾ ਕਹਿਣਾ ਸੀ ਕਿ ਗਊ ਰੱਖਿਆ ਨਾਲ ਜੁੜੇ ਲੋਕਾਂ ਨੂੰ ਮੌਬ ਲਿੰਚਿੰਗ ਨਾਲ ਜੋੜਨਾ ਠੀਕ ਨਹੀਂ। ਕਿਸੇ ਪੱਖ 'ਤੇ ਹਿੰਸਾ ਕਰਨਾ ਅਪਰਾਧ ਹੈ ਤੇ ਉਸ 'ਤੇ ਸਖਤ ਕਾਰਵਾਈ ਹੋਣੀ ਚਾਹੀਦੀ ਹੈ ਪ੍ਰੰਤੂ ਗਾਂ ਰਵਾਇਤੀ ਸ਼ਰਧਾ ਦਾ ਵਿਸ਼ਾ ਹੈ। ਭਾਗਵਤ ਨੇ ਇਹ ਵੀ ਕਿਹਾ ਕਿ ਇਹ ਮੁਸਲਮਾਨਾਂ ਵਿਰੁਧ ਨਫ਼ਰਤ ਫੈਲਾਉਣਾ ਹਿੰਦੂਤਵ ਨਹੀਂ ਹੈ।

ਆਰਐੈਸਐੈਸ ਦੇ ਫਿਲਾਸਫਰ ਤੇ ਸਰਸੰਘ ਚਾਲਕ ਸਵਰਗਵਾਸੀ ਐੈਮਐੈਸ ਗੋਲਵਲਕਰ ਆਪਣੀ ਪੁਸਤਕ 'ਵੀ ਆਰ ਨੇਸ਼ਨ ਹੁੱਡ ਡਿਫਾਈਡ' ਵਿਚ ਲਿਖਦੇ ਹਨ ਕਿ ਹਿੰਦੂ ਰਾਸ਼ਟਰ ਅਜੇ ਜੇਤੂ ਨਹੀਂ ਹੋਇਆ, ਲੜਾਈ ਜਾਰੀ ਹੈ। ਉਹ ਅਸ਼ੁੱਭ ਦਿਨ, ਜਦ ਮੁਸਲਮਾਨਾਂ ਨੇ ਹਿੰਦੋਸਤਾਨ ਦੀ ਜ਼ਮੀਨ 'ਤੇ ਆਪਣੇ ਪੈਰ ਧਰੇ, ਤਦ ਤੋਂ ਹੁਣ ਤੱਕ ਇਨ੍ਹਾਂ ਨੂੰ ਲਤਾੜਨ ਦੇ ਲਈ ਹਿੰਦੂ ਰਾਸ਼ਟਰ ਬਹਾਦਰੀ ਨਾਲ ਲੜ ਰਿਹਾ ਹੈ। ਜੰਗ ਵਿਚ ਕਦੀ ਪੱਲੜਾ ਇਸ ਪਾਸੇ ਝੁਕਦਾ ਹੈ ਤੇ ਕਦੀ ਉਸ ਪਾਸੇ, ਪਰ ਜੰਗ ਜਾਰੀ ਹੈ ਤੇ ਇਸ ਦਾ ਨਤੀਜਾ ਅਜੇ ਠੀਕ ਨਹੀਂ ਨਿਕਲਿਆ।

ਭਾਗਵਤ ਨੂੰ ਸਪੱਸ਼ਟ ਕਰਨਾ ਪਵੇਗਾ ਕਿ ਉਹ ਹੁਣ ਇਸ ਬਾਰੇ ਕੀ ਕਹਿਣਾ ਚਾਹੁੰਦੇ ਹਨ? ਕੀ ਭਾਗਵਤ ਹੁਣ ਗੁਰੂ ਗੋਲਵਲਕਰ ਦੇ ਵਿਚਾਰ ਨੂੰ ਰੱਦ ਕਰ ਦੇਣਗੇ? ਗੋਲਵਲਕਰ ਨੇ ਆਪਣੀ ਪੁਸਤਕ 'ਬੰਚ ਆਫ ਥਾਟ' ਵਿਚ ਇਹ ਕਿਹਾ ਹੈ ਕਿ ਮੁਸਲਮਾਨ ਇਸ ਦੇਸ਼ ਦੇ ਦੁਸ਼ਮਣ ਹਨ, ਇਨ੍ਹਾਂ ਦੇ ਤਾਰ ਪਾਕਿ ਨਾਲ ਜੁੜੇ ਰਹਿੰਦੇ ਹਨ, ਉਹ ਕਈ ਹੋਰ ਪਾਕਿਸਤਾਨ ਬਣਾਉਣ ਵਿਚ ਜੁਟੇ ਹੋਏ ਹਨ। ਉਹ ਲਿਖਦੇ ਹਨ, "ਇਹ ਸੋਚਣਾ ਆਤਮਘਾਤੀ ਹੋਵੇਗਾ ਕਿ ਪਾਕਿਸਤਾਨ ਬਣਨ ਦੇ ਬਾਅਦ ਉਹ ਰਾਤੋ ਰਾਤ ਦੇਸ਼ਭਗਤ ਹੋ ਗਏ ਹਨ। ਇਸ ਦੇ ਉਲਟ ਪਾਕਿਸਤਾਨ ਬਣਾਉਣ ਤੋਂ ਬਾਅਦ ਮੁਸਲਮ ਖਤਰਾ ਸੈਂਕੜੇ ਗੁਣਾਂ ਵਧ ਗਿਆ ਹੈ।"

ਪਿਛਲੇ ਸਵਾ ਚਾਰ ਸਾਲਾਂ ਵਿਚ ਸਾਜ਼ਿਸੀ ਢੰਗ ਨਾਲ ਮੁਸਲਮਾਨਾਂ ਨੂੰ ਹਰ ਢੰਗ ਨਾਲ ਦੇਸ਼ਧ੍ਰੋਹੀ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਕਦੀ ਕਸ਼ਮੀਰ ਦੇ ਬਹਾਨੇ, ਕਦੀ ਪਾਕਿਸਤਾਨ ਦੀ ਆੜ ਵਿਚ ਤੇ ਕਦੀ ਜੇਐੈਨਯੂ ਨੂੰ ਸਾਹਮਣੇ ਰੱਖ ਕੇ। ਭਾਗਵਤ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੇ ਗੁਰੂ ਗੋਲਵਲਕਰ ਦਾ ਵਿਚਾਰ ਰੱਦ ਕਰ ਦਿੱਤਾ ਹੈ ਜਾਂ ਨਹੀਂ? ਗੋਲਵਲਕਰ ਇਹ ਕਹਿੰਦੇ ਹਨ ਕਿ ਮੁਸਲਮਾਨਾਂ ਲਈ ਇਸ ਦੇਸ਼ ਵਿਚ ਜਗ੍ਹਾ ਨਹੀਂ ਹੋ ਸਕਦੀ। ਜੇਕਰ ਉਨ੍ਹਾਂ ਨੇ ਇਸ ਦੇਸ਼ ਵਿਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਦੂਸਰੇ ਦਰਜੇ ਦਾ ਨਾਗਰਿਕ ਬਣ ਕੇ ਰਹਿਣਾ ਹੋਵੇਗਾ। ਉਨ੍ਹਾਂ ਨੂੰ ਹਿੰਦੂ ਰਹਿਮੋ-ਕਰਮ 'ਤੇ ਰਹਿਣਾ ਹੋਵੇਗਾ ਤੇ ਉਨ੍ਹਾਂ ਦੀ ਮਰਜ਼ੀ ਅਨੁਸਾਰ ਦੇਸ਼ ਛੱਡ ਕੇ ਜਾਣਾ ਹੋਵੇਗਾ। ਸੁਆਲ ਇਹ ਹੈ ਕਿ ਭਾਗਵਤ ਜੀ ਮੁਸਲਮਾਨਾਂ ਨੂੰ ਇਸ ਦੇਸ਼ ਦਾ ਨਾਗਰਿਕ ਮੰਨਣ ਲਈ ਤਿਆਰ ਹੋ ਗਏ ਹਨ? ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਆਰਐੈਸਐੈਸ ਦਾ ਇਹ ਨੀਤੀ ਵਾਲਾ ਬਿਆਨ ਹੈ, ਤਾਂ ਜੋ ਉਹ ਭਾਜਪਾ ਨੂੰ ਸੱਤਾ ਵੱਲ ਲਿਆ ਸਕੇ, ਕਿਉਂਕਿ ਮੁਸਲਮਾਨਾਂ ਤੇ ਘੱਟ ਗਿਣਤੀਆਂ ਪ੍ਰਤੀ ਨਫ਼ਰਤ, ਦਲਿਤਾਂ 'ਤੇ ਹਮਲੇ, ਹਿੰਦੂ ਕੇਡਰ ਦਾ ਆਧਾਰ ਨਹੀਂ ਵਧਾ ਸਕੇ। ਇਸ ਨਾਲ ਭਾਜਪਾ ਦਾ ਸਿਆਸੀ ਤੌਰ 'ਤੇ ਵੱਡਾ ਨੁਕਸਾਨ ਹੋਇਆ ਹੈ।

ਅਸਲ ਵਿਚ ਇਹ ਸਾਰਾ ਮਾਮਲਾ ਸੰਨ 2019 ਦੀਆਂ ਚੋਣਾਂ ਦਾ ਹੈ, ਜਿਸ ਤਹਿਤ ਭਾਜਪਾ ਤੇ ਆਰਐੈ ਐੈਸ ਆਪਣੀ ਰਣਨੀਤੀ ਤੇ ਚੋਣਾਵੀ ਤਿਆਰੀ ਕਰ ਰਹੇ ਹਨ। ਸੱਤਾਧਾਰੀ ਭਾਜਪਾ ਦੀ ਅਗਵਾਈ ਵਾਲੀ ਐੈਨਡੀਏ ਸਰਕਾਰ ਨੇ ਆਪਣੇ ਚੋਣ ਵਾਅਦਿਆਂ ਦੇ ਮੁਤਾਬਕ ਸਫ਼ਲਤਾ ਹਾਸਲ ਨਹੀਂ ਕੀਤੀ। ਇਸ ਦੌਰਾਨ ਧਰਮ ਦੇ ਨਾਮ 'ਤੇ ਹਿੰਸਕ ਭੀੜ ਨੂੰ ਖੂਬ ਭੜਕਾਇਆ ਹੈ। ਇਸ ਤਹਿਤ ਦਲਿਤਾਂ ਤੇ ਮੁਸਲਮਾਨਾਂ 'ਤੇ ਹਮਲੇ ਹੋਏ ਹਨ। ਇਸ ਦੌਰਾਨ ਐੈਸਸੀ/ਐੈਸਟੀ ਨੂੰ ਲੈ ਕੇ ਮੂਲਨਿਵਾਸੀਆਂ ਅਤੇ ਉੱਚ ਜਾਤਾਂ ਦੇ ਵਿਚਾਲੇ ਤਾਕਤ ਪ੍ਰਦਰਸ਼ਨ ਦੀ ਰਣਨੀਤੀ ਵੀ ਖੇਡੀ ਗਈ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਸੰਘ ਦੀਆਂ ਚੋਣਾਂ ਵਿਚ ਵੀ ਆਰ ਐੈਸ ਐੈਸ ਤੇ ਭਾਜਪਾ ਵਲੋਂ ਦਖਲਅੰਦਾਜ਼ੀ ਦੇਣ ਦੀ ਕੋਸ਼ਿਸ਼ ਕੀਤੀ ਗਈ। ਇਸ ਦੇ ਬਾਵਜੂਦ ਭਗਵੇਂਵਾਦ ਨੂੰ ਪ੍ਰਣਾਈ ਏਬੀਬੀਪੀ ਇਨ੍ਹਾਂ ਚੋਣਾਂ ਦੌਰਾਨ ਖੱਬੇ ਪੱਖੀਆਂ ਕੋਲੋਂ ਹਾਰ ਗਈ। ਹਾਲਾਂਕਿ ਏਬੀਬੀਪੀ ਨੇ ਇਨ੍ਹਾਂ ਚੋਣਾਂ ਦੌਰਾਨ ਆਪਣੇ ਵਿਰੋਧੀ ਖੱਬੇ ਪੱਖੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ, ਪਰ ਖੱਬੇ ਪੱਖੀਆਂ ਨੇ ਇਕ ਰਣਨੀਤੀ ਤਹਿਤ ਹਿੰਸਾ ਦਾ ਜਵਾਬ ਹਿੰਸਾ ਨਹੀਂ ਦਿੱਤਾ ਤੇ ਮਜ਼ਬੂਤੀ ਨਾਲ ਚੋਣਾਂ ਲੜ ਕੇ ਜਿੱਤੀਆਂ। ਏਬੀਬੀਪੀ ਦੂਸਰੇ ਨੰਬਰ 'ਤੇ ਰਹੀ। ਵਿਦਿਆਰਥੀ ਚੋਣਾਂ ਵਿਚ ਮੁਖੀ ਉਪ ਮੁਖੀ, ਜਨਰਲ ਸੈਕਟਰੀ, ਜਾਇੰਟ ਸੈਕਟਰੀ ਦੇ ਚਾਰ ਅਹੁਦਿਆਂ 'ਤੇ ਖੱਬੇ ਪੱਖੀਆਂ ਦੀ ਜਿੱਤ ਹੋਈ। ਲੈਫਟ ਗੱਠਜੋੜ ਵਿਚ ਐੈਸਐੈਫਆਈ, ਆਈਸਾ, ਏਆਈਐੈਸਐੈਫ ਤੇ ਡੀਐੈਸਐੈਫ ਸ਼ਾਮਲ ਸਨ। ਮੁਖੀ ਅਹੁਦੇ 'ਤੇ ਐੈਨ ਸਾਈ ਬਾਲਾ ਜੀ, ਉਪ ਮੁਖੀ ਸਾਰਿਕਾ ਚੌਧਰੀ, ਜਨਰਲ ਸੈਕਟਰੀ ਅਹੁਦੇ 'ਤੇ ਏਜਾਜ ਅਹਿਮਦ ਤੇ ਜਾਇੰਟ ਸੈਕਟਰੀ 'ਤੇ ਅਮੁਥਾ ਜੈਦੀਪ ਜਿੱਤੇ ਹਨ। ਚੋਣ ਜਿੱਤਣ ਤੋਂ ਬਾਅਦ ਵੀ ਏਬੀਬੀਪੀ ਵਲੋਂ ਖੱਬੇ ਪੱਖੀਆਂ ਨੂੰ ਧਮਕਾਉਣ ਦੀ ਖੇਡ ਜਾਰੀ ਹੈ। 2016 ਵਿਚ ਇਕ ਸਾਜ਼ਿਸ਼ ਤਹਿਤ ਜੇਐੈਨਯੂ ਨੂੰ ਦੇਸ਼ਧ੍ਰੋਹੀਆਂ ਦਾ ਅੱਡਾ ਐੈਲਾਨਣ ਦੀ ਕੋਸ਼ਿਸ ਕੀਤੀ ਗਈ। ਕਨੱਈਆ ਕੁਮਾਰ ਤੇ ਉਮਰ ਖਾਲਿਦ ਵਰਗੇ ਸਿਆਣੇ ਵਿਦਿਆਰਥੀਆਂ ਨੂੰ ਦੇਸ਼ਧ੍ਰੋਹੀ ਤੇ ਦੇਸ਼ ਦੇ ਟੁਕੜੇ ਕਰਨ ਵਾਲਾ ਬ੍ਰਾਂਡ ਕਰਾਰ ਦਿੱਤਾ ਗਿਆ। ਪੂਰੇ ਦੇਸ ਵਿਚ ਇਸ ਬਹਾਨੇ ਰਾਸ਼ਟਰਵਾਦ ਤੇ ਦੇਸ਼ਧ੍ਰੋਹੀ ਦੇ ਬਹਿਸ ਨੂੰ ਜਨਮ ਦਿੱਤਾ ਗਿਆ ਤਾਂ ਜੋ ਖੱਬੇ ਪੱਖੀਆਂ ਨੂੰ ਬਦਨਾਮ ਕਰਕੇ ਆਰ ਐੈਸ ਐੈਸ ਪੱਖੀ ਏਬੀਬੀਪੀ ਦਾ ਕਬਜ਼ਾ ਕਰਵਾਇਆ ਜਾ ਸਕੇ। ਜੋ ਭਾਜਪਾ ਤੇ ਆਰ ਐੈਸ ਐੈਸ ਦੀ ਵਿਚਾਰਧਾਰਾ ਨਾਲ ਸਹਿਮਤ ਨਹੀਂ ਸਨ, ਉਨ੍ਹਾਂ ਨੂੰ ਦੇਸਧ੍ਰੋਹੀ ਠਹਿਰਾ ਦਿੱਤਾ ਗਿਆ। ਕਨੱਈਆ ਕੁਮਾਰ ਨੂੰ ਜੇਲ੍ਹ ਹੋ ਗਈ। ਸੁਪਰੀਮ ਕੋਰਟ ਦੇ ਹੁਕਮ ਦੇ ਬਾਅਦ ਅਦਾਲਤ ਵਿਚ ਕਨੱਈਆ ਨੂੰ ਵਕੀਲਾਂ ਦੇ ਇਕ ਗਿਰੋਹ ਵਲੋਂ ਕੁੱਟਿਆ ਮਾਰਿਆ ਗਿਆ, ਪਟਿਆਲਾ ਹਾਊਸ ਬੋਰਡ ਦੇ ਬਾਹਰ ਖੱਬੇ ਪੱਖੀ ਵਿਚਾਰਧਾਰਾ ਦੇ ਸਮਰੱਥਕਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ। ਔਰਤ ਪ੍ਰੋਫੈਸਰਾਂ ਨੂੰ ਜ਼ਲੀਲ ਕੀਤਾ ਗਿਆ। ਭਾਜਪਾ ਦੇ ਇਕ ਐੈਮਐੈਲਓ ਓਪੀ ਸ਼ਰਮਾ ਕੈਮਰੇ ਤੇ ਮਾਰਕੁੱਟ ਕਰਦੇ ਦੇਖੇ ਗਏ। ਮਾਰਕੁਟ ਕਰਨ ਵਾਲੇ ਵਕੀਲ ਖੁੱਲ੍ਹੇਆਮ ਧਮਕੀ ਦਿੰਦੇ ਰਹੇ ਕਿ ਪੁਲੀਸ ਚੁੱਪ ਚਾਪ ਤਮਾਸ਼ਾ ਦੇਖਦੀ ਰਹੀ, ਸੱਤਾ ਖਾਮੋਸ਼ ਰਹੀ।

ਦਿਲਚਸਪ ਗੱਲ ਇਹ ਹੈ ਕਿ 900 ਤੋਂ ਜ਼ਿਆਦਾ ਦਿਨ ਹੋ ਗਏ ਹਨ ਪਰ ਅਜੇ ਤੱਕ ਜੇਐੈਨਯੂ ਦੇ ਮਾਮਲੇ ਵਿਚ ਕਨੱਈਆ ਕੁਮਾਰ ਤੇ ਉਮਰ ਖਾਲਿਦ ਦੇ ਖਿਲਾਫ਼ ਚਾਰਜਸ਼ੀਟ ਦਾਖਲ ਨਹੀਂ ਕੀਤੀ ਗਈ। ਜਦ ਕਿ ਸਰਕਾਰ ਵਲੋਂ ਇਹ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਦੇ ਖਿਲਾਫ ਪੱਕੇ ਸਬੂਤ ਹਨ ਤਾਂ ਚਾਰਜਸ਼ੀਟ ਕਿਉਂ ਨਹੀਂ ਦਾਖਲ ਕੀਤੀ ਗਈ? ਜੇ ਪੱਕੇ ਸਬੂਤ ਨਹੀਂ ਸਨ ਤਾਂ ਇਨ੍ਹਾਂ ਵਿਦਿਆਰਥੀਆਂ ਨੂੰ ਜ਼ਲੀਲ ਕਿਉਂ ਕੀਤਾ ਗਿਆ? ਕੀ ਇਹ ਜਮਹੂਰੀਅਤ ਦੇਸ ਵਿਚ ਐੈਮਰਜੈਂਸੀ ਨਹੀਂ ਹੈ, ਜਿਥੇ ਬੋਲਣ ਤੇ ਪ੍ਰਗਟਾਵੇ ਦੀ ਅਜ਼ਾਦੀ ਉੱਪਰ ਕਰਫਿਊ ਲਗਾ ਦਿੱਤਾ ਹੋਵੇ? ਮੋਦੀ ਸਰਕਾਰ ਇਕ ਮਜ਼ਬੂਤ ਸਰਕਾਰ ਹੈ। ਇਸ ਦੇ ਬਾਵਜੂਦ ਇਹੋ ਜਿਹੇ ਕਾਂਡ ਵਾਪਰਨੇ ਕੀ ਸੰਦੇਸ਼ ਦਿੰਦੇ ਹਨ? ਆਖਿਰ ਇਨ੍ਹਾਂ ਪਿੱਛੋਂ ਕੌਣ ਹੈ?

ਖੱਬੇ ਪੱਖੀਆਂ ਦੀ ਜਿੱਤ ਦਾ ਕਾਰਨ ਇਹੀ ਸੀ ਕਿ ਉਨ੍ਹਾਂ ਦੀ ਲੀਡਰਸ਼ਿਪ ਸੁਲਝੀ ਹੋਈ ਸੀ ਤੇ ਉਨ੍ਹਾਂ ਨੇ ਫਿਰਕੂ ਹਿੰਸਾ ਤੇ ਫਿਰਕੂ ਦਾ ਟਾਕਰਾ ਜਮਹੂਰੀ ਢੰਗ ਨਾਲ ਕੀਤਾ ਤੇ ਆਪਣੇ ਹੱਕ ਵਿਚ ਲਹਿਰ ਬੁਲੰਦ ਕੀਤੀ।

ਦੂਸਰੇ ਪਾਸੇ ਭਾਰਤ ਵਿਚ ਬਹੁਜਨ ਏਕਤਾ ਦੀ ਵਿਚਾਰਧਾਰਕ ਲਹਿਰ ਵੀ ਉਸਰ ਰਹੀ ਹੈ, ਜੋ ਘੱਟ ਗਿਣਤੀਆਂ ਤੇ ਖੱਬੇ ਪੱਖੀਆਂ ਨੂੰ ਲੈ ਕੇ ਚਲ ਰਹੀ ਹੈ। ਮਹਾਂਰਾਸ਼ਟਰ ਵਿਚ ਇਸ ਦੀ ਅਗਵਾਈ ਵਾਮਨ ਮੇਸ਼ਰਾਮ ਮੁਖੀ ਬਾਮਸੇਫ, ਤੀਸਤਾ ਸੀਤਲਵਾੜ ਕਰ ਰਹੇ ਹਨ ਤੇ ਯੂਪੀ ਵਿਚ ਚੰਦਰ ਸ਼ੇਖਰ ਅਜ਼ਾਦ ਰਾਵਣ ਕਰ ਰਹੇ ਹਨ। ਲਾਲੂ, ਮੁਲਾਇਮ ਤੇ ਮਾਇਆਵਤੀ ਦੀ ਸਾਂਝੀ ਰਾਜਨੀਤੀ ਭਾਜਪਾ ਲਈ ਚੁਣੌਤੀ ਬਣ ਰਹੀ ਹੈ। ਨਵੇਂ ਨਵੇਂ ਸਮੀਕਰਨ ਉਭਰਨ ਦੀਆਂ ਤਿਆਰੀਆਂ ਵਿਚ ਹਨ। ਅੱਗੋਂ ਕੀ ਹੋਵੇਗਾ, ਇਹ ਵਕਤ ਤੋਂ ਪਹਿਲਾਂ ਕਹਿਣ ਦੀ ਗੱਲ ਹੈ। ਪਰ ਏਨੀ ਗੱਲ ਜ਼ਰੂਰ ਹੈ ਕਿ ਭਾਜਪਾ ਤੇ ਆਰ ਐੈਸ ਐੈਸ ਨੂੰ ਇਨ੍ਹਾਂ ਗੱਠਜੋੜਾਂ ਦਾ ਡਰ ਸਤਾ ਰਿਹਾ ਹੈ। ਇਹੀ ਕਾਰਨ ਹੈ ਕਿ ਆਰ ਐੈਸ ਐੈਸ ਨੂੰ ਆਪਣੀ ਵਿਚਾਰਧਾਰਾ ਵਿਚ ਡਰਾਮੇਮਈ ਢੰਗ ਦੇ ਨਾਲ ਤਬਦੀਲੀ ਲਿਆਉਣੀ ਪੈ ਰਹੀ ਹੈ।



# ਪਾਕਿਸਤਾਨ ਵਿਚਲੇ ਸਿੱਖ ਗੁਰਧਾਮਾਂ ਦੀ ਯਾਤਰਾ

**ਗੁਰਚਰਨ ਪੱਖੋਕਲਾਂ**
(ਸੰਪਰਕ :9417727245)

ਪੁਰਾਤਨ ਸਮੇਂ ਤੋਂ ਸਿੱਖਾਂ ਦੀ ਮੂਲ ਜਨਮ ਭੂਮੀ ਪੰਜਾਬ ਦਾ ਕੇਂਦਰ ਪਾਕਿਸਤਾਨ ਦਾ ਸਭ ਤੋਂ ਵੱਡਾ ਸ਼ਹਿਰ ਲਾਹੌਰ ਰਿਹਾ ਹੈ। ਹਰ ਸਿੱਖ ਦੀ ਇੱਛਾ ਨਨਕਾਣਾ ਸਾਹਿਬ ਜਿੱਥੇ, ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਜੀ ਦਾ ਜਨਮ ਹੋਇਆ, ਦੇਖਣ ਦੀ ਹੁੰਦੀ ਹੈ। ਵਰਤਮਾਨ ਸਮੇਂ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਆਪੋ-ਆਪਣੇ ਹਿੱਤਾਂ ਸਿੱਖਾਂ ਦੀਆਂ ਇਛਾਵਾਂ ਦਾ ਦਮਨ ਕਰ ਰਹੀਆਂ ਹਨ। ਸਿੱਖ ਕੌਮ ਦੇ ਆਗੂ ਸਿੱਖ ਭਾਵਨਾਵਾਂ ਦੀ ਤਰਜਮਾਨੀ ਕਰਨ ਦੀ ਥਾਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਦੇ ਮੋਹਰੇ ਬਣਕੇ ਸਿੱਖਾਂ ਦਾ ਦਮਨ ਕਰਵਾ ਰਹੇ ਹਨ। ਦੋਵਾਂ ਦੇਸ਼ਾਂ ਦੇ ਵਿਗੜੇ ਸਬੰਧਾਂ ਅਤੇ ਸ਼ਿਰੋਮਣੀ ਕਮੇਟੀ ਦੇ ਰਾਜਨੀਤਕ ਗੁਲਾਮੀ ਕਾਰਨ ਲਏ ਫੈਸਲੇ ਅਨੇਕਾਂ ਵਾਰ ਸਿੱਖ ਜਥਿਆਂ ਦੀ ਪਾਕਿ ਵਿਚਲੇ ਸਿੱਖ ਗੁਰਧਾਮਾਂ ਦੀ ਯਾਤਰਾ ਰੱਦ ਕਰਵਾਉਣ ਵਿਚ ਹਿੱਸਾ ਪਾਉਂਦੇ ਹਨ ।

9 ਜੂਨ 2018 ਨੂੰ 84 ਯਾਤਰੀਆਂ ਨਾਲ ਪਾਕਿਸਤਾਨ ਦੇ ਸਿੱਖ ਗੁਰਧਾਮ ਦੇਖਣ ਜਾਣ ਦਾ ਸੁਭਾਗ ਪਰਾਪਤ ਹੋਇਆ। ਅਟਾਰੀ ਰੇਲਵੇ ਸਟੇਸ਼ਨ ਤੋਂ ਰਵਾਨਾ ਹੋਣ ਸਮੇਂ ਪੰਜਾਬ ਪੁਲੀਸ ਦੇ ਹਾਜ਼ਰ ਸੀਨੀਅਰ ਅਧਿਕਾਰੀ ਸਮੇਤ ਸਾਰੇ ਮੁਲਾਜ਼ਮਾਂ ਵੱਲੋਂ ਬਹੁਤ ਹੀ ਅਦਬ ਨਾਲ ਸ਼ੁਭ ਇਛਾਵਾਂ ਦਿੰਦਿਆਂ ਯਾਤਰਾ ਸਫਲ ਰਹਿਣ ਦੀ ਕਾਮਨਾ ਕੀਤੀ ਜਾਂਦੀ ਹੈ। ਪਾਕਿਸਤਾਨ ਸਰਕਾਰ ਵੱਲੋਂ ਆਮ ਤੌਰ 'ਤੇ ਚਾਰ ਦਿਹਾੜਿਆਂ ਉਤੇ ਵੀਜ਼ੇ ਜਾਰੀ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਜੂਨ ਮਹੀਨੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਨ , ਮਹਾਰਾਜਾ ਰਣਜੀਤ ਸਿੰਘ ਦੀ ਬਰਸੀ, ਨਵੰਬਰ ਵਿਚ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਪ੍ਰਮੁੱਖ ਹਨ। ਪਾਕਿਸਤਾਨ ਸਰਕਾਰ ਵੱਲੋਂ ਆਮ ਤੌਰ ਤੇ ਯਾਤਰੀਆਂ ਨੂੰ ਅਟਾਰੀ ਰੇਲਵੇ ਸਟੇਸ਼ਨ ਤੋਂ ਸਪੈਸ਼ਲ ਟਰੇਨ ਜਾਂ ਪੈਦਲ ਵਾਹਗਾ ਬਾਰਡਰ ਲੰਘਾ ਕੇ ਅੱਗੇ ਬੱਸਾਂ ਰਾਹੀਂ ਵੀ ਲਿਜਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਯਾਤਰੀਆਂ ਨੂੰ ਹਸਨ ਅਬਦਾਲ ਲਿਜਾਇਆ ਜਾਂਦਾ ਹੈ ਜੋ ਲਾਹੌਰ ਤੋਂ ਲੱਗਭੱਗ 400 ਕਿਲੋਮੀਟਰ ਦੂਰ ਹੈ । ਚਾਰ ਕੁ ਵਜੇ ਤਕ ਲਾਹੌਰ ਤੋਂ ਕਸਟਮ ਕਲੀਅਰੈਂਸ ਹੋ ਕੇ ਦੇਰ ਰਾਤ ਤੱਕ ਯਾਤਰੀ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਹਸਨ ਅਬਦਾਲ ਪਹੁੰਚਦੇ ਹਨ। ਹਸਨ ਅਬਦਾਲ ਪਾਕਿਸਤਾਨੀ ਪੰਜਾਬ ਦਾ ਅਖੀਰਲਾ ਸ਼ਹਿਰ ਹੈ। ਸਿੱਖ ਯਾਤਰੀਆਂ ਦਾ ਪਹਿਲਾਂ ਵਾਹਘਾ ਬਾਰਡਰ ਪਾਰ ਹੋਣ ਤੇ ਪਾਕਿਸਤਾਨ ਦੇ ਪਹਿਲੇ ਹੀ ਰੇਲਵੇ ਸਟੇਸਨ ਤੇ ਵਿਸ਼ੇਸ਼ ਸਵਾਗਤ ਕੀਤਾ ਜਾਂਦਾ ਹੈ। ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਪਾਕਿਸਤਾਨੀ ਸਿੱਖ ਆਗੂਆਂ ਅਤੇ ਸਰਕਾਰੀ ਅਧਿਕਾਰੀਆਂ ਹੱਥੋਂ ਪੇਸ਼ ਕੀਤੇ ਫੁੱਲਾਂ ਦੇ ਗੁਲਦਸਤੇ ਫੜਦਿਆਂ ਵੀਆਈਪੀ ਹੋਣ ਦਾ ਅਹਿਸਾਸ ਅਚੰਭਿਤ ਕਰਦਾ ਹੈ। ਸਕਿਉਰਿਟੀ ਵਿਚ ਖੜ੍ਹੇ ਸਲਿਊਟ ਕਰਦੇ ਹਜ਼ਾਰਾਂ ਬਲੈਕ ਕਮਾਂਡੋ ਦੇਖ ਕੇ ਮੰਤਰੀਆਂ ਵਰਗਾ ਮਹਿਸੂਸ ਹੁੰਦਾ ਹੈ। ਸਟੇਸ਼ਨ ਉੱਪਰ ਠੰਡੇ-ਮਿੱਠੇ ਸ਼ਰਬਤ ਦੀ ਛਬੀਲ ਅਤੇ ਖਾਣ ਪੀਣ ਦੇ ਪਰਬੰਧ ਬਹੁਤ ਹੀ ਅਨੰਦ ਦਿੰਦੇ ਹਨ । ਕਸਟਮ ਕਲੀਅਰ ਹੋਣ ਤੋਂ ਬਾਅਦ ਸਵਾਦਲਾ ਗੁਰੂ ਕਾ ਲੰਗਰ ਛਕਾਇਆ ਜਾਂਦਾ ਹੈ। ਹਰ ਯਾਤਰੀ ਦੇ ਪਾਸਪੋਰਟ ਜਮ੍ਹਾਂ ਕਰ ਲਏ ਜਾਂਦੇ ਹਨ ਅਤੇ ਸਪੈਸ਼ਲ ਯਾਤਰੀ-ਟੋਕਨ ਗਲਾਂ ਵਿਚ ਪਹਿਨਣ ਲਈ ਦੇ ਦਿੱਤੇ ਜਾਂਦੇ ਹਨ। ਇੱਥੇ ਹੀ ਸਾਰੇ ਦਸ ਦਿਨਾਂ ਲਈ ਸਪੈਸ਼ਲ ਟਰੇਨ ਦੀ ਟਿਕਟ ਮਿਲਦੀ ਹੈ। ਇਸ ਤੋਂ ਬਾਅਦ ਯਾਤਰਾ ਵਾਲੀ ਬੱਸ ਜਾਂ ਸਪੈਸ਼ਲ ਟਰੇਨ ਪੰਜਾ ਸਾਹਿਬ ਜ਼ਿਲ੍ਹੇ ਦੇ ਸ਼ਹਿਰ ਹਸਨ ਅਬਦਾਲ ਦੀ ਲੰਬੀ ਯਾਤਰਾ ਨੂੰ ਚੱਲ ਪੈਂਦੀ ਹੈ। ਰਸਤੇ ਵਿਚ ਸਪੈਸ਼ਲ ਟਰੇਨ ਵਿਚ ਬੈਠੇ ਪਗੜੀਧਾਰੀ ਸਿੱਖਾਂ ਨੂੰ ਦੇਖ ਕੇ ਬਾਹਰ ਬੈਠੇ ਆਮ ਲੋਕ ਹੱਥ ਹਿਲਾ ਕੇ ਸਵਾਗਤ ਕਰਦੇ ਆਮ ਹੀ ਦਿਖਾਈ ਦਿੰਦੇ ਹਨ। ਯਾਤਰੀ ਵੀ ਸਭ ਨੂੰ ਆਪਣੇ ਖੁਸ਼ ਚਿਹਰਿਆਂ ਨਾਲ ਸਨਮਾਨ ਦਿੰਦੇ ਹੋਏ, ਹੱਥ ਹਿਲਾਉਂਦੇ ਹੋਏ ਦੁਆਵਾਂ-ਸਲਾਮਾਂ ਨਾਲ ਭਰ ਜਾਂਦੇ ਹਨ। ਜੂਨ ਮਹੀਨੇ ਵਿਚ ਫਸਲਾਂ ਤੋਂ ਖਾਲੀ ਪਏ ਖੇਤ ਵਿਰਾਨਗੀ ਦੀ ਬਾਤ ਪਾਉਂਦੇ ਹਨ। ਜ਼ਿਆਦਾਤਰ ਘਰਾਂ ਦੇ ਨੇੜੇ ਬਣੇ ਹੋਏ ਪਸ਼ੂਆਂ ਖਾਸ ਕਰ ਮੱਝਾਂ ਦੇ ਵੱਡੇ ਸਧਾਰਨ ਢਾਰੇ ਦੇਖੇ ਜਾ ਸਕਦੇ ਹਨ। ਮੱਝਾਂ ਦਰੱਖਤਾਂ ਦੀਆਂ ਛਾਂਵਾਂ ਵਿਚ ਬੰਨ੍ਹੀਆਂ ਦਿਖਾਈ ਦਿੰਦੀਆਂ ਹਨ। ਰਾਵਲਪਿੰਡੀ ਤਕ ਪਹੁੰਚਦਿਆਂ ਹਨੇਰਾ ਹੋ ਜਾਂਦਾ ਹੈ ਅਤੇ ਇਸ ਤੋਂ ਬਾਅਦ ਰੇਲਵੇ ਸਟੇਸ਼ਨ ਉਤੇ ਸੁਰੱਖਿਆ ਲਈ ਖੜ੍ਹੇ ਹਜ਼ਾਰਾਂ ਸੁਰੱਖਿਆ ਮੁਲਾਜ਼ਮ ਸਵਾਗਤ ਕਰਦੇ ਹਨ। ਪੁਲੀਸ ਮੁਲਾਜ਼ਮ ਅਤੇ ਉਹਨਾਂ ਦੇ ਅਫਸਰ ਸਾਹਿਬਾਨ ਹੱਥ ਹਿਲਾ ਕੇ 'ਜੀ ਆਇਆਂ ਨੂੰ' ਆਖਦੇ ਹਨ। ਸਕਿਊਰਿਟੀ ਦੇ ਕਾਰਨ ਯਾਤਰੀਆਂ ਨੂੰ ਸਖਤ ਨਿਗਾਹਾਂ ਹੇਠ ਰੱਖਿਆ ਜਾਂਦਾ ਹੈ, ਕਿਧਰੇ ਵੀ ਦੂਰ



ਜਾਣ ਨਹੀਂ ਦਿੱਤਾ ਜਾਂਦਾ ਅਤੇ ਨਾ ਹੀ ਆਮ ਲੋਕਾਂ ਨੂੰ ਯਾਤਰੀਆਂ ਦੇ ਨੇੜੇ ਆਉਣ ਦਿੱਤਾ ਜਾਂਦਾ ਹੈ।

ਰਸਤੇ ਵਿਚ ਜਿਹਲਮ ਅਤੇ ਚਨਾਬ ਦਰਿਆ ਦੇ ਦਰਸ਼ਨ ਕਰਕੇ ਰੂਹ ਖੁਸ਼ ਹੋ ਜਾਂਦੀ ਹੈ ਕਿਉਂਕਿ ਪੰਜਾਬ ਦੇ ਅੱਧੇ ਆਬ (ਦਰਿਆ) ਪਾਕਿਸਤਾਨੀ ਪੰਜਾਬ ਦੀ ਜਿੰਦ ਜਾਨ ਹਨ। ਲਾਹੌਰ ਦੇ ਨੇੜੇ-ਤੇੜੇ ਸਧਾਰਨ ਅਤੇ ਕੱਚੇ ਘਰਾਂ ਅਤੇ ਮੱਝਾਂ ਵਾਲੇ ਵੱਡੇ-ਵੱਡੇ ਖੁੱਲ੍ਹੇ ਢਾਰਿਆਂ ਦੇ ਦਰਸ਼ਨ ਹੁੰਦੇ ਹਨ। ਖਾਲੀ ਪਈਆਂ ਤਪਦੀਆਂ ਜ਼ਮੀਨਾਂ ਦਿਖਾਈ ਦਿੰਦੀਆਂ ਹਨ। ਤਰੱਕੀ ਵਿਚ ਪਛੜਿਆਂ ਦਿਸਣ ਦੇ ਬਾਵਜੂਦ ਪੁਰਾਤਨ ਪੰਜਾਬ ਦੇ ਦਰਸ਼ਨ ਰੂਹ ਖੁਸ਼ ਕਰ ਦਿੰਦੇ ਹਨ। ਇਸਤਰੀਆਂ ਨੂੰ ਪਰਦੇ ਵਿਚ ਦੇਖਦਿਆ ਨਵਾਂ ਸੁਆਦਲਾ ਅਨੁਭਵ ਹੁੰਦਾ ਹੈ। ਗਰਮੀ ਵਿਚ ਟਰੇਨ ਵਿਚ ਪਾਣੀ ਦੇ ਪਰਬੰਧ ਦੀ ਕਮੀ ਮਹਿਸੂਸ ਹੁੰਦੀ ਹੈ ਜੋ ਕਿ ਹਰ ਯਾਤਰੀ ਨੂੰ ਪਾਣੀ ਦਾ ਪਰਬੰਧ ਖੁਦ ਕਰਕੇ ਰੱਖਣ ਨੂੰ ਪਹਿਲ ਦੇਣੀ ਚਾਹੀਦੀ ਹੈ। ਰਸਤੇ ਵਿਚ ਕਈ ਵੱਡੇ ਸ਼ਹਿਰ ਦੂਰੋਂ ਦੇਖਣ ਨੂੰ ਮਿਲਦੇ ਹਨ, ਜਿਹਨਾਂ ਵਿਚ ਗੁਜਰਾਂਵਾਲਾ, ਰਾਵਲਪਿੰਡੀ, ਜਿਹਲਮ ਆਦਿ ਹਨ। ਜਿਉਂ-ਜਿਉਂ ਪੰਜਾ ਸਾਹਿਬ ਵੱਲ ਜਾਈਦਾ ਹੈ, ਪੱਧਰੀ ਜ਼ਮੀਨ ਦੀ ਥਾਂ ਬੇਅਬਾਦ ਪਹਾੜੀ ਇਲਾਕਾ ਆਉਂਦਾ ਜਾਂਦਾ ਹੈ। ਸ਼ਹਿਰਾਂ ਤੋਂ ਬਿਨਾ ਖੇਤਾਂ ਵਿਚ ਬਿਜਲੀ ਪਰਬੰਧ ਬਹੁਤ ਹੀ ਘੱਟ ਦਿਖਾਈ ਦਿੰਦਾ ਹੈ। ਹਸਨ ਅਬਦਾਲ ਦੇ ਰੇਲਵੇ ਸਟੇਸ਼ਨ ਉਤੇ ਰਾਤ ਦੇ 10 ਵਜੇ ਪਹੁੰਚਣ ਉਤੇ ਫੁੱਲਾਂ ਅਤੇ ਹਾਰਾਂ ਨਾਲ ਸਵਾਗਤ ਹੁੰਦਾ ਹੈ, ਜਿਸ ਨੂੰ ਦੇਖਦਿਆਂ-ਮਹਿਸੂਸਦਿਆਂ ਰਸਤੇ ਦਾ ਸਾਰਾ ਥਕੇਵਾਂ ਦੂਰ ਹੋ ਜਾਂਦਾ ਹੈ। ਰੇਲਵੇ ਸਟੇਸ਼ਨ ਤੋਂ ਗੁਰਦੁਆਰਾ ਸਾਹਿਬ ਤਕ ਛੋਟੇ ਰਸਤੇ ਉੱਪਰ ਹੀ ਹਜ਼ਾਰਾਂ ਕਮਾਂਡੋ ਸੁਰੱਖਿਆ ਵਿਚ ਤਾਇਨਾਤ ਰਹਿੰਦੇ ਹਨ। ਪੰਜਾ ਸਾਹਿਬ ਨੂੰ ਨਮਸਕਾਰ ਕਰਦਿਆਂ ਹਾਜ਼ਰੀ ਫਾਰਮ ਜਮ੍ਹਾਂ ਕਰਵਾ ਕੇ ਸਭ ਯਾਤਰੀ ਸੌਣ ਲਈ ਕਮਰਿਆਂ ਵੱਲ ਰੁਖ ਕਰਦੇ ਹਨ।

## ਯਾਤਰਾ ਸ੍ਰੀ ਪੰਜਾ ਸਾਹਿਬ ਜ਼ਿਲ੍ਹਾ ਅਤੇ ਸ਼ਹਿਰ ਹਸਨ ਅਬਦਾਲ

ਦੇਰ ਰਾਤ ਨੂੰ ਲੰਬੇ ਸਫਰ ਤੋਂ ਬਾਅਦ 10 ਜੂਨ ਦੀ ਸਵੇਰ ਨੂੰ ਪੰਜਾ ਸਾਹਿਬ ਵਿਖੇ ਗੁਰਬਾਣੀ ਦੀਆਂ ਮਿੱਠੀਆਂ ਧੁਨਾਂ ਸੁਣਦਿਆਂ ਅੱਖ ਖੁੱਲ੍ਹਦੀ ਹੈ । ਹਰ ਕੋਈ ਪੰਜਾ ਸਾਹਿਬ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਤੋਂ ਪਹਿਲਾਂ ਪਾਕਿ ਪਵਿੱਤਰ ਜਲ ਵਾਲੇ ਸਰੋਵਰ ਵਿਚ ਇਸ਼ਨਾਨ ਕਰਨ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਚਾਹ ਦਾ ਲੰਗਰ ਸਵੇਰੇ ਹੀ ਸ਼ੁਰੂ ਹੋ ਜਾਂਦਾ ਹੈ। ਚਾਹ ਪੀਣ ਅਤੇ ਇਸ਼ਨਾਨ ਕਰਨ ਤੋਂ ਬਾਅਦ ਪਾਣੀ ਦੇ ਵਿਚਕਾਰ ਬਣੇ ਹੋਏ ਗੁਰਦੁਆਰਾ ਸਾਹਿਬ ਵਿਚ ਆਪੋ ਆਪਣੀ ਤਿਆਰੀ ਅਤੇ ਸ਼ਰਧਾ ਅਨੁਸਾਰ ਸਾਰੇ ਯਾਤਰੀ ਨਤਮਸਤਕ ਹੁੰਦੇ ਹਨ । ਸ਼ਹਿਰ ਅਤੇ ਨੇੜੇ-ਤੇੜੇ ਦੇ ਇਲਾਕਿਆਂ ਦੇ ਲੰਮੇ ਕੁੜਤੇ, ਪਠਾਣੀ ਸਲਵਾਰਾਂ ਵਰਗੇ ਪਜਾਮਿਆਂ ਵਿਚ ਅਤੇ ਪਠਾਣੀ ਸੂਟਾਂ ਨਾਲ਼ ਸਜੇ ਹਰੀ ਸਿੰਘ ਨਲੂਏ ਵਰਗੀਆਂ ਸ਼ਕਲਾਂ ਅਤੇ ਮਜ਼ਬੂਤ ਸਰੀਰਾਂ ਵਾਲੇ ਸਿੰਘ ਅਤੇ ਸਿੰਧੀ ਸਿੱਖਾਂ ਦੇ ਦਰਸ਼ਨ ਵੀ ਆਨੰਦਮਈ ਹੁੰਦੇ ਹਨ। ਸਹਿਜਧਾਰੀਆਂ ਨੂੰ ਰੁਮਾਲਾਂ ਨਾਲ ਸਿਰ ਢਕੀਂ ਦਰਬਾਰ ਅੰਦਰ ਸ਼ਰਧਾ ਨਾਲ ਗੇਟ-ਬਾਰੀਆਂ ਨੂੰ ਕੱਪੜਿਆਂ ਤੇ ਰੁਮਾਲਾਂ ਨਾਲ ਸਾਫ ਕਰਦੇ ਹੋਏ ਦੇਖਦਿਆਂ ਕੌਣ ਸਿੱਖ, ਕੌਣ ਹਿੰਦੂ ਤੇ ਕੌਣ ਮੁਸਲਮਾਨ ਦਾ ਭੁਲੇਖਾ ਹੀ ਦੂਰ ਹੋ ਜਾਂਦਾ ਹੈ । ਗੁਰਦੁਆਰਾ ਸਾਹਿਬ ਦੇ ਅੰਦਰ ਅਤੇ ਬਾਹਰ ਹਜ਼ਾਰਾਂ ਪੁਲੀਸ ਜਾ ਸੁਰੱਖਿਆ ਫੋਰਸਾਂ ਦੇ ਜਵਾਨ ਵੀ ਪਹਿਰਾ ਦਿੰਦੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਗੁਰੂ ਗਰੰਥ ਸਾਹਿਬ ਜੀ ਦੀ ਹਜੂਰੀ ਤੋਂ ਬਿਨਾ ਸਿਰ ਢਕਣ ਦੀ ਕੋਈ ਪਾਬੰਦੀ ਨਹੀਂ ਹੈ। ਤਲਾਅ ਵਿਚ ਨਹਾਉਣ ਸਮੇਂ ਵੀ ਸਿਰ ਢਕਣ ਜਾਂ ਨਾ ਢਕਣ ਉਤੇ ਕੋਈ ਰੋਕ ਟੋਕ ਨਹੀਂ । ਯਾਤਰੀ ਇਸ ਆਜ਼ਾਦ ਵਾਤਵਰਣ ਨੂੰ ਦੇਖਕੇ ਭਾਰਤੀ ਪੰਜਾਬ ਵਿਚਲੇ ਬਰਛਿਆਂ ਵਾਲਿਆਂ ਦਾ ਬੁਰਾ ਪਰਭਾਵ ਜ਼ਰੂਰ ਚੇਤੇ ਕਰਦੇ ਹਨ। ਇਸ ਇਲਾਕੇ ਵਿਚ ਸਿਰਫ ਪੰਜ ਕੁ ਸੌ ਸਿੱਖ ਪਰਿਵਾਰ ਹਨ ਜਿਹਨਾਂ ਦੇ ਸੌ ਪ੍ਰਤੀਸ਼ਤ ਮੈਂਬਰ ਸਿੱਖੀ ਸਰੂਪ ਵਿਚ ਹਨ। ਗੁਰਦੁਆਰਾ ਸਾਹਿਬ ਅੰਦਰ ਇਸਤਰੀ-ਪੁਰਸ਼ ਇਕੱਠੇ ਹੀ ਕੀਰਤਨ ਅਤੇ ਪਾਠ ਕਰਨ ਦੀ ਸੇਵਾ ਨਿਭਾਉਂਦੇ ਹਨ। ਗੁਰਦੁਆਰਾ ਪੰਜਾ ਸਾਹਿਬ ਦੀ ਇਮਾਰਤ ਪਾਣੀ ਦੇ ਤਲਾਬ ਵਿਚਕਾਰ ਹੈ । ਤਲਾਬ ਜਾਂ ਗੁਰਦੁਆਰਾ ਸਾਹਿਬ ਦੇ ਚਾਰ ਚੁਫੇਰੇ ਰਹਿਣ ਲਈ ਰਿਹਾਇਸ਼ੀ ਕਮਰੇ ਤੇ ਉਹਨਾਂ ਅੱਗੇ ਵਰਾਂਡਾ ਹਰਮੰਦਿਰ ਸਾਹਿਬ ਦੀ ਤਰਜ਼ 'ਤੇ ਹੀ ਬਣਿਆ ਹੋਇਆ ਹੈ। ਲੰਗਰ ਹਾਲ ਪਿਛਲੇ ਪਾਸੇ ਬਣਾਇਆ ਗਿਆ ਹੈ। ਇਸ ਤਰ੍ਹਾਂ ਹੀ ਇਕ ਹੋਰ ਵੱਡੀ ਸਰਾਂ ਵੀ ਇਕ ਪਾਸੇ ਬਣੀ ਹੋਈ ਹੈ।

ਦਿਨ ਦੇ ਦਸ ਕੁ ਵਜੇ ਨਾਲ ਸੰਗਤਾਂ ਨੂੰ ਵਲੀ ਕੰਧਾਰੀ ਦੀ ਉਪਰ ਪਹਾੜੀ ਉਤੇ ਬਣੀ ਹੋਈ ਥਾਂ 'ਤੇ ਯਾਤਰਾ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ ਹੈ। ਸੁਰੱਖਿਆਂ ਫੋਰਸਾਂ ਦੇ ਪਹਿਰੇ ਵਿਚ ਯਾਤਰੀ ਵਲੀ ਕੰਧਾਰੀ ਦੀ ਉਸ ਜਗ੍ਹਾ ਨੂੰ ਦੇਖਣ ਜਾਂਦੇ ਹਨ। ਢਾਈ ਤਿੰਨ ਕਿਲੋਮੀਟਰ ਦੀ ਉਚਾਈ ਉਤੇ ਹੈ ਇਹ ਜਗ੍ਹਾ । ਸੁਰੱਖਿਆ ਕਾਰਨਾਂ ਕਰਕੇ ਨੇੜੇ-ਤੇੜੇ ਦੇ ਬਜ਼ਾਰ ਪੂਰੀ ਤਰਾ ਬੰਦ ਕਰਵਾ ਦਿੱਤੇ ਜਾਂਦੇ ਹਨ ਅਤੇ ਯਾਤਰੀਆਂ ਨੂੰ ਬਜ਼ਾਰ ਵਗੈਰਾ ਘੁੰਮਣ ਦੀ ਇਜਾਜ਼ਤ ਘੱਟ ਹੀ ਦਿੱਤੀ ਜਾਂਦੀ ਹੈ ਜਿਸ ਦਾ ਕਾਰਨ ਅਫਗਾਨਿਸਤਾਨ ਦਾ ਨੇੜੇ ਹੋਣਾ ਦੱਸਿਆ ਜਾਂਦਾ ਹੈ । ਆਮ ਲੋਕ ਬੰਦ ਦਰਵਾਜ਼ਿਆਂ ਵਿਚੋਂ ਸਿੱਖਾਂ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਨ। ਬਜ਼ਾਰ ਦੇ ਰਸਤੇ ਤੋਂ ਬਾਹਰ ਨਿਕਲਦਿਆਂ ਹੀ ਚੜ੍ਹਾਈ ਸ਼ੁਰੂ ਹੋ ਜਾਂਦੀ ਹੈ। ਪਹਾੜੀ ਉੱਪਰ ਚੜ੍ਹ ਕੇ ਦੇਖਦਿਆਂ ਗੁਰਦੁਆਰਾ ਸਾਹਿਬ ਕਾਫੀ ਦੂਰ ਦਿਖਾਈ ਦਿੰਦਾ ਹੈ ਅਤੇ ਵਿਚਕਾਰ ਕਾਫੀ ਵੱਡੀ ਪਹਾੜੀ ਖਾਈ ਦਿਸਦੀ ਹੈ ਜੋ ਵਰਤਮਾਨ ਸਮੇਂ ਰਿਹਾਇਸ਼ੀ ਹੋ ਚੁੱਕੀ ਹੈ। ਇਸ ਥਾਂ ਤੋਂ ਸੁੱਟਿਆ ਪੱਥਰ ਗੁਰੂਦੁਆਰਾ ਸਾਹਿਬ ਵਾਲੀ ਜਗ੍ਹਾ ਪਹੁੰਚਿਆ ਸੀ ਜਾਂ ਗੁਰੂ ਜੀ ਪਹਾੜੀ ਦੇ ਨੇੜੇ ਬੈਠੇ ਸਨ, ਜਿੱਥੇ ਇਹ ਪੱਥਰ ਡਿੱਗਿਆ ਹੋਵੇਗਾ। ਪੰਜੇ ਦੇ ਨਿਸ਼ਾਨ ਵਾਲਾ ਦੋ ਜਾਂ ਤਿੰਨ ਫੁੱਟ ਸਾਈਜ਼ ਦਾ ਯਾਦਗਾਰੀ ਪੱਥਰ ਇਸ ਵਕਤ ਦਰਬਾਰ ਸਾਹਿਬ ਨੇੜੇ ਤਲਾਬ ਦੇ ਚੜ੍ਹਦੇ ਪਾਸੇ ਲੱਗਿਆ ਹੋਇਆ ਹੈ ਜਿਸ ਦੇ ਥੱਲੇ ਜਲ ਦਾ ਸਰੋਤ ਹਰ ਵਕਤ ਵਗਦਾ ਹੈ। ਕੀ ਇਹ ਪੱਥਰ ਗੁਰਦੁਆਰਾ ਸਾਹਿਬ ਵਾਲੀ ਜਗ੍ਹਾ ਬਾਅਦ ਵਿਚ ਫਿੱਟ ਕੀਤਾ ਗਿਆ ਜਾਂ ਉਸ ਵਕਤ ਪੰਜ ਸੌ ਸਾਲ ਪਹਿਲਾਂ ਇਸ ਪਹਾੜੀ ਦਾ ਰੂਪ ਹੁਣ ਨਾਲੋਂ ਕਾਫੀ ਵੱਖਰਾ ਸੀ, ਇਹ ਇਤਿਹਾਸਕਾਰਾਂ ਲਈ ਖੋਜ ਦਾ ਵਿਸ਼ਾ ਹੈ। ਵਲੀ ਕੰਧਾਰੀ ਦੀ ਉੱਚੀ ਜਗ੍ਹਾ ਤੋਂ ਦੇਖਿਆਂ ਪਤਾ ਚਲਦਾ ਹੈ ਕਿ ਵਰਤਮਾਨ ਜਗ੍ਹਾ ਉਤੇ ਵਲੀ ਕੰਧਾਰੀ ਦੀ ਮਜਾਰ ਤੋਂ ਸੁੱਟਿਆ ਪੱਥਰ ਪਹੁੰਚ ਹੀ ਨਹੀਂ ਸਕਦਾ ਕਿਉਂਕਿ ਵਿਚਕਾਰ ਕਾਫੀ ਵੱਡਾ ਹਿੱਸਾ ਨੀਵਾਂ ਅਤੇ ਕਾਫੀ ਦੂਰੀ ਉਤੇ ਹੈ। ਵਲੀ ਕੰਧਾਰੀ ਦੀ ਜਗ੍ਹਾ ਬੇਅਬਾਦ ਜਿਹੀ ਹੀ ਹੈ ਅਤੇ ਇਹ ਸਿਰਫ ਜਦੋਂ ਸਥਾਨਕ ਮੁਸਲਮਾਨ



ਉਸ ਵਲੀ ਦਾ ਕੋਈ ਦਿਨ ਮਨਾਉਂਦੇ ਹਨ, ਮੇਲੇ ਦੇ ਰੂਪ ਵਿਚ, ਉਸ ਵਕਤ ਹੀ ਰੌਣਕਾਂ ਨਾਲ ਭਰਦੀ ਹੈ। ਵਰਤਮਾਨ ਸਮੇਂ ਉੱਥੇ ਕਬੂਤਰਾਂ ਲਈ ਇਕ ਜਾਲੀਦਾਰ ਵੱਡੀ ਅਲਮਾਰੀ ਦੇ ਰੂਪ ਵਿਚ ਆਹਲਣੇ ਬਣੇ ਹੋਏ ਹਨ। ਮਜਾਰ ਤੋਂ ਖੜ੍ਹ ਕੇ ਸ਼ਹਿਰ ਦਾ ਵਿਸ਼ਾਲ ਰੂਪ ਦਿਖਾਈ ਦਿੰਦਾ ਹੈ। ਸ਼ਰਧਾ ਰੂਪ ਵਿੱਚ ਸਾਡੇ ਲੋਕ ਇੱਥੇ ਵੀ ਸਿਰ ਝੁਕਾ ਹੀ ਦਿੰਦੇ ਹਨ।ਥੋੜ੍ਹੇ ਸਮੇਂ ਬਾਅਦ ਹੀ ਅਧਿਕਾਰੀਆਂ ਦੀ ਰਾਇ ਅਨੁਸਾਰ ਸੰਗਤ ਵਾਪਸ ਹੇਠਾਂ ਆਉਣਾ ਸ਼ੁਰੂ ਕਰ ਦਿੰਦੀ ਹੈ। ਸਾਡੀ ਵਾਰ ਬਜ਼ਾਰ ਬੰਦ ਸਨ ਪਰ ਯਾਤਰੀ ਦੱਸਦੇ ਹਨ ਕਿ ਖਰੀਦਦਾਰੀ ਕਰਨ ਲਈ ਸੀਮਤ ਬਜ਼ਾਰ ਖੁਲ੍ਹਵਾ ਦਿੱਤਾ ਜਾਂਦਾ ਸੀ ਜਿੱਥੋਂ ਲੋਕ ਪਹਾੜੀ ਸੁੱਕੇ ਮੇਵੇ ਆਮ ਹੀ ਖਰੀਦਦੇ ਸਨ। ਪਹਾੜੀ ਦੀ ਚੜ੍ਹਾਈ ਦਾ ਥਕੇਵਾਂ ਰਾਤ ਨੂੰ ਵਧੀਆ ਨੀਂਦ ਦੇਣ ਵਿਚ ਸਹਾਈ ਹੁੰਦਾ ਹੈ। ਅਗਲੇ ਦਿਨ ਸਵੇਰੇ ਦਾ ਕੀਰਤਨ ਅਤੇ ਪਾਠ ਅਤੇ ਅਰਦਾਸ ਹੋ ਲੈਣ ਤੋਂ ਬਾਅਦ ਸੰਗਤਾਂ ਲੰਗਰ ਵਗੈਰਾ ਛਕ ਕੇ ਅਗਲੇ ਪੜਾਅ ਨਨਕਾਣਾ ਸਾਹਿਬ ਦੀ ਤਿਆਰੀ ਸ਼ੁਰੂ ਕਰ ਦਿੰਦੀਆਂ ਹਨ। ਤਿੰਨ ਚਾਰ ਵਜੇ ਨੂੰ ਯਾਤਰੀ ਵਾਪਸ ਰੇਲਵੇ ਸਟੇਸ਼ਨ ਲਿਜਾਏ ਜਾਂਦੇ ਹਨ ਅਤੇ ਸਥਾਨਕ ਪਰਸ਼ਾਸਨ ਦੇ ਡੀਸੀ ਵਗੈਰਾ ਸੀਨੀਅਰ ਅਧਿਕਾਰੀ ਵਿਦਾਇਗੀ ਦੇਣ ਆਉਂਦੇ ਹਨ। ਉਹ ਸਾਰੇ ਇੰਤਜ਼ਾਮ ਦੀ ਖੁਦ ਨਿਗਰਾਨੀ ਵੀ ਕਰਦੇ ਹਨ। ਵਾਪਸੀ ਨਨਕਾਣਾ ਸਾਹਿਬ ਪਹੁੰਚਣ ਨੂੰ 500 ਕਿਲੋਮੀਟਰ ਦਾ ਸਫਰ ਤੈਅ ਕਰਨਾ ਹੁੰਦਾ ਹੈ ਅਤੇ ਸੰਗਤਾਂ ਰਾਤ ਨੂੰ ਹੀ ਨਨਕਾਣਾ ਸਾਹਿਬ ਪਹੁੰਚਦੀਆਂ ਹਨ। ਨਨਕਾਣਾ ਸਾਹਿਬ ਪਹੁੰਚਣ ਉਤੇ ਵੀ ਸਥਾਨਕ ਪ੍ਰਸ਼ਾਸਨ ਅਤੇ ਸਿੱਖ ਆਗੂਆਂ ਦੁਆਰਾ ਰਾਤ ਦੇ ਦੋ ਵਜੇ ਵੀ ਫੁੱਲਾਂ ਦੇ ਹਾਰਾਂ ਨਾਲ ਸਵਾਗਤ ਕੀਤਾ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੀ ਜੰਮਣ ਭੋਂਇ ਪਹੁੰਚ ਕੇ ਅਗੰਮੀ ਖੁਸ਼ੀ ਮਹਿਸੂਸ ਹੁੰਦੀ ਹੈ। ਰਾਤ ਹੋਣ ਕਾਰਨ ਸੰਗਤਾਂ ਗੁਰੂ ਘਰ ਨੂੰ ਬਾਹਰੋਂ ਹੀ ਨਮਸਕਾਰ ਕਰਦਿਆਂ ਸਰਾਵਾਂ ਦੇ ਕਮਰਿਆਂ ਵਿਚ ਸੌਣ ਲਈ ਚਲੇ ਜਾਂਦੀ ਹੈ।

## ਯਾਤਰਾ ਗੁਰੂ ਨਾਨਕ ਸਾਹਿਬ ਜੀ ਦੀ ਜੰਮਣ ਭੋਂਇ ਨਨਕਾਣਾ ਸਾਹਿਬ

ਸਵੇਰ ਹੁੰਦਿਆਂ ਹੀ ਸੰਗਤਾਂ ਇਸ਼ਨਾਨ ਆਦਿ ਕਰਕੇ ਚਾਹ ਦਾ ਲੰਗਰ, ਜੋ ਗੁਰਦੁਆਰਾ ਸਾਹਿਬ ਦੇ ਬਾਹਰ ਜਾਂ ਸਰਾਵਾਂ ਅੱਗੇ ਲਾਇਆ ਜਾਂਦਾ ਹੈ, ਤੋਂ ਚਾਹ ਪੀਂਦੀਆਂ ਹਨ ਅਤੇ ਖਾਣ ਨੂੰ ਬਿਸਕੁਟ ਵਗੈਰਾ ਨਾਸ਼ਤੇ ਦੇ ਰੂਪ ਵਿਚ ਵੰਡੇ ਜਾਂਦੇ ਹਨ। ਇਸ ਤੋਂ ਬਾਅਦ ਬਿਜਲੀ ਦੀਆਂ ਲਾਈਟਾਂ ਵਿਚ ਜਗਮਗਾਉਂਦੀ ਗੁਰੂ ਘਰ ਦੀ ਵਿਸ਼ਾਲ ਇਮਾਰਤ ਦੀ ਵੱਡੀ ਡਿਓੜੀ ਵਿਚ ਸਿਰ ਝੁਕਾਉਂਦਿਆਂ, ਮੱਥੇ ਟੇਕਦਿਆਂ ਸੰਗਤਾਂ ਗੁਰੂ ਗਰੰਥ ਦੀ ਹਜ਼ੂਰੀ ਦਰਬਾਰ ਸਾਹਿਬ ਵਿਚ ਸਿਰ ਝੁਕਾਉਂਦੀਆਂ ਹਨ। ਆਸਾ ਦੀ ਵਾਰ ਅਤੇ ਕੀਰਤਨ ਆਮ ਤੌਰ ਉਤੇ ਭੈਣਾਂ ਦਾ ਜਥਾ ਹੀ ਕਰ ਰਿਹਾ ਹੁੰਦਾ ਹੈ ਕਿਉਂਕਿ ਨਨਕਾਣਾ ਸਾਹਿਬ ਵਿਚ ਕੀਰਤਨ ਦੇ 24 ਜਥਿਆਂ ਵਿਚੋਂ 20 ਜਥੇ ਬੀਬੀਆਂ ਦੇ ਹੀ ਹਨ। ਇਲਾਕੇ ਦੀ ਪਰਦੇ ਦੀ ਰਵਾਇਤ ਅਨੁਸਾਰ ਔਰਤਾਂ ਆਮ ਤੌਰ ਉਤੇ ਘਰਾਂ ਦੇ ਅੰਦਰ ਦੇ ਕੰਮ ਸੰਭਾਲਦੀਆਂ ਹਨ, ਮਰਦ ਆਪਣੇ ਬਾਹਰੀ ਕੰਮ ਸੰਭਾਲਦੇ ਹਨ। ਘਰੇਲੂ ਕੰਮਾਂ ਦੇ ਸਮੇਂ ਵਿਚੋਂ ਬਚਿਆ ਵਕਤ ਬੀਬੀਆਂ ਗੁਰੂ ਘਰ ਦੀ ਸੇਵਾ ਨੂੰ ਅਰਪਣ ਕਰਦੀਆਂ ਹਨ ਜਿਸ ਕਾਰਨ ਆਮ ਹੀ ਹੋਰ ਗੁਰੂ ਘਰਾਂ ਵਿਚ ਵੀ ਬੀਬੀਆਂ ਹੀ ਪਾਠ ਅਤੇ ਕੀਰਤਨ ਕਰਦੀਆਂ ਦਿਖਾਈ ਦਿੰਦੀਆਂ ਹਨ। ਘਰਾਂ ਨੂੰ ਚਲਾਉਣ ਅਤੇ ਕਮਾਉਣ ਲਈ ਬੰਦੇ ਜ਼ਿਆਦਾ ਵਕਤ ਕਾਰੋਬਾਰਾਂ ਵਿਚ ਰੁਝੇ ਰਹਿੰਦੇ ਹਨ। ਦਰਬਾਰ ਸਾਹਿਬ ਵਿਚ ਸੀਸ ਝੁਕਾਉਣ, ਮੱਥਾ ਟੇਕਣ ਤੋਂ ਬਾਅਦ ਦਰਬਾਰ ਸਾਹਿਬ ਦੀ ਪਰਿਕਰਮਾ ਕਰਦਿਆਂ ਪਿਛਲੇ ਪਾਸੇ ਇੱਕ ਜੰਡ ਦਿਖਾਈ ਦਿੰਦਾ ਹੈ । ਇਹ ਇਤਿਹਾਸਕ ਜੰਡ ਹੈ। ਅੰਗਰੇਜ਼ ਰਾਜ ਦੌਰਾਨ ਮਹੰਤਾਂ ਤੇ ਮਸੰਦਾਂ ਦਾ ਕਬਜ਼ਾ ਤੋੜਨ ਸਮੇਂ ਹੋਏ ਸਿੱਖ ਸੰਘਰਸ਼ ਵਿਚ ਮਹੰਤ ਨਰੈਣੂ ਨੇ ਸਿੰਘਾਂ ਨੂੰ ਇਸ ਜੰਡ ਨਾਲ ਬੰਨ੍ਹ ਕੇ ਸਾੜਿਆ ਸੀ। ਇਸ ਇਤਿਹਾਸਕ ਜੰਡ ਦਾ ਇਤਿਹਾਸ ਪੜ੍ਹਦਿਆਂ ਹੀ ਸਿਰ ਸ਼ਹੀਦ ਸਿੰਘਾਂ ਲਈ ਸ਼ਰਧਾ ਵਿਚ ਝੁਕ ਜਾਂਦਾ ਹੈ। ਇਸ ਦੇ ਨਾਲ ਹੀ ਭਾਰਤ ਤੋਂ ਪਰਮਜੀਤ ਸਿੰਘ ਸਰਨਾ ਦੀ ਅਗਵਾਈ ਵਿਚ ਲਿਜਾਈ ਗਈ ਸੋਨੇ ਦੀ ਪਾਲਕੀ ਸੁਸ਼ੋਭਤ ਕੀਤੀ ਗਈ ਹੈ। ਕਿਸੇ ਵਿਵਾਦ ਜਾਂ ਅਣਜਾਣੇ ਕਾਰਨਾਂ ਕਰਕੇ ਇਸ ਪਾਲਕੀ ਨੂੰ ਦਰਬਾਰ ਸਾਹਿਬ ਅੰਦਰ ਸੁਸ਼ੋਭਿਤ ਨਹੀਂ ਕੀਤਾ ਗਿਆ। ਇਸ ਨੂੰ ਬਾਹਰ ਹੀ ਵਿਸ਼ੇਸ਼ ਥਾਂ ਬਣਾ ਕੇ ਰੱਖਿਆ ਗਿਆ ਹੈ। ਸ਼ਾਇਦ ਇਹ ਪਾਕਿਸਤਾਨੀ ਸਿੱਖਾਂ ਦੀ ਚੰਗੀ ਸੋਚ ਹੈ ਕਿ ਉਹ ਗੁਰੂਆਂ ਦੀ ਸਾਦਗੀ ਵਾਲੀ ਸੋਚ ਨੂੰ ਪਹਿਲ ਦੇ ਕੇ ਸੋਨੇ ਦੇ ਮਹਿੰਗੇ ਦਿਖਾਵੇ ਨੂੰ ਦੂਰ ਹੀ ਰੱਖਣ ਵਿਚ ਸਫਲ ਹੋਏ ਹਨ। ਸਵਾਲ ਪੈਦਾ ਹੁੰਦਾ ਹੈ ਕਿ ਗੁਰਦੁਆਰਿਆਂ ਨੂੰ ਸੋਨੇ ਨਾਲ ਢਕ ਕੇ ਕਿਤੇ ਅਸੀਂ ਗੁਰੂਆਂ ਦੀ ਸਾਦਗੀ ਵਾਲੀ ਸੋਚ ਤੋਂ ਦੂਰ ਤਾਂ ਨਹੀਂ ਜਾ ਰਹੇ। ਗੁਰਦੁਆਰਾ ਸਾਹਿਬ ਦੀ ਹਜ਼ੂਰੀ ਅੰਦਰ ਅਸਲੀ ਸਹਿਜ ਵਾਲੀ ਅਵਸਥਾ ਵਿਚ ਕੀਰਤਨ ਸੁਣ ਕੇ ਜਿਸ ਵਿਚ ਕਥਾਵਾਂ ਦੀ ਬਜਾਇ ਸਿਰਫ ਗੁਰਬਾਣੀ ਗਾਈ ਜਾਂਦੀ ਹੈ, ਮਨ ਨੂੰ ਅਕਹਿ ਅਨੰਦ ਮਿਲਦਾ ਹੈ। ਇੱਥੇ ਚਾਰ ਵੱਡੀਆਂ ਸਰਾਵਾਂ ਸੰਗਤਾਂ ਦੇ ਰਹਿਣ ਲਈ ਬਣੀਆਂ ਹੋਈਆਂ ਹਨ। ਸਰੋਵਰ ਵੀ ਗੁਰਦੁਆਰਾ ਸਾਹਿਬ ਅਤੇ ਸਰਾਵਾਂ ਦੇ ਵਿਚਕਾਰ ਹੈ। ਲੰਗਰ ਦੀ ਵਿਸ਼ਾਲ ਇਮਾਰਤ ਇਤਿਹਾਸਕ ਜੰਡ ਵਾਲੇ ਪਾਸੇ ਬਾਹਰ ਨਿਕਲਕੇ ਦਿਖਾਈ ਦਿੰਦੀ ਹੈ। ਲੰਗਰ ਦੇ ਬਰਾਬਰ ਇਕ ਨਵੀਂ ਅਤੇ ਇਕ ਪੁਰਾਣੀ ਸੈਂਕੜੇ ਕਮਰਿਆਂ ਵਾਲੀਆਂ ਦੋ ਸਰਾਵਾਂ ਹਨ। ਇਹ ਗੁਰਦੁਆਰਾ ਸ਼ਾਇਦ ਪਾਕਿਸਤਾਨ ਵਿਚ ਸਭ ਤੋਂ ਵੱਡਾ ਅਤੇ ਵਿਸ਼ਾਲ ਪਰਬੰਧਾਂ ਨਾਲ ਲੈਸ ਹੈ। ਗੁਰਦੁਆਰਾ ਸਾਹਿਬ ਦਾ ਅੰਦਰਲਾ ਚੌਗਿਰਦਾ ਹਰਿਆਲੀ, ਘਾਹ ਅਤੇ ਫੁੱਲ-ਬੂਟਿਆਂ-ਦਰੱਖਤਾਂ ਨਾਲ ਭਰਿਆ ਪਿਆ ਹੈ। ਵੱਡੇ-ਵੱਡੇ ਪਾਰਕ ਵੀ ਬਣੇ ਹੋਏ ਹਨ। ਇਸ ਤੋਂ ਬਾਅਦ ਸਾਰਾ ਦਿਨ ਸੰਗਤਾਂ ਸਥਾਨਕ ਸ਼ਹਿਰ ਅੰਦਰਲੇ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਿਚ ਬਿਤਾਉਂਦੀਆਂ ਹਨ, ਜਿਹਨਾਂ ਵਿਚੋਂ ਬਹੁਤੇ ਅਸਥਾਨ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਹੀ ਸਬੰਧਤ ਹਨ।



# ਦਸਵੇਂ ਗੁਰੂ ਦੀ ਚਰਨ-ਛੋਹ ਪ੍ਰਾਪਤ ਨਾਭਾ ਸਾਹਿਬ



**ਬਹਾਦਰ ਸਿੰਘ**

ਚੰਡੀਗੜ੍ਹ-ਰਾਜਪੁਰਾ ਮੁੱਖ ਮਾਰਗ ਉੱਤੇ ਚੰਡੀਗੜ੍ਹ ਤੋਂ 15 ਕਿਲੋਮੀਟਰ ਦੂਰੀ 'ਤੇ ਵਸਿਆ ਪਿੰਡ ਨਾਭਾ ਹੁਣ ਕਸਬਾ ਬਣ ਚੁੱਕਿਆ ਹੈ। ਨਾਭਾ ਨੇੜਲੇ ਪਿੰਡ ਭਬਾਤ ਅਤੇ ਦਿਆਲਪੁਰਾ ਸਮੇਤ ਜ਼ੀਰਕਪੁਰ ਮਿਉਂਸਿਪਲ ਕਮੇਟੀ ਅਧੀਨ ਆ ਗਿਆ ਹੈ ਅਤੇ ਪਿੰਡ ਦੀ ਪੰਚਾਇਤੀ ਜ਼ਮੀਨ ਵੀ ਕਮੇਟੀ ਅਧੀਨ ਹੋ ਗਈ ਹੈ। ਇੱਥੇ ਕੁੱਲ ਘਰ 250 ਅਤੇ 1100 ਵੋਟਰ ਹਨ। ਨਾਭਾ ਦਾ ਰਕਬਾ 254 ਵਿੱਘੇ ਹੈ। ਇੱਥੇ ਪਿੰਡ ਵਸਣ ਤੋਂ ਪਹਿਲਾਂ ਸੰਘਣਾ ਜੰਗਲ ਸੀ ਅਤੇ ਜੰਗਲ ਵਿੱਚ ਦਰਗਾਹੀ ਸ਼ਾਹ ਪੀਰ ਦੀ ਝੌਂਪੜੀ ਸੀ। ਦਿੱਲੀ ਦੇ ਚਾਂਦਨੀ ਚੌਕ ਵਿੱਚ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਭਾਈ ਜੈਤਾ ਜੀ ਜਦੋਂ ਗੁਰੂ ਜੀ ਦਾ ਸੀਸ ਲੈ ਕੇ ਆਨੰਦਪੁਰ ਸਾਹਿਬ ਲਈ ਜਾ ਰਹੇ ਸਨ ਤਾਂ ਉਨ੍ਹਾਂ ਨੇ ਪੀਰ ਦਰਗਾਹੀ ਸ਼ਾਹ ਦੀ ਝੌਂਪੜੀ ਵਿੱਚ ਵਿਸ਼ਰਾਮ ਕੀਤਾ। ਭਾਈ ਜੈਤਾ ਜੀ 12 ਮੱਘਰ 1732 ਬਿਕਰਮੀ ਨੂੰ ਇਸ ਸਥਾਨ 'ਤੇ ਪੈਦਲ ਚੱਲ ਕੇ ਆਏ ਸਨ। ਫਿਰ ਇਸ ਸਥਾਨ 'ਤੇ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨਾਹਨ ਦੇ ਰਾਜੇ ਮਦਨੀ ਪ੍ਰਕਾਸ਼ ਕਾਰਨ ਪਾਉਂਟਾ ਸਾਹਿਬ ਆਬਾਦ ਕਰਕੇ ਅਤੇ ਭੰਗਾਣੀ ਦਾ ਯੁੱਧ ਜਿੱਤ ਕੇ ਨਾਢਾ ਸਾਹਿਬ ਅਤੇ ਪਿੰਡ ਢਕੋਲੀ ਤੋਂ ਹੁੰਦੇ ਹੋਏ ਇੱਥੇ ਪੀਰ ਨੂੰ ਦਰਸ਼ਨ ਦੇਣ ਲਈ ਪੁੱਜੇ ਸਨ। ਗੁਰੂ ਜੀ ਪਹਿਲਾਂ ਲੋਹਗੜ੍ਹ ਸਾਹਿਬ ਪਹੁੰਚੇ ਅਤੇ ਉਥੇ ਘੋੜਾ ਬੰਨ੍ਹ ਕੇ ਨੰਗੇ ਪੈਰ ਸੰਗਤ ਸਮੇਤ ਪੀਰ ਦਰਗਾਹੀ ਸ਼ਾਹ ਦੀ ਝੌਂਪੜੀ ਪੁੱਜੇ। ਇਸ ਤਰ੍ਹਾਂ ਇਸ ਸਥਾਨ ਨੂੰ ਦਸਮ ਪਿਤਾ ਦੀ ਚਰਨ-ਛੋਹ ਪ੍ਰਾਪਤ ਹੈ। ਇਤਿਹਾਸ ਅਨੁਸਾਰ 21 ਤੋਂ 22 ਅੱਸੂ ਬਿਕਰਮੀ1745 ਦੀ ਰਾਤ ਨੂੰ ਗੁਰੂ ਜੀ ਨੇ ਇੱਥੇ ਚਰਨ ਪਾਏ ਸਨ। ਇਸ ਅਸਥਾਨ 'ਤੇ ਪਿੰਡ ਨਾਭਾ ਦੀ ਪੰਚਾਇਤੀ ਜ਼ਮੀਨ ਉਪਰ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਅਧੀਨ ਹੈ। ਨਾਭਾ ਦੀ ਮੋੜ੍ਹੀ ਦੋ ਬ੍ਰਾਹਮਣ ਭਰਾਵਾਂ ਨੇ ਗੱਡੀ ਸੀ। ਇਸ ਮਗਰੋਂ ਸੈਣੀਆਂ ਤੇ ਮੁਸਲਮਾਨਾਂ ਤੋਂ ਇਲਾਵਾ ਕਈ ਹੋਰ ਪਰਿਵਾਰ ਵਸ ਗਏ। ਪਿੰਡ ਵਿੱਚ ਮੁੱਖ ਤੌਰ 'ਤੇ ਰੰਧਾਵਾ, ਢੁਲਕੂ, ਧਾਨੀਆ, ਸ਼ਰਮਾ ਤੇ ਕਸ਼ਯਪ ਗੋਤਾਂ ਦੇ ਬਾਸ਼ਿੰਦੇ ਹਨ। ਇੱਥੇ ਇੱਕ ਸਰਕਾਰੀ ਐਲੀਮੈਂਟਰੀ ਸਕੂਲ ਹੈ ਜੋ 30 ਸਾਲ ਪੁਰਾਣਾ ਹੈ। ਇਸ ਤੋਂ ਇਲਾਵਾ ਇੱਕ ਕਾਨਵੈਂਟ ਸਕੂਲ ਹੈ ਪਰ ਇੱਥੋਂ ਦੇ ਬਹੁਤੇ ਬੱਚੇ ਜ਼ੀਰਕਪੁਰ ਜਾਂ ਚੰਡੀਗੜ੍ਹ ਦੇ ਸਕੂਲਾਂ ਵਿੱਚ ਪੜ੍ਹਨ ਜਾਂਦੇ ਹਨ। ਇਸ ਪਿੰਡ ਦੀ ਇੱਕ ਗ਼ਰੀਬ ਪਰਿਵਾਰ ਦੀ ਲੜਕੀ ਤਹਿਸੀਲਦਾਰ ਲੱਗੀ ਹੋਈ ਹੈ ਅਤੇ ਇੱਥੋਂ ਦੇ ਡਾ. ਸੁਰਿੰਦਰ ਸਿੰਘ ਮੁਹਾਲੀ ਵਿੱਚ ਸਿਹਤ ਅਫ਼ਸਰ ਹਨ। ਭੁਪਿੰਦਰ ਸਿੰਘ ਪਟਵਾਰੀ ਹਨ। ਨਾਭਾ ਦੀਆਂ ਗਲੀਆਂ ਅਤੇ ਫਿਰਨੀ ਪੱਕੀ ਹੈ ਤੇ ਜਲ ਸਪਲਾਈ ਪ੍ਰਬੰਧ ਵੀ ਠੀਕ ਹੈ। ਸਾਬਕਾ ਐਮਸੀ ਮਨਜੀਤ ਸਿੰਘ ਦੇ ਯਤਨਾਂ ਨਾਲ ਇੱਥੋਂ ਦੇ ਦੋ ਟੋਭਿਆਂ ਵਿੱਚੋਂ ਇੱਕ ਦਾ ਨਵੀਨੀਕਰਨ ਕੀਤਾ ਗਿਆ ਹੈ ਪਰ ਦੂਜੇ ਟੋਭਾ ਵੱਲ ਧਿਆਨ ਦੇਣ ਦੀ ਲੋੜ ਹੈ। ਨਾਭਾ ਵਿੱਚ ਇਤਿਹਾਸਕ ਗੁਰਦੁਆਰਾ ਸ੍ਰੀ ਨਾਭਾ ਸਾਹਿਬ ਤੋਂ ਇਲਾਵਾ ਇੱਕ ਕੁਟੀਆ ਮੰਦਰ, ਪੀਰ ਦਰਗਾਹੀ ਸ਼ਾਹ ਦੀ ਮਜ਼ਾਰ, ਇੱਕ ਗੁੱਗਾ ਮਾੜੀ, ਪਿੰਡ ਦਾ ਖੇੜਾ, ਸਿੱਧ ਬਾਬਾ ਅਤੇ ਸੀਤਲਾ ਮਾਤਾ ਦਾ ਮੰਦਰ ਲੋਕਾਂ ਦੀ ਸ਼ਰਧਾ ਦਾ ਕੇਂਦਰ ਹਨ। ਹੁਣ ਕੇਂਦਰੀ ਸਹਾਇਤਾ ਨਾਲ 20-21 ਏਕੜ ਵਿੱਚ 150 ਕਰੋੜ ਰੁਪਏ ਦੀ ਲਾਗਤ ਨਾਲ ਆਧੁਨਿਕ ਖੇਡ ਸਟੇਡੀਅਮ ਬਣ ਰਿਹਾ ਹੈ। ਨਾਭਾ ਦੇ ਵਿਕਾਸ ਵਿੱਚ ਸਾਬਕਾ ਸਰਪੰਚ ਨਰੇਸ਼ ਕੁਮਾਰ, ਸਾਬਕਾ ਸਰਪੰਚ ਰਾਮ ਸਿੰਘ ਤੇ ਮੁਖਤਿਆਰ ਸਿੰਘ, ਨੰਬਰਦਾਰ ਕਰਨੈਲ ਸਿੰਘ, ਪ੍ਰੀਤਮ ਸਿੰਘ, ਬਲਜੀਤ ਸਿੰਘ, ਬੰਤ ਸਿੰਘ ਤੇ ਸੁਖਜੀਤ ਸਿੰਘ ਸੁੱਖੀ ਆਦਿ ਦਾ ਬਹੁਤ ਯੋਗਦਾਨ ਹੈ।

# ਗੀਤ, ਗਾਇਕ ਤੇ ਗਾਇਕੀ

*ਓਮ ਪ੍ਰਕਾਸ਼ ਗਾਸੋ ਪੰਜਾਬੀ ਸਾਹਿਤ ਲਈ ਅਸੀਸ ਵਰਗਾ ਨਾਂ ਹੈ। ਉਨ੍ਹਾਂ 21 ਨਾਵਲ ਤੇ 11 ਸੱਭਿਆਚਾਰਕ ਵਿਸ਼ਿਆਂ ਸੰਬੰਧਿਤ ਕਿਤਾਬਾਂ ਸਮੇਤ 38 ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ। ਹਿੰਦੀ ਸਾਹਿਤ ਵਿੱਚ ਨਾਵਲ, ਕਵਿਤਾ ਦੀਆਂ 6 ਕਿਤਾਬਾਂ ਬਾਪੂ ਗਾਸੋ ਦੀ ਸਾਹਿਤ ਆਰਾਧਨਾ ਦੀ ਗਵਾਹੀ ਭਰਦੀਆਂ ਹਨ। ਜ਼ਾਹਿਰ ਹੈ ਕਿ ਇੰਨਾ ਲੰਬਾ ਪੈਂਡਾ ਤੈਅ ਕਰਨ ਵਾਲੀ ਕਲਮ ਜਦੋਂ ਗਾਇਕੀ ਦੇ ਅਜੋਕੇ ਮਾਹੌਲ ਬਾਰੇ ਗੱਲ ਕਰਦੀ ਹੈ, ਤਾਂ ਉਸ ਕਲਮ ਦਾ ਸਾਰਾ ਤੱਤ ਤੇ ਨਿਚੋੜ ਡੁੱਲ੍ਹਦਾ ਹੈ। ਆਓ ਇਸ ਕਲਮ ਦੀ ਸਮਝ ਰਾਹੀਂ ਅਜੋਕੀ ਗਾਇਕੀ ਦੇ ਮਿਆਰ ਨੂੰ ਪਰਖਣ ਦੀ ਇਕ ਇਮਾਨਦਾਰ ਕੋਸ਼ਿਸ਼ ਕਰੀਏ ਤਾਂ ਜੋ ਪੰਜਾਬ ਦੀ ਵਿਰਾਸਤੀ ਗਾਇਕੀ ਨੂੰ ਹਰ ਅਸੱਭਿਅਕ ਤੱਤ ਤੋਂ ਅਜ਼ਾਦ ਕਰਵਾ ਸਕੀਏ - ਸੰਪਾਦਕ*

**ਓਮ ਪ੍ਰਕਾਸ਼ ਗਾਸੋ**



ਗੀਤ ਹੁਸਨ ਦੀ ਇਬਾਦਤ ਹੁੰਦੇ ਹਨ। ਗੀਤ ਸੰਘਰਸ਼ ਅਤੇ ਸਮਰੱਥਾ ਦੀ ਇਬਾਰਤ ਹੁੰਦੇ ਹਨ। ਗੀਤ ਇਸ਼ਕ ਦੀ ਮਹਿਕ ਹੁੰਦੇ ਹਨ। ਗੀਤ ਮਨ ਦੀ ਟਹਿਕ ਹੁੰਦੇ ਹਨ। ਸੱਚਾ ਗੀਤ ਉਮਰ ਦੀ ਅਰਦਾਸ ਹੁੰਦਾ ਹੈ। ਗੀਤ ਪਵਿੱਤਰਤਾ ਦਾ ਪ੍ਰਕਰਨ ਹੁੰਦੇ ਹਨ।

ਗੀਤ ਮਾਨਸਿਕ ਵਿਵੇਕ ਦੀ ਲਹਿਰ ਹੁੰਦੇ ਹਨ। ਗੀਤ ਸਿਧਾਂਤ ਦੀ ਸ਼ੁੱਧਤਾ ਹੁੰਦੇ ਹਨ। ਗੀਤ ਸਾਮਾਜਿਕਤਾ ਦੀ ਮੁਹਾਰਨੀ ਹੁੰਦੇ ਹਨ। ਗੀਤ ਉਮਰ ਦਾ ਅੰਦਾਜ਼ਾ ਹੁੰਦੇ ਹਨ। ਗੀਤ ਪ੍ਰੇਰਨਾ ਦਾ ਸਰੋਤ ਹੁੰਦੇ ਹਨ। ਗੀਤ ਸਮਝ, ਸਿਆਣਪ, ਸੋਧ ਸੰਸਕ੍ਰਿਤੀ ਸੰਜਮ ਸੱਭਿਆਚਾਰ ਅਤੇ ਸਿੱਖਿਆ ਹੁੰਦੇ ਹਨ। ਗੀਤ ਸਦਭਾਵਨਾ ਦੀ ਸਦਾਬਹਾਰ ਹੁੰਦੇ ਹਨ। ਗੀਤਾਂ ਨੂੰ ਮਨੁੱਖੀ ਆਪੇ ਦੀ ਕਵਿਤਾ ਕਿਹਾ ਜਾ ਸਕਦਾ ਹੈ। ਗੀਤਾਂ ਨੂੰ ਬਿਰਹਾ ਦੀ ਹੇਕ ਅਤੇ ਮਿਲਾਪ ਦੀ ਮਾਲਾ ਕਿਹਾ ਜਾ ਸਕਦਾ ਹੈ। ਗੀਤਾਂ ਨੂੰ ਗ਼ਮ ਦਾ ਦਰਦ ਕਿਹਾ ਜਾ ਸਕਦਾ ਹੈ। ਇੰਝ ਗੀਤਾਂ ਦੇ ਬੋਲ, ਗੀਤਾਂ ਦੇ ਸ਼ਬਦ, ਗੀਤਾਂ ਦੀ ਲੈਅ, ਗੀਤਾਂ ਦੀ ਤਰੰਨਮ, ਗੀਤਾਂ ਦੀ ਤਾਸੀਰ, ਤਮੰਨਾ, ਸੰਸਕ੍ਰਿਤੀ ਗੀਤਾਂ ਦਾ ਹਉਕਾ ਹੁੰਦੇ ਹਨ। ਗੀਤਾਂ ਦਾ ਵਸਤੂ, ਗੀਤਾਂ ਦੇ ਖ਼ਿਆਲ ਜੇਕਰ ਮਹਿਕਦਾਰ ਖ਼ਬਰ ਨਹੀਂ ਪੈਦਾ ਕਰ ਸਕਦੇ, ਤਾਂ ਸਮਝੋ ਉਹ ਗੀਤ ਗੀਤ ਨਹੀਂ ਹਨ। ਗੀਤਾਂ ਨੇ ਤਾਂ ਆਦਮੀ ਨੂੰ ਖ਼ੁਸ਼ ਇਖਲਾਕ ਬਣੇ ਰਹਿਣ ਦੀ ਵਿੱਦਿਆ ਪ੍ਰਦਾਨ ਕਰਨੀ ਹੁੰਦੀ ਹੈ।

**ਗਾਇਕ ਕੌਣ ਹੁੰਦਾ ਹੈ ?** : ਗਾਇਕ ਨੂੰ ਸੱਭਿਆਚਾਰ ਦਾ ਸੰਦੇਸ਼ ਵਾਹਕ ਕਿਹਾ ਜਾ ਸਕਦਾ ਹੈ। ਗਾਇਕ ਨੂੰ ਜ਼ਿੰਦਗੀ ਦੀ ਵੀਣਾ ਦਾ ਵੀਣਾਵਾਦਕ ਕਿਹਾ ਜਾ ਸਕਦਾ ਹੈ। ਗਾਇਕ ਨੂੰ ਸੰਗੀਤ ਦੀ ਸੰਸਕ੍ਰਿਤੀ ਕਿਹਾ ਜਾ ਸਕਦਾ ਹੈ। ਗਾਇਕ ਨੂੰ ਰਸ ਦਾ ਰਹਿਨੁਮਾ ਕਿਹਾ ਜਾ ਸਕਦਾ ਹੈ। ਗਾਇਕ ਨੂੰ ਗੁਣ ਅਤੇ ਗਿਆਨ ਕਿਹਾ ਜਾ ਸਕਦਾ ਹੈ। ਗਾਇਕ ਨੂੰ ਅਮਨ ਚੈਨ, ਤੰਦਰੁਸਤੀ ਅਤੇ ਕੁਦਰਤੀ ਸੁਰਾਂ ਦਾ ਫ਼ਰਿਸ਼ਤਾ ਕਿਹਾ ਜਾ ਸਕਦਾ ਹੈ। ਗਾਇਕ ਨੂੰ ਸੰਸਕਾਰ ਪੈਦਾ ਕਰਨ ਵਾਲਾ ਕਿੱਸਾ ਕਿਹਾ ਜਾ ਸਕਦਾ ਹੈ। ਮਹਾਨ ਗਾਇਕ ਤਾਨਸੈਨ ਤੁਰ ਗਿਆ ਪਰ ਉਸ ਦੀ ਗਾਇਕੀ ਦੇ ਬੋਲਾਂ ਦਾ ਇਲਾਹੀ ਨੂਰ ਅੱਜ ਵੀ ਜਿਊਂਦਾ ਹੈ। ਬਿਸਮਿੱਲਾ ਖ਼ਾਂ ਦੀ ਸ਼ਹਿਨਾਈ ਅੱਜ ਵੀ ਗੂੰਜਦੀ ਹੈ। ਜਗਜੀਤ ਸਿੰਘ ਦੀ ਤਰੰਨਮ ਦੀ ਅੱਜ ਵੀ ਆਰਤੀ ਉਤਾਰੀ ਜਾਂਦੀ ਹੈ। ਰਫ਼ੀ ਅਤੇ ਅਨੰਦ ਦਾ ਹਉਕਾ ਅੱਜ ਵੀ ਹੁਨਰ ਵਾਂਗ ਸਵੀਕਾਰ ਕੀਤਾ ਜਾ ਰਿਹਾ ਹੈ। ਗੁਰਬਾਣੀ ਦਾ ਰਾਗ ਸਮੁੱਚੀ ਜ਼ਿੰਦਗੀ ਲਈ ਅਧਿਆਤਮ ਬਣਿਆ ਹੋਇਆ ਹੈ। ਉਹ ਗਾਇਕ, ਗਾਇਕ ਨਹੀਂ ਹੁੰਦਾ ਜਿਹੜਾ ਅਮਰ ਬਣ ਕੇ ਹਰ ਇੱਕ ਯੁੱਗ ਦੇ ਸਮੇਂ ਨੂੰ ਆਨੰਦ ਨਾ ਬਖ਼ਸ਼ ਸਕੇ। ਗਾਇਕ ਨੂੰ ਤਾਂ ਕੁਦਰਤੀ ਬਖ਼ਸ਼ਿਸ਼ ਕਿਹਾ ਜਾ ਸਕਦਾ ਹੈ। ਰੇਸ਼ਮਾ ਤੇ ਮਹਿੰਦੀ ਹਸਨ ਵਰਗੀ ਕਰਾਮਾਤ ਕੀ ਕੁਦਰਤੀ ਬਖ਼ਸ਼ਿਸ਼ ਨਾਲੋਂ ਘੱਟ ਹੈ ?

ਗਾਇਕ ਤਾਂ ਹੇਕ ਦਾ ਹੁਨਰ ਹੁੰਦਾ ਹੈ। ਗਾਇਕ ਤਾਂ ਮੁਰਲੀ ਮਨੋਹਰ ਹੁੰਦਾ ਹੈ। ਗਾਇਕ ਤਾਂ ਬੱਦਲਾਂ ਦੀ ਗਰਜ, ਬਿਜਲੀ ਦੀ ਲਿਸ਼ਕ, ਪੱਛੋਂ ਦੀ ਪੌਣ ਤੇ ਪੁਰੇ ਦੀ ਰਿਮਝਿਮ ਹੁੰਦਾ ਹੈ। ਗਾਇਕ ਤਾਂ ਬੰਸਰੀ ਦੀ ਤਾਨ ਵਰਗਾ ਹੁੰਦਾ ਹੈ। ਗਾਇਕ ਛੈਣਿਆਂ ਦੀ ਛਣਕਾਰ ਤੇ ਵੀਣਾ ਦਾ ਵਰਦਾਨ ਹੁੰਦਾ ਹੈ।

ਐਵੇਂ ਰੌਲਾ ਪਾਉਣ ਵਾਲੇ ਸ਼ਬਦਾਂ ਦੇ ਘੜਮੱਸ ਦੁਆਰਾ ਉਤੇਜਨਾ, ਖ਼ਰਮਸਤੀ, ਖ਼ਰਾਬੀ, ਖ਼ਰੂਦ ਅਤੇ ਖੌਰੂ ਪੈਦਾ ਕਰਕੇ ਉਕਸਾਉਣ ਵਾਲੇ ਬੋਲਾਂ ਨੂੰ ਬੋਲਣ ਵਾਲਾ ਗਾਇਕ ਨਹੀਂ, ਸਗੋਂ ਗਾਇਕੀ ਦਾ ਦੁਸ਼ਮਣ ਹੁੰਦਾ ਹੈ।

ਗਾਇਕ ਮਦਾਰੀ ਨਹੀਂ, ਸਗੋਂ ਮਸਤੀ ਹੁੰਦਾ ਹੈ। ਗਾਇਕ ਕੁਕਰਮ ਨਹੀਂ, ਸਗੋਂ ਸੁਕਰਮ ਹੁੰਦਾ ਹੈ। ਅਸਲ ਗਾਇਕ ਅਸ਼ਲੀਲ ਨਹੀਂ, ਸਗੋਂ ਇੱਕ ਆਦਰਸ਼ ਅਤੇ ਅਰਾਧਕ ਹੁੰਦਾ ਹੈ।

**ਲਲਕ ਕੀ ?** : ਲਲਕ ਵਿੱਚ ਸੰਜਮ ਨਹੀਂ ਹੁੰਦਾ। ਲਲਕ ਅਨੁਸ਼ਾਸਨਹੀਣਤਾ ਪੈਦਾ ਕਰਦੀ ਹੈ। ਲਲਕ ਪੇਤਲੀ ਪੱਧਰ ਦੀ ਮਾਨਸਿਕਤਾ ਪੈਦਾ ਕਰਦੀ ਹੈ। ਲਲਕ ਬੇਸੁਮ ਕਿਸਮ ਦੇ ਰਿਸ਼ਤਿਆਂ ਨੂੰ ਪੈਦਾ ਕਰਦੀ ਰਹਿੰਦੀ ਹੈ। ਲਲਕ ਆਦਮੀ ਨੂੰ ਸ਼ਰਾਰਤੀ ਬਣਾਉਂਦੀ ਹੈ। ਲਲਕ ਮਨੁੱਖੀ ਭਾਵਨਾਵਾਂ ਨੂੰ ਸੰਜੀਦਗੀ ਤੋਂ ਦੂਰ ਲੈ ਜਾਂਦੀ ਹੈ। ਲਲਕ ਨੂੰ ਵਿਸ਼ੇਸ਼ ਕਿਸਮ ਦਾ ਨਸ਼ਾ ਕਿਹਾ ਜਾ ਸਕਦਾ ਹੈ। ਅਸ਼ਲੀਲ ਗਾਇਕੀ ਨੇ ਲਲਕ ਪੈਦਾ ਕਰਕੇ ਪੰਜਾਬੀਅਤ ਵਿਚਲੀ ਵਿਰਾਸਤੀ ਸੂਰਬੀਰਤਾ ਨੂੰ ਕੁਰਾਹੇ ਪਾਇਆ ਹੈ।

**ਗਾਇਕੀ ਕੀ ਹੁੰਦੀ ਹੈ ?** : ਗਾਇਕੀ ਨੂੰ ਤਾਲਬੱਧਤਾ ਦਾ ਨਿਯਮ ਕਿਹਾ ਜਾ ਸਕਦਾ ਹੈ। ਗਾਇਕੀ ਨੂੰ ਕੁਦਰਤੀ ਭਾਵਨਾ ਦਾ ਆਤਮ-ਬੋਧ ਕਿਹਾ ਜਾ ਸਕਦਾ ਹੈ। ਗਾਇਕੀ ਨੂੰ ਜਜ਼ਬਿਆਂ ਦੀ ਰਾਗਨੀ ਕਿਹਾ ਜਾ ਸਕਦਾ ਹੈ। ਗਾਇਕੀ ਨੂੰ ਜ਼ਿੰਦਗੀ ਦੇ ਨੂਰ ਦੀ ਧੁਨੀ ਕਿਹਾ ਜਾ ਸਕਦਾ ਹੈ। ਗਾਇਕੀ ਨੂੰ ਮਨੁੱਖੀ ਆਪੇ ਦੀ ਮੁਹਾਰਨੀ ਕਿਹਾ ਜਾ ਸਕਦਾ ਹੈ। ਗਾਇਕੀ ਨੂੰ ਜ਼ਿੰਦਗੀ ਦੇ ਜਜ਼ਬਿਆਂ ਦੀ ਧੜਕਣ ਕਿਹਾ ਜਾ ਸਕਦਾ ਹੈ। ਇੰਝ ਹੁਣ ਜੇਕਰ ਵੇਖਿਆ ਜਾਵੇ, ਤਾਂ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਗੀਤ ਗਾਇਕ ਤੇ ਗਾਇਕੀ ਨੇ ਸੰਸਕ੍ਰਿਤੀ, ਸੱਭਿਆਚਾਰ ਦੀ ਤ੍ਰਿਵੇਣੀ ਬਣ ਕੇ ਸਾਮਾਜਿਕ ਮਰਿਆਦਾ ਦੀ ਬਰਕਰਾਰੀ ਲਈ ਯਤਨਸ਼ੀਲ ਬਣੇ ਰਹਿਣਾ ਹੁੰਦਾ ਹੈ।

## ਜੀਐਚਜੀ ਅਕੈਡਮੀ ਦੀ ਵਿਸ਼ੇਸ਼ ਮੀਟਿੰਗ ਦੌਰਾਨ ਵਿੱਤੀ ਲੇਖਾ-ਜੋਖਾ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਜੀਐਜਜੀ ਅਕੈਡਮੀ ਦੇ ਸਮੂਹ ਮੈਂਬਰਾਂ ਅਤੇ ਬੱਚਿਆਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਦੀ ਸ਼ੁਰੂਆਤ ਪਰਮਜੀਤ ਧਾਲੀਵਾਲ ਨੇ ਸਭ ਨੂੰ ਜੀ ਆਇਆਂ ਕਹਿਣ ਨਾਲ ਕੀਤੀ। ਇਸ ਸਮੇਂ ਅਕੈਡਮੀ ਦੀਆਂ ਸਮੂਹ ਗਤੀਵਿਧੀਆਂ ਅਤੇ ਵਿੱਤੀ ਲੇਖੇ-ਜੋਖੇ ਸਬੰਧੀ ਵਿਚਾਰਾਂ ਹੋਈਆਂ। ਸੁਖਵਿੰਦਰ ਸਿੰਘ ਸਰੋਏ ਅਤੇ ਬਸੰਤ ਸਿੰਘ ਧਾਲੀਵਾਲ ਨੇ ਬੀਤੇ ਸਾਲ ਦਾ ਵਿੱਤੀ ਬਜ਼ਟ ਪੇਸ਼ ਕੀਤਾ, ਜਿਸ ਸੰਬੰਧੀ ਸੁਖਦੇਵ ਸਿੰਘ ਚੀਮਾ ਨੇ ਸੁਝਾਅ ਦਿੱਤੇ। ਪੇਸ਼ ਕੀਤੇ ਬਜਟ ਸੰਬੰਧੀ ਸਭ ਨੇ ਸਹਿਮਤੀ ਪ੍ਰਗਟਾਈ। ਇਸੇ ਤਰ੍ਹਾਂ ਤਹਿ

ਬਾਕੀ ਸਫ਼ਾ 28 'ਤੇ

## ਉਸਤਾਦ ਯਮਲਾ ਜੱਟ ਯਾਦਗਾਰੀ ਮੇਲਾ 7 ਅਕਤੂਬਰ ਨੂੰ

**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :** ਯਮਲਾ ਜੱਟ ਫਾਊਂਡੇਸ਼ਨ ਦੇ ਮੁੱਖ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਹੋਈ, ਜਿਸ ਵਿਚ ਮਰਹੂਮ ਗਾਇਕ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਯਾਦ ਨੂੰ ਸਮਰਪਤ ਮੇਲੇ ਦੀ ਰੂਪ ਰੇਖਾ ਤਿਆਰ ਕੀਤੀ ਗਈ। ਇਸ ਸਾਲ ਇਹ ਮੇਲਾ 7 ਅਕਤੂਬਰ 2018 ਦਿਨ ਐਤਵਾਰ ਦੁਪਿਹਰ 12 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਫਾਊਲਰ ਸ਼ਹਿਰ ਦੇ ਪੈਨਜੈਕ ਪਾਰਕ ਵਿਚ ਪਿਛਲੇ ਸਾਲ ਦੀ ਤਰ੍ਹਾਂ ਮਨਾਇਆ ਜਾਵੇਗਾ। ਇਸ ਸਾਲ ਇਹ ਮੇਲਾ ਲਾਲ ਚੰਦ ਯਮਲਾ ਜੱਟ ਜੀ ਦੇ ਸਪੁੱਤਰ ਮਰਹੂਮ ਗਾਇਕ ਜਸਦੇਵ ਯਮਲਾ ਦੀ ਮਿੱਠੀ ਯਾਦ ਨੂੰ ਸਮਰਪਿਤ ਕਰਨ ਦਾ ਕਮੇਟੀ ਵੱਲੋਂ ਅਹਿਮ ਫੈਸਲਾ ਕੀਤਾ ਗਿਆ ਹੈ। ਜਸਦੇਵ ਯਮਲਾ ਨੇ ਬੀਤੇ ਕਈ ਮੇਲਿਆਂ ਵਿਚ ਭਾਰਤ ਤੋਂ ਇੱਥੇ ਸ਼ਿਰਕਤ ਕਰਕੇ ਆਪਣੀ ਵਿਰਾਸਤੀ ਗਾਇਕੀ ਰਾਹੀਂ ਅਮਰੀਕਾ ਵਿਚ ਵਸਦੇ ਪੰਜਾਬੀ ਭਾਈਚਾਰੇ ਦੇ ਦਿਲਾਂ ਵਿਚ ਵਿਸ਼ੇਸ਼ ਥਾਂ ਬਣਾਈ ਸੀ। ਇਸ ਵਾਰ ਦੇ ਮੇਲੇ ਵਿਚ ਬਹੁਤ ਸਾਰੇ ਨਾਮਵਰ ਗਇਕ ਪਹੁੰਚ ਰਹੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਬਰਜਿੰਦਰ ਮਚਲਾ ਜੱਟ, ਗੀਤਕਾਰ ਤੇ ਗਾਇਕ ਧਰਮਵੀਰ ਥਾਂਦੀ, ਬੀਬੀ ਜੋਤ ਰਣਜੀਤ, ਐਚਐਸ. ਭਜਨ, ਦਿਲਦਾਰ ਮਿਊਜ਼ੀਕਲ ਗਰੁੱਪ ਦੇ ਅਵਤਾਰ ਗਰੇਵਾਲ, ਰਾਣਾ ਗਿੱਲ, ਕਾਂਤਾ ਸਹੋਤਾ, ਉਂਕਾਰ ਗਿੱਲ, ਪੱਪੂ ਬਰਾੜ, ਸੁਲਤਾਨ ਅਖਤਰ, ਅਕਾਸ਼ਦੀਪ ਅਕਾਸ਼, ਰਾਜੇਸ਼ ਰਾਜੂ, ਸੁਰਜੀਤ ਮਾਛੀਵਾੜਾ, ਰਾਜ ਬਰਾੜ ਅਤੇ ਹਰਦੇਵ ਸਿੱਧੂ ਆਦਿ ਆਪਣੀ ਗਾਇਕੀ ਦਾ ਰੰਗ ਬੰਨ੍ਹਣਗੇ। ਮੇਲੇ ਵਿਚ ਉਸਤਾਦ ਲਾਲ ਚੰਦ ਯਮਲਾ ਜੱਟ ਦੀ ਗਾਇਕੀ ਦਾ ਰੰਗ ਪੇਸ਼ ਕਰਨ ਵਾਲੇ ਗਾਇਕਾਂ ਨੂੰ ਖਾਸ ਤੌਰ 'ਤੇ ਖੁੱਲੇ ਅਖਾੜੇ ਵਿਚ ਗਾਉਣ ਦਾ ਮੌਕਾ ਦਿੱਤਾ ਜਾਵੇਗਾ ਅਤੇ ਹਿੱਸਾ ਲੈਣ ਵਾਲੇ ਸਾਰੇ ਕਲਾਕਾਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਮੇਲੇ ਵਿਚ ਦਾਖਲਾ ਮੁਫਤ ਹੋਵੇਗਾ ਅਤੇ ਲੰਗਰ ਦਾ ਵੀ ਪ੍ਰਬੰਧ ਹੋਵੇਗਾ। ਬੱਚਿਆਂ ਅਤੇ ਬੀਬੀਆਂ ਦੇ ਬੈਠਣ ਲਈ ਵੀ ਉਚਿਤ ਪ੍ਰਬੰਧ ਕੀਤੇ ਜਾਣਗੇ। ਵਧੇਰੇ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਰਜਿੰਦਰ ਬਰਾੜ ਨਾਲ ਫੋਨ (559) 824-9028 'ਤੇ ਸੰਪਰਕ ਕੀਤਾ ਜਾ ਸਕਦਾ ਹੈ।



## ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ 'ਆਪਣੀ ਕਹਾਣੀ ਲਿਖੋ' ਪ੍ਰੋਗਰਾਮ

**ਯੂਨੀਅਨ ਸਿਟੀ/ਪ੍ਰਮਿੰਦਰ ਸਿੰਘ ਪ੍ਰਵਾਨਾ :** ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ 'ਆਪਣੀ ਕਹਾਣੀ ਲਿਖੋ' ਅਧੀਨ ਪ੍ਰੋਗਰਾਮ ਵਿਚ ਬਹੁਤ ਸਾਰੇ ਅੰਗਰੇਜ਼ੀ ਲੇਖਕ ਹਾਜ਼ਰ ਹੋਏ। ਉਨ੍ਹਾਂ ਵਿਚਾਰ ਗੋਸ਼ਟੀ ਵਿਚ ਭਾਗ ਲਿਆ ਅਤੇ ਆਪਣੇ ਤਜਰਬੇ ਅਤੇ ਯਾਦਾਂ ਸਾਂਝੀਆਂ ਕਰਦੇ ਹੋਏ ਇਨ੍ਹਾਂ ਵਿਸ਼ਿਆਂ 'ਤੇ ਵਿਚਾਰ ਕੀਤਾ ਜਿਵੇਂ ਗਲਪ ਸਾਹਿਤ, ਗੈਰ ਗਲਪ ਸਾਹਿਤ, ਕਾਵਿ, ਗੀਤ ਸੰਗੀਤ, ਸਾਇੰਸ, ਲੇਖ, ਨਾਟਕ ਕਲਾ ਆਦਿ। ਭਾਗ ਲੈਣ ਵਾਲੇ ਲੇਖਕਾਂ ਵਿਚ ਪੰਜਾਬੀ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ, Deniss Smith, Rita Kibildis, Vanessa Mason, Marry Anne Cresto, Stacy Sorrells, Rabecea Franklin ਆਦਿ ਸ਼ਾਮਲ ਸਨ। ਲਾਇਬ੍ਰੇਰੀ ਅਤੇ ਲਿਲੀ ਵਲੋਂ ਇਹ ਪ੍ਰੋਗਰਾਮ ਆਯੋਜਤ ਕੀਤਾ ਗਿਆ ਸੀ, ਜਿਸ ਸਾਹਿਤ ਦੀਆਂ ਵੱਖ ਵੱਖ ਵੰਨਗੀਆਂ ਤੇ ਆਪਣੀਆਂ ਰਚਨਾਵਾਂ ਸਾਂਝੀਆਂ



ਕੀਤੀਆਂ ਗਈਆਂ। ਇਸ ਨਾਲ ਸਭ ਨੂੰ ਇਕ ਦੂਸਰੇ ਦੀ ਲੇਖਣੀ ਦੇ ਹੁਨਰ ਨੂੰ ਪਰਖਣ ਦਾ ਮੌਕਾ ਮਿਲਿਆ। ਪ੍ਰੋਗਰਾਮ ਦੌਰਾਨ ਸਭ ਨੂੰ ਸਿੱਖਣ ਅਤੇ ਲਿਖਣ ਦੇ ਸ਼ੌਕ ਨੂੰ ਜਾਰੀ ਰੱਖਣ ਦਾ ਸੁਨੇਹਾ ਦਿੱਤਾ ਗਿਆ।

ਯਾਦ ਰਹੇ ਕਿ ਲਾਇਬ੍ਰੇਰੀ ਵਲੋਂ ਵੱਖ-ਵੱਖ ਸਾਹਿਤਕ ਤੇ ਸੱਭਿਆਚਾਰਕ ਰੰਗਾਂ ਦਾ ਅਦਾਨ-ਪ੍ਰਦਾਨ ਕਰਨ ਲਈ ਅਜਿਹੇ ਪ੍ਰੋਗਰਾਮ ਸਮੇਂ-ਸਮੇਂ 'ਤੇ ਆਯੋਜਿਤ ਕੀਤੇ ਜਾਂਦੇ ਹਨ। ਹਰ ਕੋਈ ਆਪਣੀ ਖੇਤਰੀ ਲਾਇਬ੍ਰੇਰੀ ਰਾਹੀਂ ਅਜਿਹੇ ਪ੍ਰੋਗਰਾਮਾਂ ਦਾ ਲਾਭ ਉਠਾ ਸਕਦਾ ਹੈ।

# ‘ਕਿਰਤ ਕਰੋ-ਵੰਡ ਛਕੋ’ ਸਿਧਾਂਤ ’ਤੇ ਪਹਿਰਾ ਦਿੰਦੇ ਨੇ ਪਿੰਡ ਸੰਘੇ ਖਾਲਸਾ ਦੇ ਪ੍ਰਵਾਸੀ

**ਅਮਨਦੀਪ ਕੌਰ ਹਾਂਸ**

“ਪੜ੍ਹਾਂ, ਸੋਚਾਂ, ਲਿਖਾਂ, ਮੈਂ ਹਰਫ ਜਿਹੜਾ, ਉਹ ਤੇਰੇ ਨਾਮ ਦਾ ਵਿਸਥਾਰ ਹੋਵੇ।
ਚੜ੍ਹਾਂ ਜਿਸ ਰਾਹ, ਉਹ ਤੇਰੇ ਤੀਕ ਜਾਵੇ, ਖੜ੍ਹਾਂ ਜਿਸ ਥਾਂ ਉਹ ਤੇਰਾ ਦੁਆਰ ਹੋਵੇ..। ”

ਐਨੀ ਮੁਹੱਬਤ ਕਰਦੇ ਨੇ ਪ੍ਰਵਾਸ ਹੰਢਾਉਂਦੇ ਪੰਜਾਬੀ ਆਪਣੀ ਜੰਮਣ ਭੋਇੰ ਨੂੰ.. ਜਿਥੇ ਮਰਜ਼ੀ ਜਾ ਵਸਣ, ਪਰ ਰੂਹ ਪੰਜਾਬ ਦੀ ਫਿਜ਼ਾ ਵਿਚ ਹੀ ਗੁੰਮੀ-ਗੁਆਚੀ ਰਹਿੰਦੀ ਹੈ, ਦਿਲ ਦੀ ਧੜਕਣ ਵਿਚ ਪੰਜਾਬ ਦਾ ਫਿਕਰ ਧੜਕਦਾ ਹੈ, ਸਾਹਾਂ ਦੀ ਮਹਿਕ ਵਿਚ ਇਹਦੀ ਮਿੱਟੀ ਮਹਿਕਦੀ ਹੈ, ਇਸੇ ਕਰਕੇ ਹੀ ਇਹਦਾ ਦਰਦ ਦੂਰ ਬੈਠੇ ਵੀ ਸ਼ਿੱਦਤ ਨਾਲ ਮਹਿਸੂਸਦੇ ਨੇ, ਹੱਲ ਕਰਨ ਲਈ ਅਹੁਲਦੇ ਨੇ.. .. ..।

ਆਪਾਂ ਇਕ ਪਿੰਡ ਚੱਲਦੇ ਹਾਂ, ਜੀਹਦੀ ਕਾਇਆ ਪ੍ਰਵਾਸੀ ਪੰਜਾਬੀਆਂ ਨੇ ਪਲਟ ਕੇ ਰੱਖ ਦਿੱਤੀ ਹੈ। ਪਰ ਪਿੰਡ ਦੇ ਵਿਦੇਸ਼ਾਂ ਵਿਚ ਵਸਦੇ ਬਸ਼ਿੰਦਿਆਂ ਨੇ ਉਹ ਕੁਝ ਕਰ ਵਿਖਾਇਆ ਹੈ, ਜੋ ਸਰਕਾਰਾਂ ਦਹਾਕਿਆਂ ’ਚ ਨਹੀਂ ਕਰ ਸਕਣਗੀਆਂ। ਇਹ ਪਿੰਡ ਹੈ, ਜਲੰਧਰ ਜ਼ਿਲੇ ਦਾ ਸੰਘੇ ਖਾਲਸਾ.. .. ਨੂਰਮਹਿਲ-ਨਕੋਦਰ ਸੜਕ ’ਤੇ ਪੈਂਦਾ ਇਹ ਪਿੰਡ ਸ਼ੇਰ ਸ਼ਾਹ ਸੂਰੀ ਮਾਰਗ ਤੋਂ ਇਕ ਕਿਲੋਮੀਟਰ ਹਟਵਾਂ ਹੈ। ਸਿਆਣੇ ਆਂਹਦੇ ਹੁੰਦੇ ਨੇ ਘਰ ਦੇ ਭਾਗ ਡਿਓਢੀਓਂ ਸਿਆਣੇ ਜਾਂਦੇ ਨੇ., ਬਿਲਕੁਲ ਇਸੇ ਤਰਾਂ ਪਿੰਡ ਵੜਦਿਆਂ ਹੀ ਅਹਿਸਾਸ ਹੋ ਜਾਂਦਾ ਹੈ ਕਿ ਕੁਝ ਤਾਂ ਖਾਸ ਹੈ ਇਥੇ।

12-13 ਸੌ ਦੀ ਅਬਾਦੀ ਵਾਲੇ ਇਸ ਪਿੰਡ ਦੇ ਹਰ ਘਰ ਦਾ ਕੋਈ ਨਾ ਕੋਈ ਜੀਅ ਤੇ ਕਈਆਂ ਦੇ ਸਾਰੇ ਜੀਅ ਵੱਖ-ਵੱਖ ਦੇਸ਼ਾਂ ਕੈਨੇਡਾ, ਅਮਰੀਕਾ, ਇੰਗਲੈਂਡ, ਜਰਮਨੀ, ਦੁਬਈ, ਆਬੂਧਾਬੀ ਵਿੱਚ ਵਸੇ ਹੋਏ ਨੇ। ਹਰ ਸ਼ਖਸ ਵਸਦਾ ਬੇਸ਼ੱਕ ਕਿਤੇ ਵੀ ਹੈ ਪਰ ਉਸ ਦੀ ਰੂਹ ਪਿੰਡ ਵਿੱਚ ਹੀ ਵਸਦੀ ਹੈ। ਵੱਖ-ਵੱਖ ਪ੍ਰਵਾਸੀਆਂ ਨੇ ਪਿੰਡ ਦੇ ਕਾਰਜ ਸੰਵਾਰਨ ਵਾਸਤੇ ਸੰਨ 1993 ਵਿੱਚ ਸੰਘੇ ਖਾਲਸਾ ਓਵਰਸੀਜ਼ ਵੈਲਫੇਅਰ ਕਮੇਟੀ ਗਠਿਤ ਕੀਤੀ ਸੀ, ਜੋ ਅੱਜ ਤੱਕ ਬਿਨਾ ਕਿਸੇ ਧੜੇਬੰਦੀ ਦੇ ਕਾਰਜਸ਼ੀਲ ਹੈ। ਵਿਦੇਸ਼ੀਂ ਵਸਦੇ ਪਿੰਡ ਵਾਸੀ ਬੜੀ ਖੁਸ਼ਹਾਲ ਜ਼ਿੰਦਗੀ ਜਿਉਂਦੇ ਨੇ, ਪਿੰਡ ਵਿੱਚ ਉਸਰੀਆਂ ਉਹਨਾਂ ਦੀਆਂ ਦੋ-ਦੋ ਤਿੰਨ-ਤਿੰਨ ਮੰਜ਼ਲਾਂ ਕੋਠੀਆਂ ਇਸ ਦੀ ਗਵਾਹੀ ਭਰਦੀਆਂ ਨੇ ਪਰ ਇਹ ਖੁਸ਼ਹਾਲੀ ਨਿੱਜ ਤੱਕ ਹੀ ਸੀਮਤ ਨਾ ਹੋ ਕੇ ਪੂਰੇ ਪਿੰਡ ਦੀ ਨੁਹਾਰ ਨਿਖਾਰ ਰਹੀ ਹੈ।

ਓਵਰਸੀਜ਼ ਵੈਲਫੇਅਰ ਕਮੇਟੀ ਵਿੱਚ ਕਈ ਮੈਂਬਰ ਨੇ, ਕਮੇਟੀ ਨਾਮ ਦੀ ਕਮੇਟੀ ਹੈ, ਸਗੋਂ ਇਕ ਪਰਿਵਾਰ ਹੈ। ਹਰੇਕ ਦੇ ਸਿਰ ਕੋਈ ਨਾ ਕੋਈ ਜ਼ਿਮੇਵਾਰੀ ਉਸ ਦੇ ਵਿੱਤ ਮੁਤਾਬਕ ਪਾਈ ਜਾਂਦੀ ਹੈ, ਜੋ ਉਹ ਪੂਰੀ ਤਨਦੇਹੀ ਨਾਲ ਨਿਭਾਉਂਦਾ ਹੈ। ਤਨ-ਮਨ ਤੇ ਧਨ ਨਾਲ ਪਿੰਡ ਦੇ ਕਾਰਜ ਕਰਨ ਵਿੱਚ ਸਭ ਰਲ-ਮਿਲ ਕੇ ਸ਼ਾਮਲ ਹੁੰਦੇ ਨੇ।

ਪਿੰਡ ਦੇ ਪ੍ਰਵਾਸੀਆਂ ਵਲੋਂ ਇਸ ਕਮੇਟੀ ਦੀ ਅਗਵਾਈ ਵਿੱਚ ਜੋ ਮੁੱਖ ਕਾਰਜ ਕੀਤੇ ਗਏ, ਉਹਨਾਂ ਵਿੱਚ ਅੰਡਰ ਗਰਾਊਂਡ ਸੀਵਰੇਜ ਸਿਸਟਮ, ਮੀਂਹ ਦਾ ਪਾਣੀ ਜ਼ਮੀਨ ਵਿੱਚ ਹੀ ਰਕਾਉਣ ਦੇ ਪ੍ਰਬੰਧ, ਕੂੜਾ ਕਰਕਟ ਸੁੱਟਣ ਲਈ ਪਿੰਡ ਦੇ ਬਾਹਰਵਾਰ ਡੰਪ ਬਣਾਉਣੇ, ਲਿਫਾਫੇ, ਕੱਪੜੇ ਆਦਿ ਦਾ ਕੂੜਾ ਸਾੜਨ ਲਈ ਭੱਠੀਆਂ ਬਣਾਉਣਾ, ਸੀਵਰੇਜ ਦਾ ਪਾਣੀ ਸਾਫ ਕਰਨ ਲਈ ਵਾਟਰ ਟਰੀਟਮੈਂਟ ਪਲਾਂਟ ਲਾਉਣੇ, ਪੀਣ ਲਈ



ਸੰਘੇ ਖਾਲਸਾ (ਜਲੰਧਰ) ਦੀ ਆਲੀਸ਼ਾਨ ਕੋਠੀ



ਪਿੰਡ ਸੰਘੇ ਖਾਲਸਾ (ਜਲੰਧਰ) ਦਾ ਸਾਂਝਾ ਚੁੱਲ੍ਹਾ

ਸਾਫ ਪਾਣੀ ਵਾਸਤੇ ਟੈਂਕੀ ਬਣਾਉਣੀ, ਸਰਕਾਰੀ ਸਕੂਲ ਦੀ ਇਮਾਰਤ ਉਸਾਰੀ, ਗਰਾਊਂਡ ਤਿਆਰ ਕਰਨਾ। ਇਹ ਸਭ ਕੰਮ ਪ੍ਰਵਾਸੀ ਪੰਜਾਬੀਆਂ ਦੀ ਹਿੰਮਤ ਤੇ ਪੈਸੇ ਨਾਲ ਹੋਏ ਨੇ।

ਕੋਈ ਧੜੇਬੰਦੀ ਪਿੰਡ ’ਚ ਹਾਵੀ ਨਹੀਂ ਹੋਣ ਦਿੱਤੀ : ਧੜੇਬੰਦੀ ਤੇ ਸਿਆਸੀ ਗੰਧਲੇਪਣ ਤੋਂ ਅਣਭਿੱਜ ਸੰਘੇ ਖਾਲਸਾ ਪਿੰਡ ਦੇ ਵਸਨੀਕਾਂ ਨੇ ਸਰਕਾਰ ਵਲੋਂ ਐਲਾਨੀ 75 : 25 ਵਾਲੀ ਯੋਜਨਾ ਦਾ ਪੂਰਾ ਲਾਭ ਲਿਆ। ਪ੍ਰਵਾਸੀਆਂ ਦੀ ਨੇਕਨੀਅਤੀ ਤੇ ਪਿੰਡ ਵਾਸੀਆਂ ਦੀ ਸੋਝੀ ਨੇ ਸਰਕਾਰ ਨੂੰ ਬਹਾਨੇ ਦਾ ਕੋਈ ਮੌਕਾ ਨਹੀਂ ਦਿੱਤਾ ਤੇ ਲਗਾਤਾਰ ਪਿੱਛਾ ਕਰਕੇ ਹਰ ਐਲਾਨੀ ਸਹੂਲਤ ਦਾ ਫਾਇਦਾ ਲਿਆ। 75 ਫੀਸਦੀ ਹਿੱਸਾ ਖੁਦ ਪਾ ਕੇ ਸਰਕਾਰ ਦੀ ਜੇਬ ’ਚੋਂ 25 ਫੀਸਦੀ ਹਿੱਸਾ ਕਢਵਾਇਆ।

ਗੱਲ ਪਾਣੀ ਵਾਲੀ ਟੈਂਕੀ ਤੋਂ ਆਰੰਭ ਕਰਦੇ ਹਾਂ, ਜਿਸ ਵਾਸਤੇ 2 ਲੱਖ ਰੁਪਏ ਸਰਕਾਰ ਨੇ ਦਿੱਤੇ, ਕਰੀਬ 14 ਲੱਖ ਰੁਪਏ ਪ੍ਰਵਾਸੀਆਂ ਪੰਜਾਬੀਆਂ ਨੇ ਯੋਗਦਾਨ ਪਾਇਆ ਤੇ ਪਿੰਡ ਵਾਸੀਆਂ ਨੇ ਵੀ 1 ਲੱਖ ਰੁਪਏ ਇਕੱਠੇ ਕਰਕੇ ਹਿੱਸਾ ਪਾਇਆ। ਟੈਂਕੀ ਪਿੰਡ ਦਾ ਸਾਰਾ ਲੈਵਲ ਮਾਪ ਕੇ ਐਨੀ ਉਚੀ ਬਣਾਈ ਗਈ ਕਿ ਦੋ ਮੰਜ਼ਲਾ ਘਰਾਂ ਦੀ ਪਾਣੀ ਵਾਲੀ ਟੈਂਕੀ ਵਿੱਚ ਵੀ ਪੂਰੇ ਪ੍ਰੈਸ਼ਰ ਨਾਲ ਪਾਣੀ ਜਾਂਦਾ ਹੈ। ਅਜਿਹਾ ਪ੍ਰਬੰਧ ਸ਼ਹਿਰਾਂ ਵਿੱਚ ਵੀ ਸ਼ਾਇਦ ਹੀ ਕਿਤੇ ਲੱਭੇ। ਟਿਊਬਵੈਲ 500 ਫੁੱਟ ਡੂੰਘਾ ਲਾਇਆ ਗਿਆ ਹੈ, ਆਟੋਮੈਟਿਕ ਪਿਓਰੀਫਾਇਰ ਸਿਸਟਮ ਲਾਇਆ ਗਿਆ ਹੈ, ਜੋ ਪਾਣੀ ਨੂੰ ਲੋੜ ਮੁਤਾਬਕ ਸਾਫ ਰੱਖਣ ਲਈ ਟਰੀਟ ਕਰਦਾ ਹੈ। ਇਹ ਸਿਸਟਮ ਪੰਜਾਬ ਭਰ ਵਿੱਚ ਕਿਤੇ ਵਿਰਲਾ-ਟਾਵਾਂ ਹੋ ਸਕਦਾ ਹੈ। ਨਹੀਂ ਤਾਂ ਬਹੁਤੇ ਪਿੰਡਾਂ ਵਿੱਚ ਤਾਂ ਜਿੱਥੇ ਸਭ ਕੁਝ ਸਰਕਾਰ ਜੀ ਦੇ ਹੱਥ ਵੱਸ ਹੈ, ਓਥੇ ਤਾਂ ਲੋਕ ਕੱਚੀਆਂ ਖੂਹੀਆਂ ਵਾਲੀਆਂ ਟਾਇਲਟਸ ਬਣਾ ਕੇ ਨਾਲ ਹੀ ਨਲਕੇ ਲਾ ਕੇ ਗੰਦਗੀ ਰਲਿਆ ਪਾਣੀ ਪੀਣ ਨੂੰ ਮਜਬੂਰ ਨੇ।

ਸੰਘੇ ਖਾਲਸਾ ਪਿੰਡ ਵਿੱਚ ਸੀਵਰੇਜ ਦਾ ਪਾਣੀ ਟਰੀਟ ਕਰਕੇ ਵਰਤੋਂ ਯੋਗ ਬਣਾਉਣ ਲਈ ਸੰਨ 1993 ਤੋਂ ਹੀ ਕੰਮ ਚੱਲ ਰਿਹਾ ਹੈ, ਜੋ 2014 ਵਿੱਚ ਪੂਰੀ ਤਰਾਂ ਚਾਲੂ ਹੋ ਗਿਆ। ਇਸ ’ਤੇ ਹੁਣ ਤੱਕ ਪਤਾ ਜੇ ਕਿੰਨਾ ਖਰਚਾ ਆਇਆ? 63 ਲੱਖ ਰੁਪਿਆ, 25 ਫੀਸਦੀ ਸਰਕਾਰ ਜੀ ਦੀ ਜੇਬ ਵਿਚੋਂ ਪਿੰਡ ਦੇ ਮੋਹਤਬਰਾਂ ਨੇ ਕਢਵਾਇਆ ਤੇ 75 ਫੀਸਦੀ ਪ੍ਰਵਾਸੀ ਪੰਜਾਬੀਆਂ ਨੇ ਆਪਣੀ ਜੇਬ ਵਿਚੋਂ ਲਾਇਆ। ਇਸੇ ਪਲਾਂਟ ’ਤੇ ਬਿਜਲੀ ਬਣਾਉਣ ਲਈ 12 ਲੱਖ ਰੁਪਏ ਪ੍ਰਵਾਸੀਆਂ ਨੇ ਖਰਚ ਕੇ ਸੋਲਰ ਸਿਸਟਮ ਲਾਇਆ। ਇਥੋਂ ਪਾਵਰਕਾਮ ਦੇ ਗਰਿੱਡ ਨੂੰ ਬਿਜਲੀ ਦਿੱਤੀ ਜਾਂਦੀ ਹੈ, ਬਦਲੇ ਵਿਚ ਬਿਜਲੀ ਲਈ ਜਾਂਦੀ ਹੈ। ਜੇ ਪਿੰਡ ਵਾਲੇ ਬਿਜਲੀ ਵੱਧ ਬਾਲਣ ਤਾਂ ਪੈਸੇ ਭਰਦੇ ਨੇ ਪਰ ਜੇ ਪਾਵਰਕਾਮ ਵੱਲ ਬਿਜਲੀ ਵਧ ਜਾਏ ਤਾਂ ਇਵਜ਼ ’ਚ ਕੁਝ ਨਹੀਂ ਮਿਲਦਾ। ਜੋ ਪਾਣੀ ਟਰੀਟ ਕੀਤਾ ਜਾਂਦਾ ਹੈ, ਉਸ ਨੂੰ ਸਟੋਰ ਕਰਕੇ ਕਿਚਨ ਗਾਰਡਨ, ਮਸ਼ੀਨਰੀ ਧੋਣ, ਫਰਸ਼ ਧੋਣ ਜਾਂ ਹੋਰ ਕਿਸੇ ਅਜਿਹੇ ਕੰਮ ਲਈ ਵਰਤਿਆ ਜਾ ਰਿਹਾ ਹੈ। ਬਕਾਇਦਾ ਇਸ ਵਾਸਤੇ ਵੀ ਪੂਰੇ ਪਿੰਡ ਵਿੱਚ ਪਾਈਪਾਂ ਵਿਛਾਈਆਂ ਗਈਆਂ ਨੇ, ਅਜਿਹਾ ਇਸ ਪਿੰਡ ਵਿੱਚ ਕਿਤੇ ਦਿਸਿਆ ਹੀ ਨਹੀਂ ਕਿ ਕਾਂਗਰਸ ਦੇ ਘਰਾਂ ਮੂਹਰੇ ਤਰੱਕੀ ਨਹੀਂ ਤੇ ਬਾਦਲਕਿਆਂ ਦੇ ਘਰਾਂ ਮੂਹਰੇ ਤਰੱਕੀ ਹੈ। ਇਥੇ ਦਲਿਤ ਪਰਿਵਾਰਾਂ ਦੀ ਰਿਹਾਇਸ਼ ਤੋਂ ਲੈ ਕੇ ਜ਼ਿਮੀਦਾਰਾਂ ਦੀ ਰਿਹਾਇਸ਼ ਤੱਕ ਸਭ ਕਿਤੇ ਇਕੋ ਜਿਹੇ ਪ੍ਰਬੰਧ ਨੇ। ਪਿੰਡ ਦੇ ਪੈਨਸ਼ਨਰਾਂ ਨੂੰ ਕਦੇ ਵੀ ਅਜਿਹਾ ਨਹੀਂ ਹੋਇਆ ਕਿ ਪੈਨਸ਼ਨ ਨਾ ਮਿਲੇ। ਜੇ ਦੋ ਮਹੀਨੇ ਬਾਅਦ ਜਾਂ ਤਿੰਨ ਮਹੀਨੇ ਬਾਅਦ ਆਈ ਤਾਂ ਇਕੱਠੀ ਮਿਲੀ, ਇਹ ਨਹੀਂ ਕਿ ਮਹੀਨੇ ਦੀ ਹੀ ਮਿਲੀ। ਕਣਕ ਦਾਲ ਵੀ ਵਕਤ ਸਿਰ ਮਿਲਦੀ ਹੈ। ਹੈਲਥ ਸੈਂਟਰ ਵੀ ਹੈ, ਸਟਾਫ ਵੀ ਹੈ। ਟਾਇਲਟਸ ਬਣਾਉਣ ਲਈ ਜਿੰਨੀ ਗ੍ਰਾਂਟ ਆਈ, ਥਾਂ ਸਿਰ ਲੱਗੀ। ਪਿੰਡ ਦਾ ਜ਼ਮੀਨਦੋਜ਼ ਸੀਵਰੇਜ ਸਿਸਟਮ ਤਾਂ ਬਾ-ਕਮਾਲ ਹੈ ਹੀ, ਜੇ ਕਿਤੇ ਬਲੌਕੇਜ਼ ਹੋ ਜਾਵੇ ਤਾਂ ਉਸ ਦੀ ਸਫਾਈ ਲਈ ਮਸ਼ੀਨ ਵੀ ਖਰੀਦੀ ਹੋਈ ਹੈ।

3 ਲੱਖ ਰੁਪੇ ਦੀ ਸਰਕਾਰੀ ਗ੍ਰਾਂਟ ਨਾਲ ਆਂਗਣਵਾੜੀ ਸੈਂਟਰ ਦੀ ਇਮਾਰਤ ਵੀ ਉਸਰ ਰਹੀ ਹੈ, ਪੈਸੇ ਘਟ ਗਏ ਤਾਂ ਓਵਰਸੀਜ਼ ਵੈਲਫੇਅਰ ਕਮੇਟੀ ਯੋਗਦਾਨ ਪਾਵੇਗੀ।

ਸਕੂਲ ਲਈ ਪਿੰਡ ਦੇ ਐਨਆਰਆਈ ਨਾਜਰ ਸਿੰਘ ਨੇ ਸੰਨ 1993 ਵਿੱਚ ਆਪਣਾ ਘਰ ਦਾਨ ਦੇ ਦਿੱਤਾ ਸੀ ਜਿਸ ’ਤੇ ਸਕੂਲ ਦੀ ਇਮਾਰਤ ਸਾਰੇ ਪ੍ਰਵਾਸੀਆਂ ਨੇ ਰਲ-ਮਿਲ ਕੇ ਬਣਾਈ। ਸਕੂਲ ਵਿੱਚ ਅਧਿਆਪਕਾਂ ਦੀ ਘਾਟ ਨਾ ਰੜਕੇ, ਇਸ ਵਾਸਤੇ ਕੁਝ ਅਧਿਆਪਕ ਵੀ ਪ੍ਰਵਾਸੀਆਂ ਨੇ ਰੱਖ ਕੇ ਦਿੱਤੇ ਨੇ ਜਿਹਨਾਂ ਨੂੰ ਤਨਖਾਹ ਵੀ ਵੈਲਫੇਅਰ ਕਮੇਟੀ ਦੇ ਫੰਡ ਵਿੱਚੋਂ ਦਿੱਤੀ ਜਾਂਦੀ ਹੈ।



ਸੰਘੇ ਖਾਲਸਾ ਹਰਿਆ ਭਰਿਆ

ਇਹ ਕਮੇਟੀ ਹਰ ਸਾਲ 12,13,14 ਜਨਵਰੀ ਨੂੰ ਪਿੰਡ ਵਿੱਚ ਖੇਡ ਮੇਲਾ ਤੇ ਸਭਿਆਚਾਰਕ ਮੇਲਾ ਕਰਵਾਉਂਦੀ ਹੈ। ਸਭਿਆਚਾਰ ਮੇਲੇ ਦਾ ਮਤਲਬ ਸੱਚੀਆਂ ਕਦਰਾਂ-ਕੀਮਤਾਂ ਵਾਲੇ ਸਮਾਗਮ, ਜਿਸ ਵਿੱਚ ਭਾਈ ਮੰਨਾ ਸਿੰਘ ਉਰਫ ਗੁਰਸ਼ਰਨ ਸਿੰਘ ਵਰਗੇ ਨਾਟਕਕਾਰ ਆਏ ਹੋਣ, ਜਾਗ ਲਾ ਕੇ ਗਏ ਹੋਣ, ਓਥੇ ਸੱਚੀਆਂ ਕਦਰਾਂ ਕੀਮਤਾਂ ਦੀ ਪੈੜ ਹੀ ਬੱਝਦੀ। ਖੇਡਾਂ ਵਿੱਚ ਕੁੜੀਆਂ ਦੀ ਰੱਸਾਕਸ਼ੀ, ਕੁਸ਼ਤੀ, ਕਬੱਡੀ ਵੀ ਹੁੰਦੀ ਹੈ, ਵਾਲੀਬਾਲ ਦੇ ਮੁਕਾਬਲੇ ਵੀ ਹੁੰਦੇ ਨੇ। ਵਰਲਡ ਕਬੱਡੀ ਕੱਪ ਖੇਡਣ ਵਾਲੀਆਂ ਕੁੜੀਆਂ ਨੇ ਪਹਿਲਾ ਮੈਚ ਇਸ ਪਿੰਡ ਦੀ ਸੁਭਾਗੀ ਧਰਤ ’ਤੇ ਖੇਡ ਕੇ ਸੁੱਚੀ ਸੋਚ ਰੱਖਣ ਵਾਲਿਆਂ ਦਾ ਆਸ਼ੀਰਵਾਦ ਲਿਆ। ਹੁਣ ਵੀ ਇਹ ਕੁੜੀਆਂ ਬਿਨਾ ਬੁਲਾਇਆਂ ਖੇਡਣ ਆਉਂਦੀਆਂ ਨੇ। ਇਥੇ ਟੂਰਨਾਮੈਂਟ 24 ਸਾਲਾਂ ਤੋਂ ਲਗਾਤਾਰ ਕਰਵਾਇਆ ਜਾਂਦਾ ਹੈ।

ਹਰ ਸਾਲ ਨੂਰਮਹਿਲ, ਰੁੜਕਾ ਕਲਾਂ ਤੇ ਨਕੋਦਰ ਦੇ 11ਵੀਂ, 12ਵੀਂ ਤੇ ਬੀਏ ਭਾਗ ਪਹਿਲਾ ਦੇ ਪਹਿਲੇ ਤਿੰਨ ਦਰਜਿਆਂ ਵਿੱਚ ਪਾਸ ਹੋਣ ਵਾਲੇ ਵਿਦਿਆਰਥੀਆਂ ਨੂੰ ਕਮੇਟੀ ਵਲੋਂ ਸਨਮਾਨਤ ਕੀਤਾ ਜਾਂਦਾ ਹੈ। ਸਕੂਲ ਕਿੱਟਾਂ ਵੰਡੀਆਂ ਜਾਂਦੀਆਂ ਨੇ, ਜਿਹਨਾਂ ਵਿੱਚ ਹੋਰ ਸਮਾਨ ਦੇ ਨਾਲ-ਨਾਲ ਤਰਕ ਤੇ ਗਿਆਨ ਭਰਪੂਰ ਸਾਹਿਤ ਵੀ ਸ਼ਾਮਲ ਹੈ। ਨੂਰਮਹਿਲ, ਨਕੋਦਰ, ਸੰਘ ਢੇਸੀਆਂ ਤੇ ਕਾਲਾ ਸੰਘਿਆ ਦੇ ਕਾਲਜਾਂ, ਸਕੂਲਾਂ ਦੇ 10+1 ਤੋਂ ਬੀਏ ਤੱਕ ਦੇ ਵਿਦਿਆਰਥੀਆਂ ਦਾ ਤਰਕ ਭਰਪੂਰ, ਸਮਾਜਕ ਪੱਧਰ ’ਤੇ ਜਾਗਰੂਕਤਾ ਵਾਲੇ ਤੇ ਆਮ ਗਿਆਨ ਦੇ ਸਵਾਲਾਂ ਦਾ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਦੂਜੇ ਤੇ ਤੀਜੇ ਦਰਜੇ ਵਾਲੇ ਨੂੰ 10 ਹਜ਼ਾਰ, 8 ਹਜ਼ਾਰ, ਤੇ 6 ਹਜ਼ਾਰ ਰੁਪਏ ਦਾ ਨਕਦ ਇਨਾਮ ਦਿੱਤਾ ਜਾਂਦਾ ਹੈ, ਬਾਕੀਆਂ ਨੂੰ ਵੀ ਹੌਸਲਾ ਵਧਾਊ ਇਨਾਮ ਦਿੱਤਾ ਜਾ ਰਿਹਾ ਹੈ।

ਭਾਈਚਾਰੇ ਦੀ ਮਿਸਾਲ ਕਾਇਮ ਕਰਦੇ ਨੇ ਪਿੰਡ ਦੇ ਪ੍ਰਵਾਸੀ : ਕੁਝ ਪ੍ਰਵਾਸੀਆਂ ਨੇ ਆਪਣੀ ਪੱਧਰ ’ਤੇ ਆਲੇ ਦੁਆਲੇ ਦੀਆਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਪੜ੍ਹਾਈ ਲਈ ਅਡਾਪਟ ਕੀਤੀਆਂ ਨੇ। ਪਿੰਡ ਵਿੱਚ ਕਿਸੇ ਪਰਿਵਾਰ ’ਤੇ ਕੋਈ ਬਿਪਤਾ ਆ ਜਾਵੇ, ਕੋਈ ਗੁਰਬਤ ਮਾਰਾ ਬਿਮਾਰ ਪੈ ਗਿਆ, ਸੱਟ ਫੇਟ ਖਾ ਬੈਠਾ ਤਾਂ ਵੀ ਪ੍ਰਵਾਸੀ ਸਾਰਾ ਖਰਚਾ ਵੰਡ ਕੇ ਪੀੜਤ ਪਰਿਵਾਰ ਦੇ ਸਿਰ ਬੋਝ ਪੈਣ ਹੀ ਨਹੀਂ ਦਿੰਦੇ। ਵੈਲਫੇਅਰ ਕਮੇਟੀ ਪਿੰਡ ਦੀ ਹਰ ਧੀ ਨੂੰ 51-51 ਸੌ ਰੁਪਏ ਵਿਆਹ ਮੌਕੇ ਸ਼ਗਨ ਦਿੰਦੀ ਹੈ, ਜੇ ਕੋਈ ਲੋੜਵੰਦ ਦਿਸੇ ਤਾਂ ਕੁੜੀ ਦੇ ਵਿਆਹ ਮੌਕੇ ਹੋਰ ਮਦਦ ਵੀ ਕੀਤੀ ਜਾਂਦੀ ਹੈ। ਪਿੰਡਾਂ ਵਿੱਚ ਸਾਮਾਜਿਕ ਕਾਰਜਾਂ ਵਾਸਤੇ ਦਰਵਾਜ਼ੇ ਹੋਇਆ ਕਰਦੇ ਸਨ, ਇਥੇ ਵੀ ਹੈ, ਜਿਸਦੇ ਉਪਰ ਸੰਨ 2006 ਵਿੱਚ ਪੰਚਾਇਤ ਘਰ ਪ੍ਰਵਾਸੀਆਂ ਨੇ ਉਸਾਰ ਦਿੱਤਾ। ਇਥੇ ਪੰਚਾਇਤੀ ਅਗਵਾਈ ਵਾਲੇ ਕੰਮਾਂ ਦੀ ਰੂਪ ਰੇਖਾ ਘੜੀ ਜਾਂਦੀ ਹੈ।

ਪਿੰਡ ਸੰਘੇ ਖਾਲਸਾ ਦੀ ਪੰਚਾਇਤ ਕਿਸੇ ਵੀ ਧਿਰ ਵੱਲੋਂ ਚੁਣੀ ਜਾਵੇ, ਪਰ ਹਰ ਵਾਰ ਸਰਪੰਚ ਦੇ ਮੂੰਹ ’ਤੇ ਇਕ ਗੱਲ ਹੀ ਹੁੰਦੀ ਹੈ ਕਿ ਮੈਂ ਤਾਂ ਪਿੰਡ ਦਾ ਸਰਪੰਚ ਹਾਂ, ਅਕਾਲੀ-ਕਾਂਗਰਸੀ ਬਾਅਦ ’ਚ ਹਾਂ। ਕਿਸੇ ਵੀ ਚੋਣ ਵੇਲੇ ਪਿੰਡ ’ਚ ਕੁੜੱਤਣ ਨਹੀਂ ਪਸਰੀ, ਇਕ ਦੂਜੀ ਪਾਰਟੀ ਦੇ ਸਮਰਥਕ ਇਕ ਦੂਜੇ ਦੇ ਬੂਥ ਉਤੇ ਮਦਦ ਕਰਦੇ ਦਿਸਦੇ ਨੇ।

ਮਰਹੂਮ ਪਿਆਰਾ ਸਿੰਘ ਦੇ ਵਿਦੇਸ਼ ਵਸਦੇ ਪਰਿਵਾਰ ਨੇ ਪਿੰਡ ਦੇ ਚੋਬਰਾਂ ਲਈ ਜਿੰਮ ਬਣਾਇਆ ਹੈ। ਮਸ਼ੀਨਰੀ ਤੋਂ ਲੈ ਕੇ ਸੰਭਾਲ ਤੱਕ ਦਾ ਸਾਰਾ ਪ੍ਰਬੰਧ ਦੇਖਦੇ ਨੇ। ਪਿੰਡ ਵਿੱਚ ਸਾਰੀਆਂ ਗਲੀਆਂ ਵਿੱਚ ਇੰਟਰਲੌਕ ਟਾਇਲਾਂ ਲਵਾਉਣ ਦਾ ਵੱਡਾ ਪ੍ਰੋਜੈਕਟ ਚੱਲ ਰਿਹਾ ਹੈ, ਜਿਸ ’ਤੇ 1 ਕਰੋੜ 33 ਲੱਖ ਦਾ ਖਰਚਾ ਆਉਣ ਦੀ ਉਮੀਦ ਹੈ। 50 ਫੀਸਦੀ ਸਰਕਾਰ ਦੀ ਜੇਬ ਵਿਚੋਂ ਕਢਵਾਇਆ ਜਾਣਾ ਹੈ ਤੇ ਬਾਕੀ 50 ਫੀਸਦੀ ਪ੍ਰਵਾਸੀ ਪੰਜਾਬੀ ਖਰਚਣਗੇ। ਪਹਿਲੀ ਕਿਸ਼ਤ ਦੇ ਪ੍ਰਵਾਸੀ 33 ਲੱਖ ਰੁਪਏ ਖਰਚ ਚੁੱਕੇ ਹਨ, ਸਰਕਾਰ ਵੱਲੋਂ ਇੰਨੇ ਹੀ ਪੈਸੇ ਉਡੀਕੇ ਜਾ ਰਹੇ ਹਨ। ਗਲੀਆਂ ਦੇ ਅੰਦਰ ਟਾਇਲਾਂ ਲੱਗ ਚੁੱਕੀਆਂ ਹਨ, ਬਾਹਰਵਾਰ ਫਿਰਨੀ ਉਤੇ ਬਾਕੀ ਹਨ।

ਪਿੰਡ ਵਿੱਚ ਦੋ ਪੁਰਾਤਨ ਗੁਰੂ ਘਰ ਹਨ। ਦੋ ਸ਼ਮਸ਼ਾਨ ਘਾਟਾਂ ਸਨ, ਪ੍ਰਵਾਸੀ ਪੰਜਾਬੀਆਂ ਨੇ ਬੜਾ ਜ਼ੋਰ ਲਾਇਆ ਹੋਇਆ ਸੀ ਕਿ ਇਕ ਹੀ ਸ਼ਮਸ਼ਾਨ ਘਾਟ ਹੋਵੇ ਪਰ ਦਲਿਤ ਪਰਿਵਾਰ ਨਹੀਂ ਮੰਨ ਰਹੇ ਸਨ। ਤਰਕ ਇਹ ਦਿੱਤਾ ਜਾ ਰਿਹਾ ਸੀ ਕਿ ਸਾਡੇ ਪੁਰਖੇ ਓਥੇ ਫੂਕੇ ਨੇ, ਜੇ ਸਾਡਾ ਅੰਤਿਮ ਸੰਸਕਾਰ ਕਿਤੇ ਹੋਰ ਹੋਇਆ ਤਾਂ ਸਾਡੀ ਰੂਹ ਭਟਕਦੀ ਰਹਿ ਜਾਊ.. । ਪੜ੍ਹੇ ਲਿਖੇ ਪ੍ਰਵਾਸੀ ਮਨਾਉਣ ਦੀ ਕੋਸ਼ਿਸ਼ ਕਰਦੇ ਰਹੇ ਤੇ ਆਖਿਰ





ਹੈਲਥ ਸੈਂਟਰ ਸੰਘੇ ਖਾਲਸਾ (ਜਲੰਧਰ)

ਸਫਲ ਹੋਏ ਤੇ ਇਕ ਹੀ ਸ਼ਮਸ਼ਾਨਘਾਟ ਬਣਾ ਦਿੱਤੀ ਗਈ। ਜਿਹੜੇ ਪਰਿਵਾਰਾਂ ਕੋਲ ਘਰ ਵਿਚ ਜਗ੍ਹਾ ਘੱਟ ਹੈ, ਉਹ ਪਸ਼ੂ ਬਾਹਰ ਗਲੀਆਂ ’ਚ ਬੰਨ੍ਹਦੇ ਹਨ, ਉਹਨਾਂ ਪਰਿਵਾਰਾਂ ਦੇ ਪਸ਼ੂਆਂ ਲਈ ਪੰਚਾਇਤ ਤੇ ਪ੍ਰਵਾਸੀਆਂ ਨੇ ਸਾਂਝੀ ਥਾਂ ਖਰੀਦ ਕੇ ਦੇਣ ਦੀ ਚਾਰਾਜੋਈ ਆਰੰਭੀ ਹੋਈ ਹੈ। ਅਜਿਹਾ ਸ਼ਾਇਦ ਕਿਸੇ ਹੋਰ ਪਿੰਡ ਵਿਚ ਨਹੀਂ ਹੋਇਆ ਹੋਣਾ। ਇਥੇ ਤਾਂ ਬਹੁਤੇ ਕਿੱਸੇ ਦੂਜੇ ਦਾ ਹੜੱਪਣ ਦੇ ਹੀ ਸੁਣਦੇ ਆਏ ਹਾਂ। ਅਸਲ ਵਿੱਚ ਪਿੰਡ ਧੜੇਬੰਦੀ ਤੋਂ ਬਚਿਆ ਹੋਇਆ ਹੈ, ਇਸੇ ਕਰਕੇ ਹੀ ਤਰੱਕੀ ਦੀਆਂ ਬੁਲੰਦੀਆਂ ਨੂੰ ਛੂਹ ਰਿਹਾ ਹੈ। ਲੱਗਦਾ ਨਹੀਂ ਕਿ ਪਿੰਡ ਪੰਜਾਬ ਦਾ ਹੈ। ਜਿਸ ਸੂਬੇ ਵਿੱਚ ਦਲਾਲ ਮਾਨਸਿਕਤਾ ਵਾਲੇ ਜਨਤਕ ਅਸਬਾਬ ਦੇ ਲੁਟੇਰਿਆਂ ਦੀ ਭਰਮਾਰ ਹੈ, ਓਥੇ ਸੰਘੇ ਖਾਲਸਾ ਪਿੰਡ ਦੇ ਵਾਸੀ ਵੀ ਹਨ, ਜੋ ਰਲ-ਮਿਲ ਕੇ ਪਿੰਡ ਦੀ ਕਾਇਆ-ਕਲਪ ਕਰਨ ਵਿੱਚ ਜੁਟੇ ਹੋਏ ਨੇ।

ਸੰਘੇ ਖਾਲਸਾ ਵਿੱਚ ਜਾ ਕੇ ਸਕੂਨ ਮਿਲਦਾ ਹੈ.. ਖੁਸ਼ਹਾਲ ਪਰ ਉਦਾਸ ਹੈ ਪਿੰਡ ਦੀ ਫਿਜ਼ਾ। ਸੰਘੇ ਖਾਲਸਾ ਵਿੱਚ ਪ੍ਰਵਾਸੀਆਂ ਦੇ ਬਹੁਤੇ ਘਰਾਂ ਨੂੰ ਵੱਜੇ ਜਿੰਦਰੇ ਪਿੰਡ ਦੀ ਰਮਣੀਕ ਫਿਜ਼ਾ ਨੂੰ ਉਦਾਸ ਕਰ ਦਿੰਦੇ ਨੇ.. ਬੇਹੱਦ ਉਦਾਸ..। ਖੈਰ! ਜਿਉਂਦੇ ਵਸਦੇ ਰਹਿਣ ਮਾਂ ਮਿੱਟੀ ਦੇ ਫਿਕਰਮੰਦ.. ਇਹੀ ਦੁਆ ਨਿਕਲਦੀ ਹੈ..। ਖੁਸ਼ਹਾਲੀ ਦੀ ਮਹਿਕ ਖਿਲਾਰਦਾ ਇਹ ਪਿੰਡ ਤੇ ਇਹਦੀ ਨੁਹਾਰ ਬਦਲਣ ਵਿੱਚ ਲੱਗੇ ਪ੍ਰਵਾਸੀ ਚੰਦ ਡਾਲਰ-ਪੌਂਡ ਭੇਜ ਕੇ ਸਿਰਫ ਚੌਧਰ ਚਮਕਾਉਣ ਵਾਲਿਆਂ ਲਈ ਇਕ ਮਿਸਾਲ ਨੇ ਤੇ ਬਾਬਾ ਗੁਰੂ ਨਾਨਕ ਜੀ ਦੇ ਅਸਲ ਵਾਰਸ ਅਖਵਾਉਣ ਦੇ ਹੱਕਦਾਰ ਨੇ.. ਜੋ ਕਿਰਤ ਕਰੋ-ਵੰਡ ਛਕੋ-ਨਾਮ ਜਪੋ ਦੇ ਮਾਰਗ ਉਤੇ ਅਸਲੀ ਵਾਰਸ ਬਣ ਕੇ ਤੁਰ ਰਹੇ ਨੇ।




Sir Speedy Tustin
Printers to the Community
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Receipt Books
Customized with your information and design. 2 part carbonless with numbering and perforation.
Call for Price
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
OPEN 24 HOURS
OPEN HOUSE!
Welcome
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਵਿਖੇ ਭਾਈ ਘਨੱਈਆ ਜੀ ਦੀ ਤੀਜੀ ਸ਼ਤਾਬਦੀ ਮਨਾਈ

**ਨਿਊਯਾਰਕ/ਹੁਸਨ ਲੜੋਆ ਬੰਗਾ :** ਸਿੱਖ ਧਰਮ ਇਤਿਹਾਸ ਵਿਚ ਸਤਿਕਾਰ ਦੇ ਪਾਤਰ ਭਾਈ ਘਨੱਈਆ ਜੀ ਦੀ ਤੀਸਰੀ ਸ਼ਤਾਬਦੀ ਨਾਲ ਸਬੰਧਤ ਸਮਾਗਮ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਾਂਝੇ ਸਮਾਗਮ ਦੌਰਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਯਾਦ ਨੂੰ ਵੀ ਮੁੱਖ ਰੱਖਦਿਆਂ ਪ੍ਰੋਗਰਾਮ ਕੀਤੇ ਗਏ। ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਗੁਰਪ੍ਰੀਤ ਸਿੰਘ ਬਲੜਵਾਲ ਦੇ ਰਾਗੀ ਜਥੇ ਵੱਲੋਂ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕੀਤਾ ਗਿਆ। ਭਾਈ ਸੁੱਚਾ ਸਿੰਘ ਡੇਰਾ ਪਠਾਣਾ ਦੇ ਕਵੀਸ਼ਰੀ ਜਥੇ ਵੱਲੋਂ ਭਾਈ ਘਨੱਈਆ ਜੀ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਕਥਾਵਾਚਕ ਰਣਜੀਤ ਸਿੰਘ ਨਡਾਲਾ ਨੇ ਕਥਾ ਵਿਚਾਰਾਂ ਰਾਹੀਂ ਭਾਈ ਘਨੱਈਆ ਜੀ ਦੀ ਮਾਨਵਤਾਂ ਪ੍ਰਤੀ ਸੇਵਾਵਾਂ ਦਾ ਜ਼ਿਕਰ ਕੀਤਾ। ਇਸ ਮੌਕੇ



ਵਿਸ਼ੇਸ਼ ਤੌਰ ਤੇ ਪੁੱਜੇ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਡਾ. ਪਰਮਜੀਤ ਸਿੰਘ ਸਰੋਆ ਨੇ ਕਿਹਾ ਕਿ ਭਾਈ ਘਨੱਈਆ ਜੀ ਨੇ ਸਿੱਖੀ ਸਿਧਾਂਤ ਤੇ ਪਹਿਰਾ ਦੇ ਕੇ ਸੇਵਾ ਰਾਹੀਂ ਪ੍ਰਚਾਰ ਪ੍ਰਸਾਰ ਕੀਤਾ। ਉਹਨਾਂ ਕਿਹਾ ਕਿ ਉਹਨਾ ਦੀਆਂ ਸੇਵਾਵਾਂ ਨੂੰ ਵਿਸ਼ਵ ਪੱਧਰ ਤੇ ਪ੍ਰਚਾਰਨ ਦੀ ਲੋੜ ਹੈ ਤਾਂ ਕਿ ਰੈਡ ਕਰਾਸ ਵਿੱਚ ਉਹਨਾਂ ਦੀਆਂ ਸੇਵਾਵਾਂ ਨੂੰ ਮਾਨਤਾ ਮਿਲ ਸਕੇ। ਇਸ ਮੌਕੇ ਗੁਰੂ-ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚੇ ਡਾ. ਪਰਮਜੀਤ ਸਿੰਘ ਸਰੋਆ ਦਾ ਸਨਮਾਨ ਵੀ ਕੀਤਾ ਗਿਆ। ਗੁਰੂ ਘਰ ਦੇ ਪ੍ਰਧਾਨ ਰਘਵੀਰ ਸਿੰਘ ਬੱਬੀ ਨੇ ਸ਼੍ਰੋਮਣੀ ਕਮੇਟੀ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਯਾਦ ਮਨਾਉਣ ਲਈ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਸੇਵਾ ਦਲੇਰ ਸਿੰਘ ਹਰਿਆਣਾ ਨੇ ਨਿਭਾਈ। ਇਸ ਮੌਕੇ ਭਾਰੀ ਗਿਣਤੀ ਵਿੱਚ ਸੰਗਤ ਤੋਂ ਇਲਾਵਾ ਚੇਅਰਮੈਨ ਗਰੀਬ ਸਿੰਘ ਕਾਲੀ, ਆਗਾਮੀ ਪ੍ਰਧਾਨ ਗੁਰਮੀਤ ਸਿੰਘ, ਹੈਡ ਗ੍ਰੰਥੀ ਗਿਆਨੀ ਜਸਪਾਲ ਸਿੰਘ, ਮਾਸਟਰ ਮਹਿੰਦਰ ਸਿੰਘ, ਰਘਵੀਰ ਸਿੰਘ ਸੁਭਾਨਪੁਰ, ਹਿੰਮਤ ਸਿੰਘ ਸਰਪੰਚ, ਪ੍ਰੀਤਮ ਸਿੰਘ ਗਿਲਜ਼ੀਆਂ, ਕੁਲਦੀਪ ਸਿੰਘ ਖਾਲਸਾ, ਮਹਿੰਦਰ ਸਿੰਘ ਮਹਿਮਦਪੁਰ, ਦਿਲਬਾਗ ਸਿੰਘ ਮਿਆਣੀ, ਗੁਰਮੇਜ ਸਿੰਘ ਹਰਿਆਣਾ, ਸੁਖਜਿੰਦਰ ਸਿੰਘ ਸੁਭਾਨਪੁਰ, ਬਲਦੇਵ ਸਿੰਘ ਗਿਲਜ਼ੀਆ, ਸਤਨਾਮ ਸਿੰਘ ਭਲਵਾਨ, ਅਮਰੀਕ ਸਿੰਘ ਮੁਰਬਲੀ, ਬਲਵਿੰਦਰ ਸਿੰਘ ਸੁਭਾਨਪੁਰ, ਮਾਸਟਰ ਹਰਜੀਤ ਸਿੰਘ, ਰਣਜੀਤ ਸਿੰਘ ਮਹਿਮਦਪੁਰ, ਦਲੀਪ ਸਿੰਘ ਰਾਏਪੁਰ, ਹਰਵਿੰਦਰ ਸਿੰਘ ਪੰਮਾ ਅਤੇ ਕੁਲਵੰਤ ਸਿੰਘ ਨਡਾਲਾ ਹਾਜ਼ਰ ਸਨ।

# ਸੁਰਜਨ ਸਿੰਘ ਚੱਠਾ ਹੋਣਗੇ 15ਵੇਂ ਵਿਸ਼ਵ ਕਬੱਡੀ ਦੇ ਮੁੱਖ ਮਹਿਮਾਨ : ਅਮੋਲਕ ਸਿੰਘ ਗਾਖ਼ਲ

**ਵਾਟਸਨਵਿੱਲ/ਬਿਊਰੋ ਨਿਊਜ਼ :** 14ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਆਯੋਜਕ ਅਤੇ ਸਰਪ੍ਰਸਤ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆ ਇਸ ਵਾਰ ਵੀ ਬਿਹਤਰੀਨ ਕਬੱਡੀ ਦਾ ਪ੍ਰਦਰਸ਼ਨ ਕਰਨ ਵਿਚ ਸਫਲ ਰਿਹਾ ਹੈ। ਇਸ ਸਫਲਤਾ ਦਾ ਸਿਹਰਾ ਆਪਣੇ ਸਪਾਂਸਰਾਂ, ਵੱਖ ਵੱਖ ਸਹਿਯੋਗੀ ਸਮਾਜਿਕ ਤੇ ਧਾਰਮਿਕ ਸੰਸਥਾਵਾਂ, ਕਬੱਡੀ ਕੱਪ ਵੇਖਣ ਆਏ ਹਜ਼ਾਰਾਂ ਦਰਸ਼ਕਾਂ ਦੇ ਸਿਰ ਬੰਨਦਿਆਂ ਸ. ਗਾਖਲ ਨੇ ਕਿਹਾ ਕਿ ਉਹਨਾਂ ਦੀ ਜ਼ਿੰਮੇਵਾਰੀ ਵਿਚ ਹੋਰ ਵੀ ਵਾਧਾ ਹੋ ਗਿਆ ਹੈ ਤੇ ਉਹ ਵਾਅਦਾ ਕਰਦੇ ਹਨ ਕਿ ਅਗਲੇ ਸਾਲਾਂ ਵਿਚ ਹਰ ਟੀਮ ਲਈ ਸਟਾਰ ਖਿਡਾਰੀਆਂ ਦਾ ਸੰਤੁਲਨ ਰੱਖਦਿਆਂ ਇਸ ਤੋਂ ਵਧੀਆ ਕਬੱਡੀ ਦੇ ਪ੍ਰਦਰਸ਼ਨ ਲਈ ਵਚਨਬੱਧ ਹੋਣਗੇ। ਕਲੱਬ ਦੇ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਉਪ ਚੇਅਰਮੈਨ ਇਕਬਾਲ ਸਿੰਘ ਗਾਖਲ ਅਤੇ ਪ੍ਰਧਾਨ ਜੁਗਰਾਜ ਸਿੰਘ ਸਹੋਤਾ ਨੇ ਇਸ ਵੱਖਰੇ ਬਿਆਨ ਵਿਚ ਕਿਹਾ ਕਿ ਏਡੀ ਵੱਡੀ ਗਿਣਤੀ ਵਿਚ ਆਉਣ ਵਾਲੇ ਕਬੱਡੀ ਦਰਸ਼ਕਾਂ ਨੇ ਯੂਨਾਈਟਡ ਸਪੋਰਟਸ ਕਲੱਬ ਨੂੰ ਪੂਰਾ ਸਹਿਯੋਗ ਹੀ ਨਹੀਂ ਦਿੱਤਾ ਸਗੋਂ ਕਬੱਡੀ ਦਾ ਇਕ ਵੱਖਰਾ ਇਤਿਹਾਸ ਬਣਾਉਣ ਦਾ ਇਕ ਮੰਚ ਵੀ ਸਿਰਜ ਕੇ ਦਿਖਾਇਆ। ਸ. ਗਾਖਲ ਨੇ





ਕਿਹਾ ਕਿ ਅਗਲੇ ਵਰੇ ਕਬੱਡੀ ਨੂੰ ਬਿਹਤਰੀਨ ਸੇਵਾਵਾਂ ਦੇਣ ਵਾਲੇ ਸੁਰਜਨ ਸਿੰਘ ਚੱਠਾ, 15ਵੇਂ ਵਿਸ਼ਵ ਕਬੱਡੀ ਕੱਪ ਦੇ ਮੁੱਖ ਮਹਿਮਾਨ ਹੋਣਗੇ, ਪਹਿਲਾ ਵੱਡਾ ਇਨਾਮ ਹਮੇਸ਼ਾ ਵਾਂਗ ਡਾਇਮੰਡ ਟਰਾਂਸਪੋਰਟਸ ਦੇ ਗੁਲਵਿੰਦਰ ਸਿੰਘ ਗਾਖਲ, ਨੇਕੀ ਅਟਵਾਲ, ਪਿੰਕੀ ਅਟਵਾਲ ਵਲੋਂ ਦਿੱਤਾ ਜਾਵੇਗਾ ਜਦੋਂਕਿ ਨਵੀਂ ਪਿਰਤ ਪਾਉਂਦਿਆਂ ਦੂਜਾ ਵੱਡਾ ਇਨਾਮ ਮਾਈਕ ਬੋਪਾਰਾਏ ਅਤੇ ਬੋਪਾਰਾਏ ਭਰਾਵਾਂ ਵਲੋਂ ਦਿੱਤਾ ਜਾਵੇਗਾ। ਗਾਖਲ ਪਰਿਵਾਰ ਆਪਣੇ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ 'ਚ ਸਾਬਕ ਕਬੱਡੀ ਖਿਡਾਰੀਆਂ ਅਤੇ ਕਬੱਡੀ ਕੱਪ ਦੌਰਾਨ ਬਿਹਤਰੀਨ ਰੇਡਰ ਅਤੇ ਜਾਫੀ ਨੂੰ ਦਿੱਤੇ ਜਾਣ ਵਾਲੇ ਗੋਲਡ ਮੈਡਲ ਦੀ ਪਿਰਤ ਨੂੰ ਇਕ ਪ੍ਰੰਪਰਾ ਵਜੋਂ ਲਗਾਤਾਰ ਜਾਰੀ ਰੱਖਣਗੇ। ਉਨਾਂ ਮੀਡੀਆ ਵਲੋਂ ਨਿਭਾਏ ਸਾਰਥਕ ਰੋਲ ਦੀ ਵੀ ਪ੍ਰਸ਼ੰਸਾ ਕੀਤੀ ਅਤੇ ਟੂਰਨਾਮੈਂਟ ਦੌਰਾਨ ਕਮੀਆਂ ਪੇਸ਼ੀਆਂ ਨੂੰ ਆਪਣੀ ਝੋਲੀ ਪਾਉਂਦਿਆਂ ਸਫਲਤਾ ਦਾ ਸਿਹਰਾ ਸਮੂਹ ਪੰਜਾਬੀਆਂ ਦੇ ਸਿਰ ਬੰਨੇ ਜਾਣ ਦੀ ਗੱਲ ਕਰਦਿਆਂ ਕਬੱਡੀ ਨਾਲ ਹਮੇਸ਼ਾ ਆਪਣੀ ਲਗਨ ਨੂੰ ਕਾਇਮ ਰੱਖੇ ਜਾਣ ਦਾ ਸੰਕਲਪ ਦੁਹਰਾਇਆ। ਯਾਦ ਰਹੇ ਕਿ ਯੂਨਾਈਟਡ ਸਪੋਰਟਸ ਕਲੱਬ ਦਾ 15ਵਾਂ ਵਿਸ਼ਵ ਕਬੱਡੀ ਕੱਪ ਅਗਲੇ ਸਾਲ 15 ਸਤੰਬਰ 2019 ਨੂੰ ਲੋਗਨ ਹਾਈ ਸਕੂਲ ਦੀਆਂ ਗਰਾਊਂਡਾਂ 'ਚ ਹੀ ਅਯੋਜਿਤ ਕੀਤਾ ਜਾ ਰਿਹਾ ਹੈ।

***ਬਾਕੀ***

## ਜੀਐਚਜੀ ਅਕੈਡਮੀ ਦੀ ਵਿਸ਼ੇਸ਼ ਮੀਟਿੰਗ ਦੌਰਾਨ ਵਿੱਤੀ ਲੇਖਾ-ਜੋਖਾ

ਕੀਤਾ ਗਿਆ ਕਿ ਅਗਲੇ ਸਾਲ ਦਾ ਵਿਰਾਸਤੀ ਖੇਡ ਮੇਲਾ 9 ਮਾਰਚ 2019 ਨੂੰ ਹੋਵੇਗਾ, ਜਦਕਿ ਸਲਾਨਾ ਕੈਂਪ 5 ਜੁਲਾਈ ਤੋਂ 19 ਜੁਲਾਈ 2019 ਤਕ ਹੋਵੇਗਾ। ਅੰਤਰ-ਰਾਸ਼ਟਰੀ ਯੁਵਕ ਮੇਲਾ 20 ਜੁਲਾਈ 2019 ਨੂੰ ਕਰਵਾਇਆਂ ਜਾਵੇਗਾ। ਮੁੱਖ ਗਿੱਧਾ ਕੋਚ ਸ਼ਗਨਦੀਪ ਕੌਰ ਵੜੈਚ ਨੇ ਸਾਰਾ ਸਾਲ ਬੱਚਿਆਂ ਲਈ ਚੱਲਣ ਵਾਲੇ ਸਿਖਲਾਈ ਪ੍ਰੋਗਰਾਮਾਂ 'ਤੇ ਰੌਸ਼ਨੀ ਪਾਈ। ਅੰਤ ਵਿਚ ਸੰਸਥਾ ਦੇ ਸਰਗਮ ਮੈਂਬਰ ਉਦੇਦੀਪ ਸਿੰਘ ਸਿੱਧੂ ਨੇ ਸਭ ਹਾਜ਼ਰੀਨ ਦਾ ਧੰਨਵਾਦ ਕੀਤਾ।

## ਮਿਸ਼ਨ 2019 : ਕੌਣ ਬਣੇਗਾ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ?

ਵਾਲੇ ਬੰਦੇ ਰੱਖੇ ਜਾਂਦੇ ਹਨ ਤਾਂ ਰਾਜਸੀ ਲੋਕਾਂ ਲਈ ਕੁਝ ਘੱਟੋ ਘੱਟ ਯੋਗਤਾਵਾਂ ਤਾਂ ਰੱਖੀਆਂ ਹੀ ਜਾਣੀਆਂ ਚਾਹੀਦੀਆਂ ਸਨ। ਹੁਣ ਤਕ ਦੇ ਇਤਿਹਾਸ ਤੋਂ ਲਗਦਾ ਹੈ ਕਿ ਇਥੇ ਤਾਂ ਰਸਮੀ ਜਿਹੀਆਂ ਸਰਕਾਰਾਂ ਹੀ ਬਨਦੀਆਂ ਹਨ ਅਤੇ ਜਿਵੇਂ ਕਿਵੇਂ ਦਾ ਇਹ ਪ੍ਰਸ਼ਾਸਨ ਅੰਗਰੇਜ਼ ਸਾਮਰਾਜੀਏ ਚਲਦਾ ਕਰ ਕੇ ਛੱਡ ਗਏ ਸਨ, ਚੱਲਦਾ ਆ ਰਿਹਾ ਹੈ। ਸੋ ਅਜਿਹੇ ਹਾਲਾਤ ਵਿਚ ਕੋਈ ਵੀ ਨਹੀਂ ਦੱਸ ਸਕਦਾ ਕਿ ਭਾਰਤ ਦਾ ਅਗਲਾ ਪ੍ਰਧਾਨ ਮੰਤਰੀ ਕੌਣ ਬਣਨ ਜਾ ਰਿਹਾ ਹੈ। ਜਿਸ ਦਾ ਟੱਲਾ ਵੱਜ ਗਿਆ, ਓਹੀ ਹਰ ਸਾਲ ਲਾਲ ਕਿਲ੍ਹੇ ਦੀ ਫਸੀਲ ਤੋਂ ਝੂਠੀਆਂ-ਸੱਚੀਆਂ ਘੱਬਲੀਆਂ ਸੁਣਾ ਦਿਆ ਕਰੇਗਾ। ਸਾਨੂੰ ਇਹ ਵੀ ਪਤਾ ਹੈ ਕਿ ਇਹ ਰਾਜਸੀ ਪਾਰਟੀਆਂ ਵਕਤ ਆਉਣ ਉਤੇ ਕੋਈ ਨਾ ਕੋਈ ਲਹਿਰ ਚਲਾ ਦੇਣਗੀਆਂ ਅਤੇ ਅਸੀਂ ਇਕ ਭੀੜ ਬਣ ਕੇ ਉਨ੍ਹਾਂ ਪਿਛੇ ਲੱਗ ਜਾਵਾਂਗੇ ਅਤੇ ਬਿਨਾਂ ਕੁਝ ਸੋਚੇ-ਸਮਝੇ ਵੋਟਾਂ ਵੀ ਪਾ ਆਵਾਂਗੇ। ਅਗਲੀ ਸਰਕਾਰ ਵੀ ਰਸਮੀ ਤੌਰ 'ਤੇ ਆ ਕੇ ਕੁਰਸੀਆਂ ਉਤੇ ਬੈਠ ਜਾਵੇਗੀ। ਇੰਝ ਹੀ ਔਖੇ-ਸੌਖੇ ਅਗਲੇ ਪੰਜ ਸਾਲ ਗੁਜ਼ਰ ਜਾਣਗੇ।

## *ਬਰਤਾਨੀਆ :* ਮਿਡਲੈਂਡ 'ਚ ਸਿੱਖਾਂ ਦੇ ਘਰਾਂ 'ਤੇ ਅੱਤਵਾਦ ਵਿਰੋਧੀ ਦਸਤਿਆਂ ਵਲੋਂ ਛਾਪੇਮਾਰੀ

ਪਾਈ ਗਈ ਸੀ। ਲੇਬਰ ਪਾਰਟੀ ਦੇ ਸੰਸਦ ਮੈਂਬਰ ਪ੍ਰੀਤ ਕੌਰ ਗਿੱਲ, ਜੋ ਬ੍ਰਿਟਿਸ਼ ਸਿੱਖਾਂ ਲਈ ਸਰਬ-ਪਾਰਟੀ ਸੰਸਦੀ ਸਮੂਹ ਦੇ ਚੇਅਰਪਰਸਨ ਵੀ ਹਨ, ਨੇ ਵੈਸਟ ਮਿਡਲੈਂਡਜ਼ ਦੀ ਦਹਿਸ਼ਤਗਰਦੀ-ਵਿਰੋਧੀ ਇਕਾਈ ਦੇ ਮੁਖੀ ਨਾਲ ਮੁਲਾਕਾਤ ਕੀਤੀ।

'ਸਿੱਖ ਫ਼ੈਡਰੇਸ਼ਨ (ਯੂਕੇ)' ਦੇ ਭਾਈ ਅਮਰੀਕ ਸਿੰਘ ਨੇ ਕਿਹਾ ਕਿ 'ਸਾਨੂੰ ਪਤਾ ਹੈ ਕਿ ਪੁਲਿਸ ਅਧਿਕਾਰੀਆਂ ਨੇ ਬਹੁਤ ਭਾਰੀ ਤਕਨੀਕਾਂ ਦਾ ਇਸਤੇਮਾਲ ਕੀਤਾ ਤੇ ਕਈ ਬੁਨਿਆਦੀ ਗ਼ਲਤੀਆਂ ਕੀਤੀਆਂ ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ। ਹੁਣ ਵਕੀਲਾਂ ਨੇ ਅਜਿਹੇ ਪੁਲਿਸ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ, ਜਿਨ੍ਹਾਂ ਨੇ ਪਰਿਵਾਰਾਂ ਨਾਲ ਅਜਿਹਾ ਵਿਵਹਾਰ ਕੀਤਾ ਹੈ। ਬਰਤਾਨੀਆ ਦੇ ਹੀ ਰਹਿਣ ਵਾਲੇ ਅਵਤਾਰ ਸਿੰਘ ਖੰਡਾ ਅਜ਼ਾਦ ਨੇ ਕਿਹਾ ਹੈ ਕਿ ਇਹ ਛਾਪੇਮਾਰੀ ਹਿੰਦੁਸਤਾਨ ਦੀ ਸਰਕਾਰ ਦੇ ਕਹਿਣ 'ਤੇ ਹੋਈ ਹੈ।

ਇਸ ਦੌਰਾਨ ਪੰਜਾਬ ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਭਾਰਤ ਵਿਚ ਆਰਐੱਸਐੱਸ ਆਗੂ ਰੁਲਦਾ ਸਿੰਘ ਕਤਲ ਕੇਸ ਅਤੇ ਪਿੱਛੇ ਜਿਹੇ ਗਿਣੀ-ਮਿੱਥੀ ਸਾਜ਼ਿਸ਼ ਨਾਲ ਹੋਏ ਕਤਲਾਂ ਵਿੱਚ ਸ਼ਾਮਲ ਇੰਗਲੈਂਡ ਦੇ ਵਸਨੀਕ ਗੁਰਸ਼ਰਨਬੀਰ ਸਿੰਘ ਦੇ ਘਰ ਸਮੇਤ ਪੰਜ ਥਾਵਾਂ 'ਤੇ ਛਾਪੇ ਮਾਰੇ ਗਏ ਹਨ। ਇੱਕ ਅਧਿਕਾਰੀ ਨੇ ਦੱਸਿਆ,'ਇਹ ਛਾਪੇ ਇੰਗਲੈਂਡ 'ਤੇ ਭਾਰਤ ਦੇ ਕੂਟਨੀਤਕ ਦਬਾਅ ਕਾਰਨ ਮਾਰੇ ਗਏ ਸਨ। ਸੋਚੀਆਂ-ਸਮਝੀਆਂ ਸਾਜ਼ਿਸ਼ਾਂ ਰਾਹੀਂ ਹੋਏ ਕਤਲਾਂ ਵਿੱਚ ਗੁਰਸ਼ਰਨਬੀਰ ਦੀ ਕਥਿਤ ਸ਼ਮੂਲੀਅਤ ਦੀ ਜਾਂਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਵੱਲੋਂ ਕੀਤੀ ਜਾ ਰਹੀ ਹੈ। ਗੁਰਸ਼ਰਨਬੀਰ ਨੇ ਦੁਬਈ ਦੀ ਇੱਕ ਸ਼ੂਟਿੰਗ ਰੇਂਜ ਵਿੱਚ ਕਾਤਲਾਂ ਨੂੰ ਹਥਿਆਰ ਚਲਾਉਣ ਦੀ ਸਿਖਲਾਈ ਦਿੱਤੀ ਸੀ। ਹੁਣ ਇਹ ਵੇਖਣਾ ਹੋਵੇਗਾ ਕਿ ਇੰਗਲੈਂਡ ਵੱਲੋਂ ਗੁਰਸ਼ਰਨਬੀਰ ਨੂੰ ਭਾਰਤ ਹਵਾਲੇ ਕੀਤਾ ਜਾਂਦਾ ਹੈ ਕਿ ਨਹੀਂ।

## ਤਾਪਸੀ ਪੰਨੂ ਦਾ ਸਿੱਖ ਧਰਮ ਵਿਰੁਧ ਭੱਦਾ ਤਰਕ

ਕਲਾਕਾਰਾਂ ਰਾਹੀਂ ਭਗਵਾਂ ਏਜੰਡਾ ਲਾਗੂ ਕਰਕੇ ਸਿੱਖ ਧਰਮ ਨੂੰ ਮਜ਼ਾਕ ਦਾ ਕੇਂਦਰ ਬਣਾਇਆ ਜਾ ਸਕੇ। ਸ਼੍ਰੋਮਣੀ ਕਮੇਟੀ ਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਈ ਐਕਸ਼ਨ ਪਲੈਨ ਨਹੀਂ ਬਣਾ ਸਕੀ। ਕੀ ਕਿਸੇ ਦੀ ਜੁਰਅਤ ਹੈ ਕਿ ਫਿਲਮਾਂ ਹਿੰਦੂ ਧਰਮ ਵਿਰੁੱਧ ਬਣਾ ਸਕਣ ? ਅਸਲ ਵਿਚ ਸਿੱਖ ਲੀਡਰਸ਼ਿਪ ਸਿਧਾਂਤਹੀਣ ਹੋ ਚੁੱਕੀ ਹੈ। ਯਾਦ ਰੱਖਣਾ ਚਾਹੀਦਾ ਕਿ ਭਾਰਤੀ ਸੰਵਿਧਾਨ ਵਿਚ ਬੋਲਣ ਦੀ ਅਜ਼ਾਦੀ ਹੈ, ਕਿਸੇ ਉਤੇ ਚਿੱਕੜ ਉਛਾਲਣ ਦੀ ਨਹੀਂ। ਤਾਪਸੀ ਨੂੰ ਸੰਵਿਧਾਨਕ ਅਜ਼ਾਦੀ ਦਾ ਗਲਤ ਫਾਇਦਾ ਨਹੀਂ ਉਠਾਉਣਾ ਚਾਹੀਦਾ।

## ਸ਼ੋਸ਼ਲ ਮੀਡੀਆ 'ਤੇ ਛਿੜੀ ਬਹਿਸ

ਜਾਣਗੇ। ਇਹ ਚੰਦਰਾ ਲਾਣਾ ਜਾਣ-ਬੁੱਝ ਕੇ ਇਹੋ ਜਿਹੇ ਸੀਨ ਪਾਉਂਦਾ ਹੈ ਕਿ ਕੋਈ ਵਿਅਕਤੀ ਵਿਰੋਧ ਕਰੇ ਤੇ ਅਸੀਂ ਸੀਨ ਹਟਾ ਦੇਵਾਂਗੇ। ਇਹ ਇੱਕ ਚਾਲ ਹੈ, ਮਸ਼ਹੂਰ ਹੋਣ ਦੀ। ਦਲਜੀਤ ਸਿੰਘ ਕਹਿੰਦੇ ਹਨ ਕਿ ਫਿਲਮੀ ਦੁਨੀਆ ਦੇ ਬੇਹਯਾ ਲੋਕ ਇਹ ਗੱਲ ਜਾਣਦੇ ਹਨ ਕਿ ਗਾਲ੍ਹਾਂ ਪੈਣ ਜਾਂ ਬੇਇਜ਼ਤੀ ਹੋਵੇ, ਇਨ੍ਹਾਂ ਲਈ ਹਰ ਨੈਗੇਟਿਵ ਪਬਲੀਸਿਟੀ ਸਿਰਫ ਪਬਲੀਸਿਟੀ ਦਾ ਸਾਧਨ ਹੈ, ਕਿਉਂਕਿ ਸ਼ਰਮ ਤਾਂ ਇਹ ਪਹਿਲਾਂ ਹੀ ਵੇਚ-ਖਾ ਚੁੱਕੇ ਹੁੰਦੇ ਹਨ।

ਕੁਲਵਿੰਦਰ ਸਿੰਘ ਪਰਿਹਾਰ ਕਹਿੰਦੇ ਹਨ ਕਿ ਇਹ ਸਿਰਫ ਫਿਲਮ ਨੂੰ ਪਰਮੋਟ ਕਰਨ ਦੀ ਗੰਦੀ ਚਾਲ ਹੈ ਜੋ ਪਹਿਲਾਂ ਵੀ ਕਈ ਫਿਲਮਾਂ ਵਿੱਚ ਖੇਡੀ ਗਈ ਹੈ।

ਜਸਵਿੰਦਰ ਸਿੰਘ ਜੱਸ ਅਮਰਕੋਟੀ ਦਾ ਕਹਿਣਾ ਹੈ ਕਿ ਭਾਰਤ ਸਮੇਤ ਬਹੁਤ ਸਾਰੇ ਦੇਸ਼ਾਂ ਵਿਚ ਸਿਨੇਮਾ ਰਾਹੀਂ ਜਾਂ ਟੈਲੀਵਿਜ਼ਨ ਰਾਹੀਂ ਵੈਸੇ ਵੀ ਤੰਬਾਕੂਨੋਸ਼ੀ ਵਰਗੇ ਸੀਨ ਦਿਖਾਉਣ ਦੀ ਮਨਾਹੀ ਹੈ ਪਰ ਸਿੱਖਾਂ ਨੂੰ ਨਿਸ਼ਾਨਾ ਬਣਾਉਣ ਵੇਲੇ ਇਹ ਪਾਬੰਦੀ ਹਟਾ ਲਈ ਜਾਂਦੀ ਹੈ।

ਸੁਖਦੇਵ ਲਹਿਲ ਕੈਨੇਡਾ ਤੋਂ ਕਹਿੰਦੇ ਹਨ ਕਿ ਸਿੱਖ ਦਾ ਆਪਣਾ ਕਿਰਦਾਰ ਉੱਚਾ ਤੇ ਸੁੱਚਾ ਹੋਣਾ ਚਾਹੀਦਾ ਸੀ ਜੋ ਅਸੀਂ ਕਰ ਨਹੀਂ ਸਕੇ। ਜੇਕਰ ਸਿੱਖ ਸਮਾਜ ਹਰ ਤਰ੍ਹਾਂ ਦੇ ਨਸ਼ੇ ਤੋਂ ਮੁਕਤ ਹੁੰਦਾ ਤਾਂ ਸਾਨੂੰ ਆਹ ਦਿਨ ਨਾ ਦੇਖਣੇ ਪੈਂਦੇ। ਸੱਚ ਪੁੱਛੋ ਤਾਂ ਅੱਜ ਵੀ ਅਸੀਂ ਆਪਣਾ ਕੇਸ ਡੀਫੈਂਡ ਕਰਨ ਤੋਂ ਅਸਮਰੱਥ ਹਨ।

ਅਮਰਜੀਤ ਸਿੰਘ ਵੈਨਕੂਵਰ ਕਹਿੰਦੇ ਹਨ ਕਿ ਫਿਲਮ ਬਣਾਉਣ ਵਾਲੇ ਸਿੱਖਾਂ ਦਾ ਬਹੁਤ ਧੰਨਵਾਦ ਕਰ ਰਹੇ ਹਨ ਜਿਨਾਂ ਦੇ ਰੌਲਾ ਪਾਉਣ ਨਾਲ ਫਿਲਮ ਚੱਲ ਗਈ, ਸੀਨ ਪਾਏ ਵੀ ਏਸੇ ਕਰਕੇ ਸਨ ..ਜੇ ਰੌਲਾ ਨਾ ਪੈਂਦਾ ਫਿਲਮ ਟੋਟਲੀ ਫੇਲ੍ਹ ਸੀ।

## ਮਾਮਲਾ ਕਰਤਾਰਪੁਰ ਲਾਂਘੇ ਹੈ ਜਾਂ ਸਿੱਧੂ ਦਾ ?

ਨਗਰ ਵਿੱਚ ਗੁਜ਼ਾਰੇ, ਹੱਥੀਂ ਆਪ ਕਿਰਤ (ਖੇਤੀਬਾੜੀ) ਕੀਤੀ। ਕਰਤਾਰਪੁਰ ਸਾਹਿਬ ਕਿਰਤੀ ਸਿੱਖ ਲਈ, ਬਹੁਤ ਪ੍ਰੇਰਨਾ ਸਰੋਤ ਤੇ ਮਾਣ ਮਹਿਸੂਸ ਕਰਵਾਉਂਦਾ ਹੈ, ਕਿਰਤ ਤੋਂ ਭਗੌੜੇ ਹੋ ਚੁੱਕੇ ਵਿਹਲੜਾਂ ਨੂੰ ਮਿਹਨਤੀ ਬਨਣ ਲਈ ਮਾਰਗ ਦਰਸ਼ਨ ਵੀ ਕਰਦਾ ਹੈ। ਕਰਤਾਰਪੁਰ ਸਾਹਿਬ ਵਿਖੇ ਹੀ ਗੁਰੂ ਨਾਨਕ ਸਾਹਿਬ ਜੀ ਆਪਣੇ ਤੋਂ ਬਾਅਦ ਸਿੱਖ ਕੌਮ ਦੀ ਅਗਵਾਈ ਕਰਨ ਲਈ ਸੱਚੇ ਸੁੱਚੇ ਆਗੂ ਗੁਰੂ ਅੰਗਦ ਸਾਹਿਬ (ਭਾਈ ਲਹਿਣਾ ਜੀ) ਦੀ ਚੋਣ ਕੀਤੀ। ਕਰਤਾਰਪੁਰ ਸਾਹਿਬ ਸਮੁੱਚੇ ਸਿੱਖ ਜਗਤ ਦਾ ਧਾਰਮਿਕ, ਰਾਜਨੀਤਿਕ ਤੇ ਸਮਾਜਿਕ ਹਰ ਪੱਖੋਂ ਮਾਰਗ ਦਰਸ਼ਨ ਕਰਦਾ ਹੈ।

ਮੇਰੀਆਂ ਸਾਰੀਆਂ ਸਰਕਾਰਾਂ ਦੋਵਾਂ ਦੇਸਾਂ, ਰਾਜਾਂ ਦੀਆਂ ਸਰਕਾਰਾਂ, ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਲੀਡਰਾਂ ਨੂੰ ਅਪੀਲ ਹੈ ਕਿ ਸਾਡੀ ਭਾਵਨਾ ਨਾਲ ਖਿਲਵਾੜ ਨਾ ਕਰੋ। ਰਸਤੇ ਦੀ ਮੰਗ ਨੂੰ ਸਾਰਥਿਕਤਾ ਦਾ ਜਾਮਾ ਪਹਿਨਾਓ ਤੇ ਗੁਰੂ ਨਾਨਕ ਦੀਆਂ ਅਸੀਸਾਂ ਦੇ ਪਾਤਰ ਬਣੋ।

**ਜਸਵਿੰਦਰ ਸਿੰਘ ਐਡਵੋਕੇਟ**
(ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ)
ਪ੍ਰਧਾਨ ਅਕਾਲ ਪੁਰਖ ਕੀ ਫੌਜ (+91 98148-98802)

## ਐਸਜੀਪੀਸੀ ਵੱਲੋਂ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦੇ ਉਪਰਾਲੇ : ਡਾ. ਸਰੋਆ

ਹਨ ਜਿਹਨਾਂ ਵਿੱਚ ਦੋ ਯੂਨੀਵਰਸਿਟੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ 17 ਮਿਸ਼ਨਰੀ ਕਾਲਜ, ਢਾਡੀ ਕਾਲਜ ਅਤੇ ਲੁਧਿਆਣਾ ਵਿਖੇ ਗੂੰਗੇ-ਬੋਲੇ ਬੱਚਿਆਂ ਲਈ ਇੱਕ ਸਕੂਲ ਵੀ ਚਲਾਇਆ ਜਾ ਰਿਹਾ ਹੈ।

ਡਾ. ਸਰੋਆ ਯੂਬਾ ਸਿਟੀ ਵਿਖੇ ਉੱਘੇ ਸਿੱਖ ਦੀਦਾਰ ਸਿੰਘ ਬੈਂਸ ਦੀ ਮਿਜਾਜ਼ ਪੁਰਸ਼ੀ ਲਈ ਆਏ ਸਨ। ਉਹ ਸਿੱਖ ਟੈਂਪਲ ਗੁਰਦੁਆਰਾ ਯੂਬਾ ਸਿਟੀ ਅਤੇ ਸਿੱਖ ਟੈਂਪਲ ਵੈਸਟ ਸੈਕਰਾਮੈਂਟੋ ਵੀ ਨਤਮਸਤਕ ਹੋਏ। ਉਹਨਾਂ ਨੇ ਅਮਰੀਕਾ ਦੀਆਂ ਸਿੱਖ ਸੰਗਤਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ। ਉਹਨਾਂ ਨਾਲ ਦੇਵਿੰਦਰ ਸਿੰਘ ਰਾਣਾ ਅਤੇ ਅਵਤਾਰ ਸਿੰਘ ਵੀ ਹਾਜ਼ਰ ਸਨ।

## ਸਿੱਖ ਅਟਾਰਨੀ ਜਨਰਲ ਬਾਰੇ ਭੱਦੀ ਟਿੱਪਣੀ ਕਰਨ ਵਾਲੇ ਸ਼ੈਰਫ ਨੂੰ ਦੇਣਾ ਪਿਆ ਅਸਤੀਫਾ

ਸਾਬਕਾ ਗਵਰਨਰ ਕ੍ਰਿਸ ਕ੍ਰਿਸਟੀ ਦੁਆਰਾ ਬਰਗਨ ਦੇ ਵਕੀਲ ਵਜੋਂ ਨਿਯੁਕਤ ਕੀਤੇ ਗਏ ਸਨ ਅਤੇ ਡੇਮੋਕ੍ਰੇਟ, ਗਵਰਨਰ ਮਰਫ਼ੀ ਦੁਆਰਾ ਅਟਾਰਨੀ ਜਨਰਲ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਪਿਛੇ ਜਿਹੇ ਦੋ ਰੇਡੀਓ ਹੋਸਟਾਂ ਦੁਆਰਾ ਵੀ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਬਾਰੇ ਟਿੱਪਣੀਆਂ ਕੀਤੀਆਂ ਗਈਆਂ ਸਨ। ਇਸ ਪ੍ਰੋਗਰਾਮ ਦੌਰਾਨ ਸਿੱਖ ਅਟਾਰਨੀ ਜਨਰਲ ਗੁਰਬੀਰ ਸਿੰਘ ਗਰੇਵਾਲ ਨੂੰ "ਪੱਗ ਬੰਨ੍ਹਣ ਵਾਲਾ" (ਟਰਬਨਮੈਨ ) ਕਹਿ ਕੇ ਵਾਰ-ਵਾਰ ਬੁਲਾਉਣ ਕਰਕੇ ਦੋ ਹੋਸਟਾਂ ਨੂੰ 10 ਦਿਨ ਦੀ ਤਨਖਾਹ ਕੱਟਣ ਸਮੇਤ ਨਿਊਜਰਸੀ ਦੇ 101.5 ਰੇਡੀਓ ਸਟੇਸ਼ਨ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ।

## ਅਮਰੀਕਾ 'ਚ ਨਸ਼ਾ ਸਮੱਗਲਿੰਗ ਕਰਦਾ ਫੜਿਆ ਕੈਨੇਡੀਅਨ ਪੰਜਾਬੀ

ਬਾਥਰੂਮ ਜਾਣ ਤੋਂ ਪਹਿਲਾਂ ਜਦੋਂ ਟਰੱਕ ਨੂੰ ਬੰਦ ਕਰ ਕੇ ਗਿਆ ਸੀ ਤਾਂ ਉਸ ਨੇ ਇਥੇ ਅਜਿਹਾ ਕੋਈ ਬੈਗ ਨਹੀਂ ਦੇਖਿਆ ਸੀ। ਪੁਲਿਸ ਨੇ ਭਿੰਡਰ ਦੇ ਫੋਨ ਵਿਚੋਂ ਟੈਕਸਟ ਮੈਸਿਜ ਪ੍ਰਾਪਤ ਕੀਤੇ ਹਨ ਜਿਨ੍ਹਾਂ ਵਿਚ ਉਸ ਨੂੰ ਵੇਨ ਕਾਊਂਟੀ ਵਿਚ ਇਕ ਐਡਰੈੱਸ ਉੱਤੇ ਜਾਣ ਦਾ ਹੁਕਮ ਦਿੱਤਾ ਗਿਆ ਸੀ।

ਇਸ ਬਾਰੇ ਸਫਾਈ ਦਿੰਦਿਆਂ ਭਿੰਡਰ ਨੇ ਕਿਹਾ ਕਿ ਇਕ ਦੋਸਤ ਨੇ ਉਸ ਨੂੰ ਇਹ ਟੈਕਸਟ ਮੈਸੇਜ ਭੇਜਿਆ ਸੀ ਪਰ ਇਸ ਤੋਂ ਬਾਅਦ ਭਿੰਡਰ ਨੇ ਫਿਰ ਕਹਾਣੀ ਬਦਲ ਦਿੱਤੀ।

ਭਿੰਡਰ ਨੇ ਪੁਲਿਸ ਨੂੰ ਕਿਹਾ ਕਿ ਉਹ ਦੋ ਅਣਪਛਾਤੇ ਲੋਕਾਂ ਨੂੰ ਮਿਲਣ ਲਈ ਹਾਈਵੇਅ ਛੱਡ ਗਿਆ ਸੀ ਜਿਨ੍ਹਾਂ ਨੇ ਉਸ ਨੂੰ ਡਰੱਗਜ਼ ਵਾਲੇ ਬੈਗ ਦਿੱਤੇ ਸਨ। ਉਸ ਨੇ ਕਿਹਾ ਕਿ ਉਸ ਨੂੰ ਅਮਰੀਕਾ ਤੋਂ ਕੈਨੇਡਾ ਤਕ ਇਹ ਡਰੱਗਜ਼ ਲਿਆਉਣ ਲੈਣ ਲਈ ਕਿਹਾ ਗਿਆ ਸੀ।

ਫਿਲਹਾਲ ਮੁਲਜ਼ਮ ਨੂੰ ਅਗਲੀ ਪੇਸ਼ੀ ਤਕ ਜੇਲ੍ਹ ਭੇਜ ਦਿੱਤਾ ਗਿਆ ਹੈ। ਅਮਰੀਕਾ ਤੋਂ ਸਰਹੱਦ ਰਾਹੀਂ ਕੈਨੇਡਾ ਵਿਚ ਨਸ਼ਾ ਲਿਆਉਣ ਦੇ ਦੋਸ਼ ਹੇਠ ਪੁਲੀਸ ਦੁਆਰਾ ਫੜੇ ਇਸ ਪੰਜਾਬੀ ਟਰੱਕ ਡਰਾਇਵਰ ਨੂੰ ਦੋਸ਼ ਸਾਬਿਤ ਹੋਣ ਉਤੇ ਸਖਤ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਆਕਾਸ਼ਵਾਣੀ ਵੱਲੋਂ ਅੰਮ੍ਰਿਤਸਰ ਤੋਂ ਨਵੇਂ ਐਫਐਮ ਰੇਡੀਓ 'ਦੇਸ ਪੰਜਾਬ' ਦਾ ਆਗਾਜ਼

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਸਰਹੱਦ 'ਤੇ ਪਾਕਿਸਤਾਨ ਨੂੰ ਜਵਾਬ ਦੇਣ ਲਈ ਭਾਰਤ ਹੁਣ ਰੇਡੀਓ ਹਥਿਆਰ ਦੀ ਵਰਤੋਂ ਕਰਨ ਵਾਲਾ ਹੈ। ਆਕਾਸ਼ਵਾਣੀ ਵੱਲੋਂ ਅੰਮ੍ਰਿਤਸਰ ਤੋਂ ਨਵੇਂ ਐਫਐਮ ਚੈਨਲ 'ਦੇਸ ਪੰਜਾਬ', ਜੋ 103.6 ਮੈਗਾਹਰਟਜ਼ 'ਤੇ ਚੱਲੇਗਾ, ਦੀ ਸ਼ੁਰੂਆਤ ਕੀਤੀ ਗਈ ਹੈ। ਭਾਰਤ-ਪਾਕਿਸਤਾਨ ਸਰਹੱਦ ਨਾਲ ਲਗਦੇ ਅਟਾਰੀ ਦੇ ਘਰਿੰਡਾ ਪਿੰਡ ਵਿਚ ਪਾਕਿਸਤਾਨ ਦੇ ਪ੍ਰਾਪੇਗੰਡਾ ਨੂੰ ਜਵਾਬ ਦੇਣ ਲਈ ਭਾਰਤ ਸਰਕਾਰ ਇਹ ਵਿਸ਼ੇਸ਼ ਕਦਮ ਉਠਾਇਆ ਹੈ। 20 ਕਿਲੋਵਾਟ ਫ੍ਰੀਕੁਐਂਸੀ ਮਾਡਿਊਲੇਸ਼ਨ (ਐਫਐਮ) ਟ੍ਰਾਂਸਮੀਟਰ ਅੰਮ੍ਰਿਤਸਰ ਦਾ ਪਹਿਲਾ ਐਫਐਮ ਰੇਡੀਓ ਬ੍ਰਾਡਕਾਸਟ ਹੋਵੇਗਾ। ਇਹ ਨਾ ਸਿਰਫ਼ ਭਾਰਤ ਬਲਕਿ ਸਰਹੱਦ ਪਾਰ ਪਾਕਿਸਤਾਨ ਦੇ ਸ਼ੇਖ਼ੂਪੁਰਾ, ਮੁਰੀਦਕੇ, ਕਸੂਰ, ਨਨਕਾਣਾ ਸਾਹਿਬ ਅਤੇ ਗੁਜਰਾਂਵਾਲਾ ਤਕ ਸੁਣਿਆ ਜਾ ਸਕੇਗਾ। ਭਾਰਤ ਹੁਣ ਅਪਣੀ ਐਫਐਮ ਸੇਵਾ ਬੰਦ ਕਰ ਕੇ ਐਫਐਮ ਤਕਨਾਲੋਜੀ ਵਿਚ ਪੰਜ ਦਹਾਕੇ ਪੁਰਾਣਾ ਪ੍ਰੋਗਰਾਮ 'ਦੇਸ-ਪੰਜਾਬ' ਬ੍ਰਾਡਕਾਸਟ ਕਰੇਗਾ। ਆਲ ਇੰਡੀਆ ਰੇਡੀਓ ਜਲੰਧਰ ਦੇ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਸ ਨਾਲ ਉਹ ਭਾਰਤ ਸਰਹੱਦ ਦੇ ਪਾਰ ਦਰਸ਼ਕਾਂ ਤਕ ਪਹੁੰਚ ਸਕਣਗੇ। ਸਹਾਇਕ ਡਾਇਰੈਕਟਰ ਸੰਤੋਸ਼ ਰਿਸ਼ੀ ਨੇ ਦੱਸਿਆ ਕਿ ਭਾਰਤ ਪੰਜਾਬੀ ਦਰਬਾਰ ਦਾ ਜਵਾਬ ਪ੍ਰੋਪੇਗੰਡਾ ਨਾਲ ਨਹੀਂ ਦੇਵੇਗਾ ਬਲਕਿ ਕੁਆਲਟੀ ਪ੍ਰੋਗਰਾਮ ਨੂੰ ਤਰਜੀਹ ਦਿਤੀ ਜਾਵੇਗੀ। ਹਰ ਦਿਨ ਐਫਐਮ 103.6 'ਤੇ ਦੇਸ਼ ਪੰਜਾਬ ਪ੍ਰੋਗਰਾਮ ਦੋ ਘੰਟੇ ਚੱਲੇਗਾ। ਇਸ ਵਿਚ ਜਵਾਬ ਹਾਜ਼ਰ ਹੈ, ਗੁਲਦਸਤਾ, ਰਾਬਤਾ ਵਰਗੇ ਸਭਿਆਚਾਰ ਅਤੇ ਸਾਹਿਤ ਨਾਲ ਜੁੜੇ ਪ੍ਰੋਗਰਾਮ ਹੋਣਗੇ। ਨਾਲ ਹੀ ਸਰਹੱਦ ਦੇ ਕੋਲ ਹੋ ਰਹੇ ਵਿਕਾਸ, ਮੈਡੀਕਲ, ਸਿੱਖਿਆ ਅਤੇ ਢਾਂਚਾਗਤ ਸਹੂਲਤਾਂ ਦੇ ਬਾਰੇ ਵਿਚ ਦੱਸਿਆ ਜਾਵੇਗਾ।

## ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣਗੇ ਸੰਯੁਕਤ ਰਾਸ਼ਟਰ ਸੰਘ ਦੇ ਮੁਖੀ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼ :** ਯੂਐਨ ਸਕੱਤਰ ਜਨਰਲ ਦੇ ਉਪ ਤਰਜਮਾਨ ਫ਼ਰਹਾਨ ਹੱਕ ਨੇ ਇਕ ਪੱਤਰਕਾਰ ਮਿਲਣੀ ਦੌਰਾਨ ਖੁਲਾਸਾ ਕੀਤਾ ਹੈ ਕਿ ਸੰਯੁਕਤ ਰਾਸ਼ਟਰ ਦੇ ਮੁਖੀ ਅੰਤੋਨੀਓ ਗੁਟੇਰੇਜ਼ ਦੇ ਅਗਲੇ ਮਹੀਨੇ ਦੇ ਸ਼ੁਰੂ ਵਿੱਚ ਭਾਰਤ ਦੇ ਦੌਰੇ ਦੌਰਾਨ ਉਹ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਨਤਮਸਤਕ ਹੋਣਗੇ। ਮਹਾਤਮਾ ਗਾਂਧੀ ਦੇ ਜਨਮ ਦੀ 150ਵੀਂ ਵਰ੍ਹੇਗੰਢ ਮੌਕੇ ਹੋਣ ਵਾਲੇ ਸਮਾਗਮਾਂ ਦੀ ਸ਼ੁਰੂਆਤ ਮੌਕੇ ਇਹ ਉਨ੍ਹਾਂ ਦਾ ਪਹਿਲਾ ਭਾਰਤ ਦੌਰਾ ਹੋਵੇਗਾ। ਫ਼ਰਹਾਨ ਹੱਕ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸਕੱਤਰ ਜਨਰਲ ਪਹਿਲੀ ਅਕਤੂਬਰ ਨੂੰ ਨਵੀਂ ਦਿੱਲੀ ਪਹੁੰਚਣਗੇ। ਇਕ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਦੱਸਿਆ ਕਿ ਸ੍ਰੀ ਗੁਟੇਰੇਜ਼ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵੀ ਜਾਣਗੇ। ਉਨ੍ਹਾਂ ਕਿਹਾ ਕਿ ਉਹ ਨਿੱਜੀ ਤੌਰ 'ਤੇ ਸਿੱਖਾਂ ਦਾ ਸਭ ਤੋਂ ਮੁਕੱਦਸ ਅਸਥਾਨ ਦੇਖਣ ਜਾਣਾ ਚਾਹੁੰਦੇ ਹਨ। ਸੰਨ 1984 ਵਿੱਚ ਹੋਏ ਸਿੱਖ ਕਤਲੇਆਮ ਬਾਰੇ ਸਵਾਲਾਂ ਦਾ ਜਵਾਬ ਦਿੰਦਿਆਂ ਸ੍ਰੀ ਹੱਕ ਨੇ ਆਖਿਆ ਕਿ ਇਸ ਮੁੱਦੇ ਬਾਰੇ ਅਜੇ ਕੁਝ ਵੀ ਕਹਿਣਾ ਸਹੀ ਨਹੀਂ ਹੋਵੇਗਾ। ਪਹਿਲੀ ਅਕਤੂਬਰ ਨੂੰ ਸ੍ਰੀ ਗੁਟੇਰੇਜ਼ ਨਵੀਂ ਦਿੱਲੀ ਵਿੱਚ ਨਵੇਂ ਯੂਐਨ ਹਾਊਸ ਦਾ ਬਾਕਾਇਦਾ ਉਦਘਾਟਨ ਕਰਨਗੇ ਤੇ 2 ਅਕਤੂਬਰ ਨੂੰ ਉਹ ਮਹਾਤਮਾ ਗਾਂਧੀ ਕੌਮਾਂਤਰੀ ਸੈਨੀਟੇਸ਼ਨ ਕਨਵੈਨਸ਼ਨ ਦੇ ਸਮਾਪਤੀ ਸਮਾਰੋਹ ਵਿੱਚ ਸ਼ਿਰਕਤ ਕਰਨਗੇ। ਇਸ ਫੇਰੀ ਦੌਰਾਨ ਉਹ 3 ਅਕਤੂਬਰ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਸੁਸ਼ਮਾ ਸਵਰਾਜ ਨਾਲ ਮੁਲਾਕਾਤ ਕਰਨਗੇ। ਇਨ੍ਹਾਂ ਤੋਂ ਇਲਾਵਾ ਉਹ ਇੰਡੀਆ ਹੈਬੀਟੈਟ ਸੈਂਟਰ ਵਿੱਚ " ਆਲਮੀ ਚੁਣੌਤੀਆਂ ਤੇ ਆਲਮੀ ਸਮਾਧਾਨ" ਵਿਸ਼ੇ 'ਤੇ ਹੋਣ ਵਾਲੇ ਇਕ ਸੰਮੇਲਨ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਲੋਕ ਸਭਾ ਦੀ ਸਪੀਕਰ ਸੁਮਿਤਰਾ ਮਹਾਜਨ ਨੂੰ ਵੀ ਮਿਲਣਗੇ।

## ਕੈਪਟਨ ਸਰਕਾਰ ਹਰ ਫਰੰਟ ਉਤੇ ਬੁਰੀ ਤਰ੍ਹਾਂ ਫੇਲ੍ਹ

ਦਿੱਤੀ ਜਾਵੇਗੀ। ਨਵੇਂ ਫ਼ਾਰਮੂਲੇ 'ਚ 1.30 ਲੱਖ ਨੌਕਰੀ ਦਿੱਤੀ ਜਾਣੀ ਹੈ। ਨਵੇਂ ਬਣਨ ਵਾਲੇ ਬਿਊਰੋ ਨੂੰ ਇਹ ਕੰਮ ਸੌਂਪਿਆ ਜਾਣਾ ਹੈ। ਏਦਾਂ ਵੀ ਜਾਪਦਾ ਹੈ ਕਿ ਪੰਚਾਇਤੀ ਚੋਣਾਂ ਮਗਰੋਂ ਨਵੇਂ ਸਰਪੰਚ ਗ਼ਰੀਬ ਨੌਜਵਾਨਾਂ ਦੀ ਸ਼ਨਾਖ਼ਤ ਕਰਨਗੇ।

ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਹੈ ਕਿ ਉਹ ਬੇਰੁਜ਼ਗਾਰ ਨੌਜਵਾਨਾਂ ਨੂੰ ਰਜਿਸਟਰਡ ਕਰਨ। ਜੇਕਰ ਪੰਜਾਬ ਦੇ ਵਿਹੜੇ ਸੁੱਖ ਹੁੰਦੀ ਤਾਂ ਰਮਸਾ ਅਧਿਆਪਕਾਂ ਦਾ ਵਫ਼ਦ ਦਿੱਲੀ ਵਿੱਚ ਰਾਹੁਲ ਗਾਂਧੀ ਨੂੰ ਨਾ ਮਿਲਣ ਜਾਂਦਾ, ਜਿਨ੍ਹਾਂ ਨੂੰ ਚਾਰ ਮਹੀਨਿਆਂ ਤੋਂ ਤਨਖ਼ਾਹ ਨਹੀਂ ਮਿਲੀ। ਪੇਂਡੂ ਸਹਿਯੋਗੀ ਅਧਿਆਪਕਾਂ ਨੂੰ ਵੀ ਪੰਜ ਮਹੀਨੇ ਤੋਂ ਤਨਖ਼ਾਹ ਨਹੀਂ ਮਿਲੀ ਹੈ। ਇਕੱਲੇ ਸਰਕਾਰੀ ਸੈਕਟਰ ਨਹੀਂ ਬਲਕਿ ਪ੍ਰਾਈਵੇਟ ਸੈਕਟਰ 'ਚ ਵੀ ਸਭ ਦਰਵਾਜ਼ੇ ਬੰਦ ਹਨ। 'ਘਰ ਘਰ ਰੁਜ਼ਗਾਰ' ਪੁੱਜਦਾ ਤਾਂ ਬੇਰੁਜ਼ਗਾਰਾਂ ਨੇ ਟੈਂਕੀਆਂ 'ਤੇ ਨਹੀਂ ਚੜ੍ਹਨਾ ਸੀ। ਬਠਿੰਡਾ ਰਿਫ਼ਾਈਨਰੀ ਵੱਡਾ ਪ੍ਰਾਜੈਕਟ ਹੈ, ਜਿੱਥੇ ਪੰਜਾਬ ਦੇ ਨੌਜਵਾਨਾਂ ਅਤੇ ਖ਼ਾਸ ਕਰਕੇ ਸਾਬਕਾ ਫ਼ੌਜੀਆਂ ਨੂੰ ਸਿਰਫ਼ ਸਕਿਉਰਿਟੀ ਵਿੱਚ ਰੱਖਿਆ ਹੋਇਆ ਹੈ।

ਹੈਰਾਨੀ ਦੀ ਗੱਲ ਹੈ ਕਿ ਊਰਜਾ ਮੰਤਰੀ ਤਰਸ ਦੇ ਆਧਾਰ 'ਤੇ ਦਿੱਤੀਆਂ ਜਾਣ ਵਾਲੀਆਂ ਨੌਕਰੀਆਂ 'ਤੇ ਵੀ 'ਘਰ ਘਰ ਨੌਕਰੀ' ਦਾ ਠੱਪਾ ਲਾ ਰਹੇ ਹਨ। ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਨੌਜਵਾਨਾਂ ਦੇ ਕਾਂਗਰਸ ਨੇ ਫਾਰਮ ਭਰੇ ਸਨ। ਚੋਣ ਮਨੋਰਥ ਪੱਤਰ ਵਿੱਚ ਲੰਮੇ ਚੌੜੇ ਵਾਅਦੇ ਕੀਤੇ ਗਏ ਸਨ। ਪਿੰਡ ਵਣਾਂਵਾਲੀ ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਦਾ ਪ੍ਰਤੀਕਰਮ ਸੀ ਕਿ ਪਿੰਡਾਂ ਵਿੱਚ ਤਾਂ ਘਰ ਘਰ ਵਿਹਲੇ ਨੌਜਵਾਨ ਦੀ ਗਿਣਤੀ ਵਧੀ ਹੈ, ਘਟੀ ਨਹੀਂ। ਰੁਜ਼ਗਾਰ ਮਿਲਦਾ ਤਾਂ ਸ਼ਹਿਰਾਂ ਵਿੱਚ ਆਈਲੈਟਸ ਸੈਂਟਰਾਂ ਖੁੰਬਾਂ ਵਾਂਗੂ ਨਹੀਂ ਉੱਗਣੇ ਸਨ। ਨੌਜਵਾਨਾਂ ਨੂੰ ਚਾਰ ਚੁਫੇਰੇ ਭਵਿੱਖ ਧੁੰਦਲਾ ਦਿੱਖ ਰਿਹਾ ਹੈ।

ਕਾਂਗਰਸ ਨੇ ਤਾਂ ਨੌਜਵਾਨਾਂ ਨੂੰ 50 ਲੱਖ ਸਮਾਰਟ ਫ਼ੋਨ ਦੇਣ ਦਾ ਵਾਅਦਾ ਵੀ ਚੋਣਾਂ ਵੇਲੇ ਕੀਤਾ, ਜਿਸ ਤਹਿਤ ਕਰੀਬ 30 ਲੱਖ ਨੌਜਵਾਨ ਰਜਿਸਟਰਡ ਕੀਤੇ ਗਏ ਸਨ। ਕੈਪਟਨ ਸਰਕਾਰ ਨੇ ਸਮਾਰਟ ਫ਼ੋਨ ਦੇਣ ਲਈ 10 ਕਰੋੜ ਦਾ ਬਜਟ ਵੀ ਰੱਖਿਆ ਹੈ ਪਰ ਹਾਲੇ ਤੱਕ ਇਸ ਦੀ ਸੈਂਕਸ਼ਨ ਨਹੀਂ ਆਈ ਹੈ।

ਸੂਚਨਾ ਤਕਨਾਲੋਜੀ ਮਹਿਕਮੇ ਵੱਲੋਂ ਧੜਾਧੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਨੌਜਵਾਨ ਆਖਦੇ ਹਨ ਕਿ ਉਨ੍ਹਾਂ ਦੇ ਹੱਥ ਨਾ ਨੌਕਰੀ ਆਈ ਤੇ ਨਾ ਹੀ ਸਮਾਰਟ ਫ਼ੋਨ। ਪਹਿਲਾਂ ਗੱਠਜੋੜ ਸਰਕਾਰ ਨੇ ਵੀ ਜਵਾਨੀ ਨੂੰ ਲਾਰਿਆਂ ਵਿੱਚ ਰੱਖਿਆ ਜਿਸ ਦੇ ਨਤੀਜੇ ਵਜੋਂ ਨਸ਼ਿਆਂ ਨੇ ਜਵਾਨੀ ਨੂੰ ਕਲਾਵੇ ਵਿੱਚ ਲੈ ਲਿਆ।

ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਨੂੰ ਬੈਂਕਾਂ, ਸਹਿਕਾਰੀ ਸੁਸਾਇਟੀਆਂ, ਸ਼ਾਹੂਕਾਰਾਂ ਸਮੇਤ ਸਮੁੱਚਾ ਕਰਜ਼ਾ ਮੁਆਫ਼ ਕਰਨ ਦਾ ਭਰੋਸਾ ਦਿਵਾਇਆ ਸੀ, ਜੋ ਕਾਂਗਰਸ ਦੇ ਮੈਨੀਫੈਸਟੋ ਵਿੱਚ ਵੀ ਦਰਜ ਸੀ। ਸਰਕਾਰ ਬਣਨ 'ਤੇ ਇਹ ਕਰਜ਼ਾ ਸੰਸਥਾਗਤ ਕਰਜ਼ੇ ਤੱਕ ਸੀਮਿਤ ਹੋ ਗਿਆ।

ਸਰਕਾਰ ਨੇ ਸਾਲ 2018-19 ਦੌਰਾਨ ਮੁੜ ਵਾਅਦਾ ਕੀਤਾ ਅਤੇ ਬਜਟ ਵਿੱਚ 4200 ਕਰੋੜ ਰੁਪਏ ਰੱਖਣ ਦਾ ਐਲਾਨ ਕਰ ਦਿੱਤਾ। ਸਰਕਾਰ ਦੀ ਵਿੱਤੀ ਹਾਲਤ ਅਜਿਹੀ ਸੀ ਕਿ ਇਸ ਉੱਤੇ ਹੋਰ ਕਰਜ਼ਾ ਲੈਣ ਉੱਤੇ ਪਾਬੰਦੀ ਸੀ। ਇਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਬੂਹਾ ਖੜਕਾ ਕੇ ਕਰਜ਼ਾ ਲੈਣ ਦੀ ਛੋਟ ਦੀ ਮੰਗ ਕਰ ਆਏ ਸਨ, ਪਰ ਕੋਈ ਰਾਹਤ ਨਹੀਂ ਮਿਲੀ। ਸਰਕਾਰੀ ਸੂਤਰਾਂ ਅਨੁਸਾਰ 31 ਮਾਰਚ 2017 ਤੱਕ ਸਹਿਕਾਰੀ, ਕੌਮੀਕ੍ਰਿਤ ਤੇ ਪ੍ਰਾਈਵੇਟ ਬੈਂਕਾਂ ਦਾ ਕਿਸਾਨਾਂ ਸਿਰ ਕੁੱਲ ਕਰਜ਼ਾ 73 ਹਜ਼ਾਰ ਕਰੋੜ ਰੁਪਏ ਹੈ। ਇਸ ਵਿੱਚੋਂ 59,620 ਕਰੋੜ ਰੁਪਏ ਫ਼ਸਲੀ ਕਰਜ਼ਾ ਹੈ। ਸੀਮਾਂਤ ਕਿਸਾਨਾਂ (ਢਾਈ ਏਕੜ) ਵਾਲਿਆਂ ਦੇ 5,71,292 ਖਾਤੇ ਹਨ। ਇਨ੍ਹਾਂ ਸਿਰ ਕੁੱਲ ਫ਼ਸਲੀ ਕਰਜ਼ਾ 9845 ਕਰੋੜ ਰੁਪਏ ਦੇ ਕਰੀਬ ਹੈ। ਇਸੇ ਤਰ੍ਹਾਂ ਛੋਟੇ ਕਿਸਾਨ (ਪੰਜ ਏਕੜ ਤੱਕ) ਵਾਲਿਆਂ ਦੇ 8,15,822 ਬੈਂਕ ਖਾਤੇ ਹਨ ਅਤੇ ਇਨ੍ਹਾਂ ਸਿਰ ਕੁੱਲ ਫ਼ਸਲੀ ਕਰਜ਼ਾ 18,714 ਕਰੋੜ ਰੁਪਏ ਹੈ। ਇਸ ਤੋਂ ਵੱਧ ਜ਼ਮੀਨ ਵਾਲਿਆਂ ਦੇ 6,36,088 ਬੈਂਕ ਖਾਤੇ ਹਨ ਤੇ ਕਰਜ਼ਾ 310 61 ਕਰੋੜ ਰੁਪਏ ਹੈ।

ਖੇਤੀ ਅਰਥ ਵਿਵਸਥਾ ਨਾਲ ਜੁੜੇ ਮਜ਼ਦੂਰਾਂ ਦੀ ਹਾਲਤ ਕਿਸਾਨਾਂ ਨਾਲੋਂ ਵੀ ਮਾੜੀ ਹੈ, ਪਰ ਪੰਜਾਬ ਸਰਕਾਰ ਨੇ ਕਰਜ਼ਾ ਮੁਆਫ਼ੀ ਵਿੱਚ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਕੀਤਾ ਸੀ। ਇਹ ਮੁੱਦਾ ਉਭਰਨ ਤੋਂ ਬਾਅਦ ਕੈਪਟਨ ਅਮਰਿੰਦਰ ਸਿੰਘ ਦੀ ਅਪੀਲ 'ਤੇ ਪੰਜਾਬ ਵਿਧਾਨ ਸਭਾ ਦੀ ਇੱਕ ਕਮੇਟੀ ਬਣਾ ਦਿੱਤੀ ਗਈ। ਕਮੇਟੀ ਦੇ ਮੁਖੀ ਸੁਖਬਿੰਦਰ ਸਿੰਘ ਸੁੱਖ ਸਰਕਾਰੀਆ ਤਾਂ ਬਾਅਦ ਵਿੱਚ ਮੰਤਰੀ ਬਣ ਗਏ। ਇਸ ਵਿੱਚ ਤਿੰਨ ਕਾਂਗਰਸੀ, ਇੱਕ ਅਕਾਲੀ ਤੇ ਇੱਕ 'ਆਪ' ਵਿਧਾਇਕ ਸ਼ਾਮਲ ਸੀ। ਕਮੇਟੀ ਨੇ 69 ਸਿਫ਼ਾਰਸ਼ਾਂ ਵਾਲੀ ਰਿਪੋਰਟ ਮਾਰਚ 2018 ਦੇ ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਪੇਸ਼ ਕਰ ਦਿੱਤੀ, ਹਾਲਾਂਕਿ ਰਿਪੋਰਟ ਨੂੰ ਬਹੁਤ ਸਾਰੇ ਮਾਹਿਰਾਂ ਨੇ ਤਸੱਲੀਬਖ਼ਸ਼ ਨਹੀਂ ਕਿਹਾ, ਪਰ ਅਗਸਤ 20 18 ਦੇ ਵਿਧਾਨ ਸਭਾ ਦੇ ਸੈਸ਼ਨ ਤੋਂ ਪਹਿਲਾਂ ਜਾਂ ਸੈਸ਼ਨ ਦੌਰਾਨ ਸੂਬੇ ਦੀ ਕਿਸੇ ਪਾਰਟੀ ਜਾਂ ਇੱਕ ਵੀ ਵਿਧਾਇਕ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਨਾਲ ਜੁੜੀ ਇਸ ਰਿਪੋਰਟ 'ਤੇ ਵਿਚਾਰ ਕਰਨ ਦਾ ਸੁਆਲ ਤੱਕ ਨਹੀਂ ਉਠਾਇਆ।

ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਦੇ ਸਰਵੇਖਣ ਮੁਤਾਬਿਕ ਸਾਲ 2000 ਤੋਂ 2015-16 ਤੱਕ ਸੂਬੇ ਦੇ 16606 ਕਿਸਾਨਾਂ ਦੇ ਖ਼ੁਦਕੁਸ਼ੀ ਕਰਨ ਦੇ ਅੰਕੜੇ ਸਰਕਾਰ ਕੋਲ ਪੇਸ਼ ਕੀਤੇ ਗਏ ਹਨ। 17 ਜੁਲਾਈ 2015 ਨੂੰ ਜਾਰੀ ਖ਼ੁਦਕੁਸ਼ੀ ਪੀੜਤ ਰਾਹਤ ਨੀਤੀ, ਜਿਸ ਵਿੱਚ ਪੀੜਤ ਪਰਿਵਾਰ ਨੇ ਇੱਕ ਮਹੀਨੇ ਅੰਦਰ ਤਿੰਨ ਲੱਖ ਦੀ ਰਾਹਤ ਲਈ ਅਰਜ਼ੀ ਦੇਣੀ ਹੁੰਦੀ ਹੈ, ਨੂੰ ਤਿੰਨ ਮਹੀਨਿਆਂ ਅੰਦਰ ਰਾਹਤ ਦੇਣ ਦਾ ਸਰਕਾਰ ਨੇ ਵਾਅਦਾ ਕੀਤਾ ਹੈ, ਪਰ ਸਰਕਾਰ ਨੇ ਇਸ ਦਾ ਪ੍ਰਚਾਰ ਨਹੀਂ ਕੀਤਾ। ਬਹੁਤੇ ਪਰਿਵਾਰ ਸਮੇਂ ਸਿਰ ਅਰਜ਼ੀ ਨਹੀਂ ਦੇ ਸਕੇ।

ਪੰਜਾਬ ਸਰਕਾਰ ਦੀ ਨਸ਼ਿਆਂ ਵਿਰੋਧੀ ਮੁਹਿੰਮ ਅੰਕੜਿਆਂ ਦੀ ਖੇਡ ਤੱਕ ਸਿਮਟ ਗਈ ਹੈ। ਨਸ਼ਿਆਂ ਦੀ ਗ੍ਰਿਫ਼ਤ ਵਿੱਚ ਆਏ ਪੰਜਾਬ ਦੇ ਜਵਾਨਾਂ ਦਾ ਮੌਤ ਦੇ ਮੂੰਹ 'ਚ ਜਾਣਾ ਪਹਿਲਾਂ ਦੀ ਤਰ੍ਹਾਂ ਜਾਰੀ ਹੈ। ਪਰ ਸਰਕਾਰ ਵੱਲੋਂ ਹੈਰੋਇਨ, ਸਮੈਕ, ਅਫ਼ੀਮ, ਨਸ਼ੀਲੀਆਂ ਗੋਲੀਆਂ ਅਤੇ ਭੁੱਕੀ ਆਦਿ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਤੇ ਕੇਸਾਂ ਦੇ ਅੰਕੜਿਆਂ ਦੇ ਆਧਾਰ 'ਤੇ ਪੰਜਾਬ ਦੀ ਇਸ ਵੱਡੀ ਸਮੱਸਿਆ ਨੂੰ ਦੱਬਣ ਦੇ ਅਕਸਰ ਯਤਨ ਕੀਤੇ ਜਾਂਦੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਨਸ਼ਿਆਂ ਦੀ ਤਸਕਰੀ ਰੋਕਣ ਲਈ ਬਣਾਈ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੀ ਵੱਡੀ ਮੱਛੀ ਨੂੰ ਹੱਥ ਪਾਉਣ ਵਿੱਚ ਕਾਮਯਾਬ ਨਾ ਹੋ ਸਕੀ। ਸਰਕਾਰ ਵੱਲੋਂ ਐੱਸਟੀਐੱਫ ਦੇ ਗਠਨ ਨੂੰ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ ਵਿੱਚ ਤਾਂ ਮੰਨਿਆ ਜਾਂਦਾ ਸੀ ਪਰ ਤਸਕਰੀ ਰੋਕਣ ਲਈ ਬਣਾਏ ਇਸ ਵਿੰਗ ਨੂੰ ਮੁੱਖ ਮੰਤਰੀ ਵੱਲੋਂ ਵੱਡੀ ਮਾਨਤਾ ਨਹੀਂ ਦਿੱਤੀ ਗਈ। ਇਹੀ ਕਾਰਨ ਹੈ ਕਿ ਪੁਲੀਸ ਦਾ ਇਹ ਵਿਸ਼ੇਸ਼ ਵਿੰਗ ਵੀ ਵੱਡੇ ਪੁਲੀਸ ਅਧਿਕਾਰੀਆਂ ਦੀ ਹਾਊਮੈ ਦੀ ਭੇਟ ਚੜ੍ਹ ਕੇ ਰਹਿ ਗਿਆ। ਕੈਪਟਨ ਅਮਰਿੰਦਰ ਸਿੰਘ ਨੇ ਬਠਿੰਡਾ ਵਿੱਚ ਕੀਤੀ ਇੱਕ ਵੱਡੀ ਜਨਤਕ ਰੈਲੀ ਦੌਰਾਨ 'ਪਵਿੱਤਰ ਗੁਟਕਾ ਸਾਹਿਬ' ਹੱਥ ਵਿੱਚ ਫੜ ਕੇ ਸਹੁੰ ਖਾਧੀ ਸੀ ਕਿ ਕਾਂਗਰਸ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਨਸ਼ਿਆਂ ਨੂੰ ਪੰਜਾਬ ਵਿੱਚ 4 ਹਫ਼ਤਿਆਂ 'ਚ ਕਾਬੂ ਪਾ ਲਵੇਗੀ। ਮੁੱਖ ਮੰਤਰੀ ਵਜੋਂ ਕੈਪਟਨ ਅਮਰਿੰਦਰ ਸਿੰਘ ਨੂੰ ਸੱਤਾ ਸੰਭਾਲਿਆਂ 78 ਹਫ਼ਤਿਆਂ (ਡੇਢ ਸਾਲ) ਤੋਂ ਵੱਧ ਦਾ ਸਮਾਂ ਹੋ ਗਿਆ ਹੈ ਪਰ ਪੰਜਾਬ ਦਾ ਨਸ਼ਿਆਂ ਤੋਂ ਖਹਿੜਾ ਨਹੀਂ ਛੁੱਟਿਆ।

ਸੂਬੇ ਵਿੱਚ ਅਕਾਲੀ ਭਾਜਪਾ ਸ਼ਾਸਨ ਦੇ ਸਮੇਂ ਇਹ ਮੁੱਦਾ ਜ਼ਿਆਦਾ ਸੁਰਖ਼ੀਆਂ ਵਿੱਚ ਆਇਆ ਸੀ। ਉਸ ਸਮੇਂ ਨਸ਼ਿਆਂ ਕਾਰਨ ਮੌਤਾਂ ਵੀ ਬਹੁਤ ਜ਼ਿਆਦਾ ਹੋਈਆਂ ਸਨ। ਜੇਕਰ ਪਿਛਲੇ ਸਾਢੇ ਚਾਰ ਸਾਲਾਂ ਦੇ ਅੰਕੜਿਆਂ 'ਤੇ ਝਾਤ ਮਾਰੀ ਜਾਵੇ ਤਾਂ 570 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਸਾਲ 20 14 ਦੌਰਾਨ 186 ਮੌਤਾਂ ਹੋਈਆਂ, 2015 ਦੌਰਾਨ 144, 20 16 ਦੌਰਾਨ 138, 2017 ਦੌਰਾਨ 11 ਅਤੇ 2018 ਦੌਰਾਨ 16 ਸਤੰਬਰ ਤੱਕ 91 ਮੌਤਾਂ ਹੋ ਚੁੱਕੀਆਂ ਹਨ। ਇਹ ਅੰਕੜੇ ਪੁਲੀਸ ਦੇ ਹਨ ਜਦੋਂਕਿ ਗੈਰ ਸਰਕਾਰੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਇਸ ਸਾਲ ਦੌਰਾਨ ਹੀ 200 ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਨਸ਼ਿਆਂ ਕਾਰਨ ਸਭ ਤੋਂ ਵੱਧ ਮੌਤਾਂ ਲੁਧਿਆਣਾ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਵਿੱਚ ਹੋ ਰਹੀਆਂ ਹਨ। ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਸਮੱਸਿਆ ਜ਼ਿਆਦਾ ਭਿਆਨਕ ਸੀ। ਪੰਜਾਬ ਦੇ ਬਦਲੇ ਹੋਏ ਰਾਜਸੀ ਮਾਹੌਲ ਵਿੱਚ ਜਦੋਂ ਧਾਰਮਿਕ ਤੇ ਸਿਆਸੀ ਮੁੱਦੇ ਭਾਰੂ ਹੋ ਗਏ ਅਤੇ ਇਹ ਮਾਮਲਾ ਭਾਵੇਂ ਸੁਰਖ਼ੀਆਂ ਵਿੱਚ ਨਹੀਂ ਪਰ ਇਹ ਤੱਥ ਵੀ ਸਾਹਮਣੇ ਆਉਂਦੇ ਹਨ ਕਿ ਸਰਕਾਰ ਦੀ ਬੇਧਿਆਨੀ ਕਾਰਨ ਇਸ ਭਿਆਨਕ ਬਿਮਾਰੀ ਦਾ ਪੱਕਾ ਹੱਲ ਨਹੀਂ ਹੋ ਸਕਿਆ। ਇਹ ਵੀ ਮਹਤੱਵਪੂਰਨ ਤੱਥ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਤਰਾਸਦੀ 'ਤੇ ਪਰਦਾ ਪਾਉਣ ਲਈ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿੱਚ ਦਰਜ ਐੱਫਆਈਆਰਜ਼ ਅਤੇ ਨਸ਼ੀਲੇ ਪਦਾਰਥਾਂ ਦੀ ਬਰਾਮਦਗੀ ਦੇ ਅੰਕੜੇ ਪੇਸ਼ ਕਰ ਦਿੱਤੇ ਜਾਂਦੇ ਹਨ। ਪੰਜਾਬ ਪੁਲੀਸ ਦਾ ਅੱਜ ਵੀ ਵਾਅਦਾ ਹੈ ਕਿ ਜੇਕਰ ਚਲੰਤ ਸਾਲ ਦੀ ਹੀ ਗੱਲ ਕਰੀਏ ਤਾਂ ਪਹਿਲੀ ਜਨਵਰੀ ਤੋਂ ਲੈ ਕੇ ਸਤੰਬਰ ਮਹੀਨੇ ਤੱਕ ਤਸਕਰੀ ਨਾਲ ਸਬੰਧਤ 8959 ਮਾਮਲੇ ਦਰਜ ਕੀਤੇ ਜਾ ਚੁੱਕੇ ਹਨ। ਇਨ੍ਹਾਂ ਮਾਮਲਿਆਂ ਵਿੱਚ 10,428 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜ਼ਿਕਰਯੋਗ ਹੈ ਕਿ ਅਕਾਲੀ ਭਾਜਪਾ ਸਰਕਾਰ ਸਮੇਂ ਜਦੋਂ ਕਦੇ ਸਰਕਾਰ ਨਸ਼ਿਆਂ ਦੀ ਤਸਕਰੀ ਦੇ ਮਾਮਲੇ ਵਿੱਚ ਘਿਰੀ ਮਹਿਸੂਸ ਕਰ ਰਹੀ ਹੁੰਦੀ ਸੀ, ਤਾਂ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਇਸੇ ਤਰ੍ਹਾਂ ਦੇ ਤੱਥ ਪੇਸ਼ ਕਰਦਿਆਂ ਤਸਕਰ ਫੜਨ ਤੇ ਬਰਾਮਦਗੀ ਵਿੱਚ ਕਾਮਯਾਬੀ ਦੇ ਝੰਡੇ ਗੱਡਣ ਦੇ ਦਾਅਵੇ ਕੀਤੇ ਜਾਂਦੇ ਸਨ। ਪੰਜਾਬ ਦੇ ਲੋਕਾਂ ਵਿੱਚ ਇਹ ਆਮ ਪ੍ਰਭਾਵ ਪਾਇਆ ਜਾਂਦਾ ਹੈ ਕਿ ਨਸ਼ਿਆਂ ਦੀ ਤਸਕਰੀ ਅਤੇ ਹੋਰਨਾਂ ਗੈਰ ਕਾਨੂੰਨੀ ਕੰਮਾਂ ਦੇ ਮਾਮਲਿਆਂ ਵਿੱਚ ਸਿਆਸਤਦਾਨਾਂ, ਪੁਲੀਸ ਅਤੇ ਤਸਕਰੀ ਜਾਂ ਅਪਰਾਧੀਆਂ ਦਰਮਿਆਨ ਇੱਕ ਗੱਠਜੋੜ ਬਣਿਆ ਹੋਇਆ ਹੈ। ਪੁਲੀਸ, ਸਿਆਸਤਦਾਨਾਂ ਅਤੇ ਤਸਕਰਾਂ ਦੇ ਇਸ ਗੱਠਜੋੜ ਨੂੰ ਤੋੜਨ ਲਈ ਕੈਪਟਨ ਸਰਕਾਰ ਵਿੱਚ ਇੱਛਾ ਸ਼ਕਤੀ ਦੀ ਘਾਟ ਮਹਿਸੂਸ ਹੋਣ ਲੱਗੀ ਹੈ। ਕਪਤਾਨੀ ਹਕੂਮਤ ਦੇ ਪਹਿਲੇ ਸਾਲ ਦੌਰਾਨ ਪੁਲੀਸ ਵਿਭਾਗ ਵਿੱਚ ਸਭ ਤੋਂ ਵੱਡੀ ਘਟਨਾ ਇੰਸਪੈਕਟਰ ਇੰਦਰਜੀਤ ਸਿੰਘ ਨੂੰ ਨਸ਼ਿਆਂ ਦੀ ਤਸਕਰੀ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕਰਨ ਦੀ ਹੈ। ਮੋਗਾ ਜ਼ਿਲ੍ਹੇ ਦੇ ਸਾਬਕਾ ਐੱਸਐੱਸਪੀ ਰਾਜਜੀਤ ਸਿੰਘ, ਜਿਸ ਉਪਰ ਇੰਦਰਜੀਤ ਸਿੰਘ ਨੂੰ ਸਰਪ੍ਰਸਤੀ ਦੇਣ ਦੇ ਦੋਸ਼ ਲੱਗੇ ਸਨ, ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਵਧੀਕ ਡੀਜੀਪੀ ਰੈਂਕ ਦੇ ਹੀ ਇੱਕ ਅਧਿਕਾਰੀ ਖ਼ਿਲਾਫ਼ ਰਿੱਟ ਪਾਉਣ ਨੇ ਅਨੁਸਾਸ਼ਨਬੱਧ ਫੋਰਸ ਦਾ ਇੱਕ ਨਵਾਂ ਕਿਰਦਾਰ ਸਾਹਮਣੇ ਲਿਆਂਦਾ ਹੈ। ਇਸ ਤੋਂ ਬਾਅਦ ਪੁਲੀਸ ਪੂਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੋਈ ਪਈ ਹੈ।

## ਦਿੱਲੀ ਸਿੱਖ ਕਤਲੇਆਮ ਦੀ ਇਕ ਹੋਰ ਗਵਾਹ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ

ਗੁਜ਼ਾਰਾ ਕਰਦੀ ਹੈ। ਉਹ ਤਿਲਕ ਵਿਹਾਰ ਵਿੱਚ ਰਹਿੰਦੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਮੁਤਾਬਕ ਪਹਿਲਾਂ ਨਵੰਬਰ 1984 ਦੇ ਸਿੱਖ ਕਤਲੇਆਮ ਨਾਲ ਜੁੜੇ ਮੁਕੱਦਮਿਆਂ ਦੇ ਗਵਾਹਾਂ ਨੂੰ ਸਰਕਾਰੀ ਸੁਰੱਖਿਆ ਮਿਲੀ ਹੋਈ ਸੀ, ਪਰ ਫਿਰ ਕੇਂਦਰ ਸਰਕਾਰ ਨੇ ਵਾਪਸ ਲੈ ਲਈ। ਬੀਤੇ ਸਮੇਂ ਤੋਂ ਦਿੱਲੀ ਕਮੇਟੀ ਵੱਲੋਂ ਉਨ੍ਹਾਂ ਨੂੰ ਟਾਸਕ ਫੋਰਸ ਦਿੱਤੀ ਹੋਈ ਹੈ। ਪੰਥਕ ਸੇਵਾ ਦਲ ਦੇ ਬੁਲਾਰੇ ਹਰਮਿੰਦਰ ਸਿੰਘ ਆਹਲੂਵਾਲੀਆ ਨੇ ਮੰਗ ਕੀਤੀ ਹੈ ਕਿ ਅਜਿਹੇ ਗਵਾਹਾਂ ਦੀ ਜਾਨ-ਮਾਲ ਦੀ ਸੁਰੱਖਿਆ ਪੰਥ ਮਿਲ ਕੇ ਕਰੇ ਤਾਂ ਕਿ ਉਹ ਬਿਨਾਂ ਡਰ ਦੇ ਆਪਣੀਆਂ ਗਵਾਹੀਆਂ ਮੁਕੰਮਲ ਕਰ ਸਕਣ। ਉਧਰ ਦਿੱਲੀ ਹਾਈ ਕੋਰਟ ਨੇ ਸੰਨ 1984 ਦੇ ਸਿੱਖ ਕਤਲੇਆਮ ਦੌਰਾਨ ਹਿੰਸਾ, ਘਰਾਂ ਦੀ ਸਾੜ ਫੂਕ ਤੇ ਕਰਫਿਊ ਦੀ ਉਲੰਘਣਾ ਕਰਨ ਦੇ ਦੋਸ਼ ਤਹਿਤ 80 ਤੋਂ ਵੱਧ ਲੋਕਾਂ, ਜਿਨ੍ਹਾਂ ਨੂੰ ਪੰਜ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਸੀ, ਦੀਆਂ 22 ਸਾਲ ਪੁਰਾਣੀਆਂ ਅਪੀਲਾਂ 'ਤੇ ਜਿਰਾਹ ਮੁਕੰਮਲ ਹੋਣ ਮਗਰੋਂ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਜਸਟਿਸ ਆਰ. ਕੇ.ਗਾਬਾ ਵੱਲੋਂ ਫ਼ੈਸਲਾ ਬਾਅਦ ਵਿੱਚ ਸੁਣਾਇਆ ਜਾਵੇਗਾ।

## ਸਿੰਘਾਂ ਵੱਲੋਂ ਭੂਤਰੇ ਨਿਸ਼ਾਂਤ ਦਾ ਜੇਲ੍ਹ ਵਿਚ ਕੁਟਾਪਾ

ਇਸ ਤੋਂ ਬਾਅਦ ਨਿਸ਼ਾਂਤ 'ਤੇ ਲੋਹੇ ਦੇ ਖੁਰਚਣੇ ਅਤੇ ਤਿੱਖੇ ਕੀਤੇ ਚਮਚੇ ਨਾਲ ਹਮਲਾ ਕਰ ਦਿੱਤਾ। ਜਾਣਕਾਰੀ ਅਨੁਸਾਰ ਜਿਸ ਸਮੇਂ ਸਿੰਘਾਂ ਨੇ ਨਿਸ਼ਾਂਤ ਸ਼ਰਮਾ 'ਤੇ ਹਮਲਾ ਕੀਤਾ ਉਸ ਸਮੇਂ ਉਹ ਇਹ ਵਾਰ-ਵਾਰ ਕਹਿ ਰਹੇ ਸਨ ਕਿ "ਤੂੰ ਅੱਗੇ ਤੋਂ ਭਾਈ ਵੀ ਹਵਾਰੇ ਨੂੰ ਗਾਲ੍ਹਾਂ ਕੱਢੇਗਾ ?"

ਸ਼ਿਵ ਸੈਨਾ ਆਗੂ ਨੂੰ ਜ਼ਖ਼ਮੀ ਹਾਲਤ ਵਿਚ ਜੇਲ੍ਹ ਪ੍ਰਸ਼ਾਸਨ ਵੱਲੋਂ ਸਿਵਲ ਹਸਪਤਾਲ ਰੂਪਨਗਰ ਵਿਚ ਲਿਆਂਦਾ ਗਿਆ ਜਿੱਥੋਂ ਇਲਾਜ ਤੋਂ ਬਾਅਦ ਉਸ ਨੂੰ ਵਾਪਸ ਜੇਲ੍ਹ ਲਿਆਂਦਾ ਗਿਆ। ਬਾਅਦ ਵਿਚ ਉਸ ਨੂੰ ਪਠਾਨਕੋਟ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।ਚਸ਼ਮਦੀਦਾਂ ਅਨੁਸਾਰ ਹਸਪਤਾਲ ਵਿਚ ਸ਼ਿਵ ਸੈਨਾ ਪ੍ਰਧਾਨ ਨਿਸ਼ਾਂਤ ਸ਼ਰਮਾ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਸੋਮਵਾਰ ਨੂੰ ਹੀ ਰੂਪਨਗਰ ਦੀ ਅਦਾਲਤ ਨੇ ਨਿਸ਼ਾਂਤ ਸ਼ਰਮਾ ਨੂੰ ਧੋਖਾਧੜੀ ਦੇ ਕੇਸ ਵਿੱਚ 4 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਰੂਪਨਗਰ ਜੇਲ੍ਹ ਭੇਜਿਆ ਗਿਆ ਸੀ। ਇਸੇ ਦੌਰਾਨ ਸੂਤਰਾਂ ਅਨੁਸਾਰ ਪੁਲੀਸ ਵੱਲੋਂ ਜੇਲ੍ਹ ਪ੍ਰਸ਼ਾਸਨ ਨੂੰ ਨਿਸ਼ਾਂਤ ਸ਼ਰਮਾ 'ਤੇ ਹਮਲਾ ਹੋਣ ਦੇ ਖਦਸ਼ੇ ਬਾਰੇ ਪਹਿਲਾਂ ਹੀ ਜਾਣੂ ਕਰਵਾ ਦਿੱਤਾ ਗਿਆ ਸੀ ਪਰੰਤੂ ਜੇਲ੍ਹ ਪ੍ਰਸ਼ਾਸਨ ਨੇ ਕਥਿਤ ਤੌਰ 'ਤੇ ਇਸ ਨੂੰ ਗੰਭੀਰਤਾ ਨਾਲ ਨਹੀਂ ਲਿਆ। ਜ਼ਿਕਰਯੋਗ ਹੈ ਕਿ ਨਿਸ਼ਾਂਤ ਸ਼ਰਮਾ ਨੇ ਬੱਬਰ ਖਾਲਸਾ ਮੁਖੀ ਕਾਰਕੁਨ ਭਾਈ ਜਗਤਾਰ ਸਿੰਘ ਹਵਾਰਾ 'ਤੇ ਚੰਡੀਗੜ੍ਹ ਵਿਚ ਅਦਾਲਤੀ ਪੇਸ਼ੀ ਸਮੇਂ ਵੀ ਹਮਲਾ ਕੀਤਾ ਸੀ। ਇਸ ਨੂੰ ਚੰਡੀਗੜ੍ਹ ਅਦਾਲਤ ਦੇ ਬਾਹਰ ਭਾਈ ਜਗਤਾਰ ਸਿੰਘ ਹਵਾਰਾ ਨੇ ਕਰਾਰਾ ਥੱਪੜ ਜੜ੍ਹਿਆ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ ਵਿਚ ਛਾਈ ਰਹੀ ਸੀ।

ਰੂਪਨਗਰ ਸਿਟੀ ਥਾਣੇ ਦੇ ਮੁਖੀ ਸੰਨੀ ਖੰਨਾ ਨੇ ਦੱਸਿਆ ਕਿ ਪੁਲੀਸ ਨੇ ਰਮਨਦੀਪ ਸਿੰਘ ਬੱਗਾ , ਬਹਾਦਰ ਸਿੰਘ ਅਤੇ ਬਾਲਪ੍ਰੀਤ ਤੋਂ ਇਲਾਵਾ ਜੇਲ੍ਹ ਮੁਲਾਜ਼ਮਾਂ ਹੈੱਡ ਵਾਰਡਰ ਮਲਕੀਤ ਸਿੰਘ, ਵਾਰਡਰ ਸੋਢੀ ਰਾਮ ਅਤੇ ਕਸ਼ਮੀਰ ਸਿੰਘ ਵਿਰੁੱਧ ਭਾਰਤੀ ਦੰਡਾਵਲ਼ੀ ਦੀ ਧਾਰਾ 307, 120-ਬੀ ਅਧੀਨ ਕੇਸ ਦਰਜ ਕਰ ਲਿਆ ਹੈ।

ਜੇਲ੍ਹ ਸੁਪਰਡੈਂਟ ਬਲਜੀਤ ਸਿੰਘ ਵੈਦ ਨੇ ਦੱਸਿਆ ਕਿ ਨਿਸ਼ਾਂਤ ਸ਼ਰਮਾ ਨੂੰ ਹਮਲੇ ਦੇ ਖਤਰੇ ਨੂੰ ਵੇਖਦਿਆਂ ਚੱਕੀ ਵਿੱਚ ਰੱਖਿਆ ਗਿਆ ਸੀ ਪਰੰਤੂ ਉਸ 'ਤੇ ਹਮਲਾ ਮੁਲਾਜ਼ਮਾਂ ਦੀ ਅਣਗਹਿਲੀ ਕਾਰਨ ਹੋਇਆ ਹੈ ਜਿਸ ਕਾਰਨ ਹੈੱਡ ਵਾਰਡਰ ਮਲਕੀਤ ਸਿੰਘ,ਵਾਰਡਰ ਸੋਢੀ ਰਾਮ ਅਤੇ ਕਸ਼ਮੀਰ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

# Valley Real Estate Center

**Better Deal Will be given from New Builders to Book New home in Mountain House, Tracy, Manteca and Lathrop, livermore, Dublin ,Pleasanpon and Fremont**

**For agriculture and almond Farm, office building, Farm House and for Truck Yard in Tracy Manteca**

ਮਾਊਂਟੇਨ ਹਾਊਸ, ਟਰੇਸੀ, ਮਨਟੀਕਾ ਅਤੇ ਲੈਥਰੋਪ, ਲਿਵਰਮੋਰ, ਡੁਬਲਿਨ, ਪਲੀਸਨਪੌਨ ਅਤੇ ਫਰੀਮਾਂਟ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।













**ਇਹ ਆਲੀਸ਼ਾਨ ਘਰ ਵਿਕਾਊ ਹੈ**

Lot Size 4770 Sq. Ft, Year Built 2009, Property type 1 House on lot attached, Community Mountain House, County San joaquin
637 Esplanade Dr. Mountain House, CA 95391,
Price $ 640,000, Beds 4, Baths 3, 2695 Sq. Ft.

## Priti Singh (925) 999-0823

CA BRE Licence #02024721 info@pritisingh.com

## RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ



100% CUSTOMER SATISFACTION GUARANTEED

25 YEAR WARRANTY



ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

info@singhsolar.com

SUNPREME
Premium Bifacial Thin Film Solar

Satnam Singh Khalsa
510-706-1300






Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM